3-MAR-PAGE-2.qxd 3/2/2024 11:22 PM Page 1



GOVT. OF PUNJAB

# ਸਰਕਾਰ ਵਪਾਰ ਮਿਲਣੀ

## ਪੰਜਾਬ ਸਰਕਾਰ

ਮੁੱਖ ਮੰਤਰੀ

## ਭਗਵੰਤ ਸਿੰਘ ਮਾਨ

ਦੀ ਅਗਵਾਈ ਹੇਠ

**ਸਾਡੇ ਵਿਕਾਸ ਦੇ ਇੰਜਣਾਂ-ਉਦਯੋਗ ਅਤੇ ਵਪਾਰ ਲਈ ਯਕੀਨੀ ਬਣਾ ਰਹੀ ਹੈ ਸੁਖਾਵਾਂ ਮਾਹੌਲ**

ਮੁੱਖ ਮਹਿਮਾਨ

## ਸ੍ਰੀ ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ, ਦਿੱਲੀ

**3 ਮਾਰਚ, 2024**

ਹੋਟਲ ਰੈਡੀਸਨ ਬਲੂ,
ਫਿਰੋਜ਼ਪੁਰ ਰੋਡ, ਲੁਧਿਆਣਾ

ਹੋਟਲ ਤਾਜ ਸਵਰਨ, ਅੰਮ੍ਰਿਤਸਰ



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

3-MAR-PAGE-1.qxd 3/2/2024 11:12 PM Page 1

ਐਤਵਾਰ, 3 ਮਾਰਚ, 2024

20 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 273

# ਨਵਾਂ ਜ਼ਮਾਨਾ

DAILY NAWAN ZAMANA • SUNDAY, 3 MARCH, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 10+6=16

### ਭਾਜਪਾ 'ਚ ਸਭ ਠੀਕ ਨਹੀਂ

# 'ਕਮਲ' ਦੇ ਪੱਤੇ ਝੜਨ ਲੱਗੇ

**ਨਵੀਂ ਦਿੱਲੀ** : ਹੁਣ ਜਦੋਂ ਭਾਜਪਾ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ ਹੋ ਗਈ ਤਾਂ ਪਾਰਟੀ ਦੇ ਵੱਡੇ ਚਿਹਰੇ ਚੋਣ ਰਾਜਨੀਤੀ ਤੋਂ ਦੂਰੀ ਬਣਾ ਰਹੇ ਹਨ। ਭਾਜਪਾ ਕਈ ਨਵੇਂ ਨੇਤਾਵਾਂ ਨੂੰ ਟਿਕਟ ਦੇਣ 'ਤੇ ਵਿਚਾਰ ਕੀਤਾ ਹੈ। ਟਿਕਟ ਕੱਟੇ ਜਾਣ ਤੋਂ ਪਹਿਲਾ ਪੂਰਬੀ ਦਿੱਲੀ ਤੋਂ ਭਾਜਪਾ ਸਾਂਸਦ ਕ੍ਰਿਕਟਰ ਗੌਤਮ ਗੰਭੀਰ ਨੇ ਰਾਜਨੀਤੀ ਨੂੰ ਅਲਵਿਦਾ ਕਹਿ ਦਿੱਤਾ ਹੈ। ਪਾਰਟੀ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਉਨ੍ਹਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਜੇ ਪੀ ਨੱਢਾ ਨੂੰ ਪੱਤਰ ਲਿਖ ਕੇ ਆਪਣੇ ਫੈਸਲੇ ਬਾਰੇ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਗੰਭੀਰ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਆਪਣੇ ਫੈਸਲੇ ਦੀ ਜਾਣਕਾਰੀ ਦਿੱਤੀ। ਸਾਲ 2019 'ਚ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਸਾਂਸਦ ਬਣੇ ਗੌਤਮ ਗੰਭੀਰ ਰਾਜਨੀਤੀ 'ਚ ਆਏ ਸਨ। ਅਕਸਰ ਪਾਰਟੀ ਵੱਲੋਂ ਚਲਾਏ ਅਭਿਆਨਾਂ ਅਤੇ ਧਰਨਿਆਂ-ਪ੍ਰਦਰਸ਼ਨਾਂ 'ਚ ਸ਼ਾਮਲ ਨਹੀਂ ਹੁੰਦੇ ਸਨ। ਇੱਥੋਂ ਤੱਕ ਕਿ ਸਥਾਨਕ ਪੱਧਰ 'ਤੇ ਪਾਰਟੀ ਦੇ ਹੋਰ ਨੇਤਾਵਾਂ ਨਾਲ ਉਨ੍ਹਾ ਦੇ ਮਤਭੇਦ ਸਨ, ਜਿਸ ਨਾਲ ਸਿਖਰਲੇ ਨੇਤਾ ਵੀ ਉਹਨਾ ਤੋਂ ਨਾਰਾਜ਼ ਸਨ। ਲਗਾਤਾਰ ਮਿਲ ਰਹੀਆਂ

**ਗੰਭੀਰ ਤੇ ਸਿਨਹਾ ਵੱਲੋਂ ਅਸਤੀਫ਼ੇ**



ਸ਼ਿਕਾਇਤਾਂ ਅਤੇ ਉਨ੍ਹਾ ਦੀ ਬੇਹੱਦ ਘੱਟ ਸਰਗਰਮੀ ਵਿਚਾਲੇ ਪਾਰਟੀ ਨੇ ਅਗਾਊਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੂਰਬੀ ਦਿੱਲੀ ਤੋਂ ਗੰਭੀਰ ਦਾ ਟਿਕਟ ਕੱਟ ਕੇ ਨਵੇਂ ਉਮੀਦਵਾਰ ਨੂੰ ਮੈਦਾਨ 'ਚ ਉਤਾਰਨ ਦਾ ਮਨ ਬਣਾ ਲਿਆ ਹੈ। ਇਸ ਦੇ ਨਤੀਜੇ ਵਜੋਂ ਦਿੱਲੀ ਭਾਜਪਾ ਵੱਲੋਂ ਕੇਂਦਰੀ ਚੋਣ ਕਮੇਟੀ ਨੂੰ ਪੂਰਬੀ ਦਿੱਲੀ ਸੀਟ ਲਈ ਪ੍ਰਦੇਸ਼ ਪ੍ਰਧਾਨ ਵਰਿੰਦਰ ਸਚਦੇਵਾ ਅਤੇ ਪ੍ਰਦੇਸ਼ ਇਕਾਈ 'ਚ ਮਹਾਂ ਮੰਤਰੀ ਹਰਸ਼ ਮਲਹੋਤਰਾ ਦਾ ਨਾਂਅ ਪੇਸ਼ ਕੀਤਾ ਹੈ।

ਇਸੇ ਦੌਰਾਨ ਸਾਬਕਾ ਮੰਤਰੀ ਅਤੇ ਹਜ਼ਾਰੀਬਾਗ (ਝਾਰਖੰਡ) ਤੋਂ ਭਾਜਪਾ ਸਾਂਸਦ ਜੈਅੰਤ ਸਿਨਹਾ ਨੇ ਅਗਾਊਂ ਲੋਕ ਸਭਾ ਚੋਣਾਂ ਨਾ ਲੜਨ ਦੀ ਇੱਛਾ ਪ੍ਰਗਟਾਈ ਅਤੇ ਕਿਹਾ ਕਿ ਉਹ ਆਪਣਾ ਪੂਰਾ ਧਿਆਨ ਭਾਰਤ ਅਤੇ ਪੂਰੀ ਦੁਨੀਆ 'ਚ ਜਲਵਾਯੂ ਪਰਿਵਰਤਨ ਦੀ ਸਮੱਸਿਆ ਨਾਲ ਨਜਿੱਠਣ 'ਤੇ ਕੇਂਦਰਤ ਕਰਨਾ ਚਾਹੁੰਦੇ ਹਨ। ਜੈਯੰਤ ਸਿਨਹਾ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ 'ਚ ਕੇਂਦਰੀ ਮੰਤਰੀ ਰਹੇ ਯਸ਼ਵੰਤ ਸਿਨਹਾ ਦੇ ਪੁੱਤਰ ਹਨ। ਯਸ਼ਵੰਤ ਸਿਨਹਾ ਫਿਲਹਾਲ ਟੀ ਐੱਮ ਸੀ 'ਚ ਹਨ। ਜੈਯੰਤ 2014 'ਚ ਪਹਿਲੀ ਵਾਰ ਲੋਕ ਸਭਾ ਚੋਣ ਲੜ ਕੇ ਸੰਸਦ ਪਹੁੰਚੇ ਸਨ। ਸਿਨਹਾ ਨੇ ਐੱਕਸ 'ਤੇ ਇੱਕ ਪੋਸਟ 'ਚ ਕਿਹਾ ਕਿ ਉਨ੍ਹਾ ਪਾਰਟੀ ਪ੍ਰਧਾਨ ਜੇ ਪੀ ਨੱਢਾ ਨੂੰ ਚੋਣ ਜ਼ਿੰਮੇਵਾਰੀਆਂ ਤੋਂ ਮੁਕਤ ਕਰਨ ਲਈ ਬੇਨਤੀ ਕੀਤੀ ਹੈ, ਤਾਂ ਕਿ ਮੈਂ ਭਾਰਤ ਅਤੇ ਦੁਨੀਆ ਭਰ ਦੇ ਵਿਸ਼ਵ ਵਾਤਾਵਰਣ ਪ੍ਰਵਰਤਣ ਨਾਲ ਨਜਿੱਠਣ 'ਤੇ ਧਿਆਨ ਕੇਂਦਰਤ ਕਰ ਸਕਾਂ। ਉਨ੍ਹਾ ਕਿਹਾ—ਮੈਂ ਆਰਥਕ ਅਤੇ ਸ਼ਾਸਨ ਸੰਬੰਧੀ ਮੁੱਦਿਆਂ 'ਤੇ ਪਾਰਟੀ ਨਾਲ ਕੰਮ ਕਰਨਾ ਜਾਰੀ ਰੱਖਾਂਗਾ। ਮੈਨੂੰ ਪਿਛਲੇ ਦਸ ਸਾਲਾਂ ਤੋਂ ਹਜ਼ਾਰੀਬਾਗ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ।

# 14 ਨੂੰ ਲੱਖਾਂ ਕਿਸਾਨ ਦਿੱਲੀ 'ਚ ਕਰਨਗੇ ਮਹਾਂ-ਪੰਚਾਇਤ : ਐੱਸ ਕੇ ਐੱਮ

**ਲੁਧਿਆਣਾ (ਐੱਮ ਐੱਸ ਭਾਟੀਆ)**

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ 37 ਜਥੇਬੰਦੀਆਂ ਦੀ ਅਹਿਮ ਮੀਟਿੰਗ ਲੁਧਿਆਣਾ ਦੇ ਕਰਨੈਲ ਸਿੰਘ ਈਸੜੂ ਭਵਨ ਵਿੱਚ ਹਰਿੰਦਰ ਸਿੰਘ ਲੱਖੋਵਾਲ, ਕਿਰਨਜੀਤ ਸਿੰਘ ਸੇਖੋਂ, ਬਿੰਦਰ ਸਿੰਘ ਗੋਲੇਵਾਲ, ਕਮਲਪ੍ਰੀਤ ਸਿੰਘ ਪੰਨੂੰ ਤੇ ਸੁੱਖ ਗਿੱਲ ਮੋਗਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜੁਗਿੰਦਰ ਸਿੰਘ ਉਗਰਾਹਾਂ ਨੇ ਵੀ ਭਾਗ ਲਿਆ। ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ 14 ਮਾਰਚ ਨੂੰ ਦਿੱਲੀ ਵਿੱਚ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ, ਉਸ ਸਬੰਧ ਵਿੱਚ ਚਰਚਾ ਕੀਤੀ ਗਈ ਤੇ ਪੂਰੇ ਦੇਸ਼ ਦੇ ਕਿਸਾਨਾਂ ਨੂੰ ਇਸ ਮਹਾਂਪੰਚਾਇਤ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ। ਮਹਾਂ ਪੰਚਾਇਤ ਦੀਆਂ ਤਿਆਰੀਆਂ ਸਬੰਧੀ 7 ਮਾਰਚ ਨੂੰ ਸਵੇਰੇ 11 ਵਜੇ ਦੇਸ਼ ਦੇ ਜ਼ਿਲ੍ਹਾ ਹੈੱਡਕੁਆਟਰਾਂ 'ਤੇ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਮੀਟਿੰਗਾਂ ਕਰਕੇ ਤਿਆਰੀਆਂ ਸਬੰਧੀ ਵਰਕਰਾਂ ਤੇ ਆਗੂਆਂ ਦੀਆਂ ਡਿਊਟੀਆਂ ਲਾਉਣਗੇ। ਆਗੂਆਂ ਨੇ ਕਿਹਾ ਕੇ 14 ਮਾਰਚ ਨੂੰ ਦਿੱਲੀ ਦੇ ਰਾਮਲੀਲ੍ਹਾ ਗਰਾਊਂਡ ਵਿੱਚ ਪੂਰੇ ਭਾਰਤ 'ਚੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਟ੍ਰੇਨਾਂ, ਬੱਸਾਂ ਤੇ ਗੱਡੀਆਂ ਰਾਹੀਂ ਇਸ ਮਹਾਂਪੰਚਾਇਤ ਵਿੱਚ ਭਾਗ ਲੈਣਗੇ। ਆਗੂਆਂ ਨੇ ਕਿਹਾ ਕੇ ਜੇ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਦੀ ਮਹਾਂਪੰਚਾਇਤ ਵਿੱਚ ਜਾਣੋ ਰੋਕਿਆ ਤਾਂ ਐੱਸ ਕੇ ਐੱਮ ਕੇਂਦਰ ਦੀ ਭਾਜਪਾ ਸਰਕਾਰ ਖਿਲਾਫ ਵੱਡਾ ਐਕਸ਼ਨ ਲਵੇਗਾ ਅਤੇ ਦੇਸ਼ ਭਰ 'ਚ ਚੋਣਾਂ ਮੌਕੇ ਜਾਂ 14 ਮਾਰਚ ਤੋਂ ਹੀ ਵੱਡਾ

**ਸ਼ੁਭਕਰਨ ਸਿੰਘ ਦੀ ਮੌਤ 'ਤੇ ਹੋਈ ਐੱਫ ਆਈ ਆਰ ਨੂੰ ਸਿਰੇ ਤੋਂ ਨਕਾਰਿਆ**



ਫੈਸਲਾ ਕਰਕੇ ਬੀਜੇਪੀ ਦੇ ਐੱਮ ਐੱਲ ਏ, ਐੱਮ ਪੀ ਤੇ ਜ਼ਿਲ੍ਹਾ ਆਗੂਆਂ ਦਾ ਡੱਟ ਕੇ ਵਿਰੋਧ ਕਰੇਗਾ ਅਤੇ ਚੋਣਾਂ ਵਿੱਚ ਬੀਜੇਪੀ ਦਾ ਬਾਈਕਾਟ ਕੀਤਾ ਜਾਵੇਗਾ।

ਐੱਸ ਕੇ ਐੱਮ ਨੇ ਕਿਹਾ ਕੇ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ 'ਤੇ ਜੋ ਜ਼ੀਰੋ ਐੱਫ ਆਈ ਆਰ ਦਰਜ ਕੀਤੀ ਗਈ ਹੈ, ਉਸ ਨੂੰ ਐੱਸ ਕੇ ਐੱਮ ਮੁੱਢ ਤੋਂ ਨਕਾਰਦਾ ਹੈ ਤੇ ਮੰਗ ਕਰਦਾ ਹੈ ਕਿ ਇਹ ਐੱਫ ਆਈ ਆਰ ਬਾਏਨੇਮ ਦੋਸ਼ੀਆਂ ਉੱਤੇ ਹੋਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਐੱਸ ਕੇ ਐੱਮ ਦੀ ਅਗਲੀ ਮੀਟਿੰਗ 11 ਮਾਰਚ ਨੂੰ ਲੁਧਿਆਣਾ ਵਿਖੇ ਕੀਤੀ ਜਾਵੇਗੀ ਤੇ ਉਸ ਮੀਟਿੰਗ ਵਿੱਚ ਕਿਸਾਨੀ ਮੰਗਾਂ ਤੇ 14 ਮਾਰਚ ਦੀ ਮਹਾਂਪੰਚਾਇਤ ਲਈ ਵੱਡੇ ਫੈਸਲੇ ਲੈ ਜਾਣਗੇ। ਇਸ ਮੀਟਿੰਗ ਵਿੱਚ ਬਲਬੀਰ ਸਿੰਘ ਰਾਜੇਵਾਲ, ਹਰਮੀਤ ਸਿੰਘ ਕਾਦੀਆਂ, ਬਲਦੇਵ ਸਿੰਘ ਨਿਹਾਲਗੜ੍ਹ, ਬੂਟਾ ਸਿੰਘ ਬੁਰਜ ਗਿੱਲ, ਬੋਘ ਸਿੰਘ ਮਾਨਸਾ, ਰੁਲਦੂ ਸਿੰਘ ਮਾਨਸਾ, ਹਰਬੰਸ ਸਿੰਘ ਸੰਘਾ, ਜੁਗਿੰਦਰ ਸਿੰਘ ਉਗਰਾਹਾਂ, ਹਰਨੇਕ ਸਿੰਘ ਮਹਿਮਾ, ਜਗਮਨਦੀਪ ਸਿੰਘ ਗੜੀ, ਰਾਜਵਿੰਦਰ ਕੌਰ ਰਾਜੂ, ਨਛੱਤਰ ਸਿੰਘ ਜੈਤੋਂ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਰਮਿੰਦਰ ਸਿੰਘ ਪਟਿਆਲਾ, ਡਾ. ਦਰਸ਼ਨਪਾਲ, ਡਾ. ਸਤਨਾਮ ਸਿੰਘ ਅਜਨਾਲਾ, ਜੰਗਵੀਰ ਸਿੰਘ ਚੌਹਾਨ, ਐਡਵੋਕੇਟ ਕਿਰਨਜੀਤ ਸਿੰਘ ਸੇਖੋਂ, ਹਰਿੰਦਰ ਸਿੰਘ ਲੱਖੋਵਾਲ, ਕਮਲਪ੍ਰੀਤ ਸਿੰਘ ਪੰਨੂੰ, ਬਿੰਦਰ ਸਿੰਘ ਗੋਲੇਵਾਲ, ਸੁੱਖ ਗਿੱਲ ਮੋਗਾ, ਪ੍ਰੇਮ ਸਿੰਘ ਭੰਗੂ, ਬਲਦੇਵ ਸਿੰਘ ਲਤਾਲਾ, ਗੁਰਮੀਤ ਸਿੰਘ ਮਹਿਮਾਂ, ਵੀਰਪਾਲ ਸਿੰਘ ਕਾਦੀਆਂ, ਝੰਡਾ ਸਿੰਘ ਜੇਠੂਕੇ, ਪ੍ਰਗਨ ਸਿੰਘ ਮੂਨਕ, ਦਵਿੰਦਰ ਸਿੰਘ ਮੱਲ੍ਹੀ ਨੰਗਲ, ਕੁਲਦੀਪ ਸਿੰਘ ਵਜੀਦਪੁਰ ਹਾਜ਼ਰ ਸਨ।

## ਭਾਰਤ ਘੁੰਮਣ ਆਈ ਸਪੇਨ ਦੀ ਮਹਿਲਾ ਨਾਲ ਗੈਂਗਰੇਪ

**ਰਾਂਚੀ** : ਵਿਦੇਸ਼ ਤੋਂ ਭਾਰਤ ਘੁੰਮਣ ਆਈ ਮਹਿਲਾ ਨਾਲ ਗੈਂਗਰੇਪ ਦੀ ਘਟਨਾ ਸਾਹਮਣੇ ਆਈ ਹੈ। ਮਹਿਲਾ ਆਪਣੇ ਪਤੀ ਦੇ ਨਾਲ ਝਾਰਖੰਡ ਦੇ ਦੁਮਕਾ ਪਹੁੰਚੀ ਸੀ। ਉਥੇ ਕਰੀਬ 8-10 ਸਿਰਫਿਰਿਆਂ ਨੇ ਇਹ ਘਟਨਾ ਕਰ ਦਿੱਤੀ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਪੀੜਤਾ ਖੁਦ ਆਪਣੇ ਪਤੀ ਨਾਲ ਮੋਟਰਸਾਈਕਲ ਚਲਾ ਕੇ ਇਲਾਜ ਲਈ ਹਸਪਤਾਲ ਪਹੁੰਚੀ। ਪੀੜਤਾ ਨੂੰ ਡਾਕਟਰਾਂ ਨੇ ਹਸਪਤਾਲ 'ਚ ਭਰਤੀ ਕਰ ਲਿਆ। ਜਾਣਕਾਰੀ ਅਨੁਸਾਰ ਇਹ ਮਾਮਲਾ ਹੰਸਡੀਹਾ ਥਾਣਾ ਖੇਤਰ ਦੇ ਕੁਰੁਮਾਹਟ ਦਾ ਹੈ। ਇਹ ਮਹਿਲਾ ਸਪੇਨ ਦੀ ਰਹਿਣ ਵਾਲੀ ਹੈ ਅਤੇ ਭਾਰਤ ਘੁੰਮਣ ਆਈ ਸੀ। ਮਹਿਲਾ ਨਾਲ ਉਸ ਦਾ ਪਤੀ ਵੀ ਸੀ। ਸਾਰੇ ਲੋਕ ਮੋਟਰਸਾਈਕਲ ਰਾਹੀਂ ਭਾਗਲਪੁਰ ਵੱਲ ਨਿਕਲੇ ਸਨ। ਮਹਿਲਾ ਜਦ ਟੈਂਟ 'ਚ ਸੀ, ਉਸੇ ਦੌਰਾਨ ਅੱਠ-ਦਸ ਲੋਕ ਉਥੇ ਪਹੁੰਚੇ ਅਤੇ ਮਹਿਲਾ ਨਾਲ ਬਲਾਤਕਾਰ ਕੀਤਾ।

## ਰਮੇਸ਼ਵਰਮ ਕੈਫੇ ਧਮਾਕਾ ਮਾਮਲਾ, ਚਾਰ ਹਿਰਾਸਤ 'ਚ

**ਬੈਂਗਲੁਰੂ** : ਕਰਨਾਟਕ ਦੇ ਬੈਂਗਲੁਰੂ 'ਚ ਸਥਿਤ ਰਮੇਸ਼ਵਰ ਕੈਫੇ 'ਚ ਹੋਏ ਧਮਾਕਿਆਂ ਨੂੰ ਲੈ ਕੇ ਸੂਬਾ ਸਰਕਾਰ ਅਤੇ ਪੁਲਸ ਐਕਸ਼ਨ 'ਚ ਹੈ। ਸ਼ਨੀਵਾਰ ਚਾਰ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ। ਪੁਲਸ ਸੂਤਰਾਂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੇਂਦਰੀ ਕ੍ਰਾਈਮ ਬਰਾਂਚ ਦੀਆਂ ਟੀਮਾ ਕਰ ਰਹੀਆਂ ਹਨ। ਇਸ ਟੀਮ ਨੇ ਧਾਰਾਵਾੜ, ਹੁਬਲੀ ਅਤੇ ਬੈਂਗਲੁਰੂ ਤੋਂ ਪੁੱਛਗਿੱਛ ਲਈ ਚਾਰ ਲੋਕਾਂ ਨੂੰ ਫੜਿਆ ਹੈ।

# ਨੌਜਵਾਨ ਦੇਸ਼ ਦੀ ਸਭ ਤੋਂ ਕੀਮਤੀ ਪੂੰਜੀ : ਭਗਵੰਤ ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਹਿੱਸੇਦਾਰ ਬਣਨ ਲਈ ਆਪਣੇ ਨਵੇਂ ਵਿਚਾਰਾਂ ਅਤੇ ਖੋਜਾਂ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ।ਇੱਥੇ ਟੀ ਆਈ ਈ ਸੀ ਓ ਐੱਨ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਹਮੇਸ਼ਾ ਨਵੇਂ ਵਿਚਾਰਾਂ ਅਤੇ ਕਾਢਾਂ ਦੇ ਹਮਾਇਤੀ ਰਹੇ ਹਨ ਅਤੇ ਆਮ ਆਦਮੀ ਨੂੰ ਵੱਧ ਅਖ਼ਤਿਆਰ ਦੇਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾ ਕਿਹਾ ਕਿ ਇਸ ਲਈ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਵਿੱਚ ਉੱਦਮੀ ਹੁਨਰ ਨੂੰ ਹੁਲਾਰਾ ਦੇਣ ਲਈ ਬਿਜ਼ਨਸ ਬਲਾਸਟਰਜ਼ ਸਕੀਮ ਸ਼ੁਰੂ ਕੀਤੀ ਗਈ ਹੈ ਮਾਨ ਨੇ ਕਿਹਾ ਕਿ ਨੌਜਵਾਨਾਂ ਦੇ ਕੈਰੀਅਰ ਲਈ ਮਾਰਗ-ਦਰਸ਼ਨ ਯਕੀਨੀ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ, ਜਿਸ ਨਾਲ ਉਨ੍ਹਾਂ ਨੂੰ ਵੱਡੇ ਪੱਧਰ 'ਤੇ



ਸਸ਼ਕਤ ਬਣਾਇਆ ਜਾ ਸਕੇ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੇ ਯੁੱਗ ਦੀ ਸ਼ੁਰੂਆਤ ਕਰਦਿਆਂ ਪੰਜਾਬ ਸਰਕਾਰ ਨੇ ਸੂਬੇ ਵਿੱਚ 'ਸਕੂਲ ਆਫ਼ ਐਮੀਨੈਂਸ' ਦੀ ਸਥਾਪਨਾ ਕੀਤੀ ਹੈ।ਉਨ੍ਹਾ ਕਿਹਾ ਕਿ ਇਹ ਹਾਈ-ਟੈੱਕ ਸਕੂਲ ਨੌਜਵਾਨਾਂ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹਨ, ਜਿਸ ਨਾਲ ਉਹ ਜੀਵਨ ਦੇ ਹਰ ਖੇਤਰ ਵਿੱਚ ਉੱਤਮਤਾ ਨੂੰ ਯਕੀਨੀ ਬਣਾਉਂਦੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਰਕਾਰੀ ਦਫ਼ਤਰਾਂ ਦੇ ਕੰਮਕਾਜ ਦੇ ਸਮੇਂ ਵਿੱਚ ਤਬਦੀਲੀ ਦਾ ਇਤਿਹਾਸਕ ਫੈਸਲਾ ਲਿਆ ਸੀ, ਜਿਸ ਨਾਲ 55 ਮੈਗਾਵਾਟ ਬਿਜਲੀ ਦੀ ਬੱਚਤ ਹੋਈ ਹੈ।

ਉਹਨਾ ਕਿਹਾ ਕਿ ਪੰਜਾਬ ਅਜਿਹਾ ਪਹਿਲਾ ਸੂਬਾ ਹੈ, ਜਿਸ ਨੇ ਉੱਦਮੀਆਂ ਨੂੰ ਆਪਣੇ ਯੂਨਿਟ ਸਥਾਪਤ ਕਰਨ ਲਈ ਹਰੇ ਰੰਗ ਦੇ ਸਟੈਂਪ ਪੇਪਰ ਜਾਰੀ ਕੀਤੇ ਹਨ, ਜਿਸ ਨਾਲ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਲੋੜੀਂਦਾ ਹੁਲਾਰਾ ਮਿਲੇਗਾ।ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਕਿਸੇ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ ਅਤੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਸਫ਼ਲਤਾ ਦੀ ਨਵੀਂ ਕਹਾਣੀ ਲਿਖਣ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।ਉਨ੍ਹਾ ਨੌਜਵਾਨਾਂ ਨੂੰ ਸੂਬੇ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ।

## ਸੋਸ਼ਲ ਮੀਡੀਆ 'ਤੇ ਵਿਕਰਮਾਦਿਤਿਆ ਨੇ ਬਦਲੀ 'ਪਛਾਣ'

**ਸ਼ਿਮਲਾ** : ਹਿਮਾਚਲ ਸਰਕਾਰ 'ਚ ਮੰਤਰੀ ਵਿਕਰਮਾਦਿਤਿਆ ਸਿੰਘ ਨੇ ਫੇਸਬੁਕ 'ਤੇ ਆਪਣੇ ਮੰਤਰੀ ਅਹੁਦੇ ਦੀ ਪਛਾਣ ਹਟਾ ਕੇ ਇੱਕ ਵਾਰ ਫਿਰ ਸੂਬੇ 'ਚ ਵੱਡਾ ਖੇਲਾ ਹੋਣ ਦੀਆਂ ਅਫਵਾਹਾਂ ਤੇਜ਼ ਕਰ ਦਿੱਤੀਆਂ। ਉਨ੍ਹਾ ਫੇਸਬੁਕ ਤੋਂ ਪੀ ਡਬਲਯੂ ਡੀ ਮੰਤਰੀ ਹਟਾ ਕੇ ਖੁਦ ਨੂੰ ਜਨਤਾ ਦਾ ਸੇਵਕ ਦੱਸਿਆ ਹੈ। ਇਸ 'ਤੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਜਦ ਇਸ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾ ਕਿਹਾ, 'ਮੈਂ ਫੇਸਬੁਕ, ਟਵਿਟਰ ਨਹੀਂ ਦੇਖਦਾ, ਮੈਨੂੰ ਨਹੀਂ ਪਤਾ ਵਿਕਰਮਾਦਿੱਤਿਆ ਨੇ ਕੀ ਹਟਾਇਆ। ਇਸ ਦੇ ਨਾਲ ਮੁੱਖ ਮੰਤਰੀ ਸੁੱਖੂ ਨੇ ਦਾਅਵਾ ਕੀਤਾ ਕਿ ਪਾਰਟੀ ਕਮਜ਼ੋਰ ਨਹੀਂ ਅਤੇ ਜਨਤਾ ਕਾਂਗਰਸ ਦੇ ਨਾਲ ਹੈ। ਹਿਮਾਚਲ ਦੇ ਸਿਆਸੀ ਸੰਕਟ 'ਤੇ ਗੱਲ ਕਰਦੇ ਹੋਏ ਉਨ੍ਹਾ ਕਿਹਾ ਕਿ ਕਿਸੇ ਦੀ ਇੱਛਾ ਰਹੀ ਹੋਵੇਗੀ ਮੰਤਰੀ ਬਣਨ ਦੀ, ਪਰ ਅਸੀਂ ਉਨ੍ਹਾ ਨੂੰ ਸੰਤੁਸ਼ਟ ਨਹੀਂ ਕਰ ਸਕੇ।'



## ਲੋਕਾਂ ਦਾ ਤਾਂਤਰਿਕਾਂ ਕੋਲ ਜਾਣਾ ਮੰਦਭਾਗਾ : ਬੰਬੇ ਹਾਈ ਕੋਰਟ

**ਮੁੰਬਈ** : ਬੰਬੇ ਹਾਈ ਕੋਰਟ ਨੇ ਜਿਨਸੀ ਪੀੜਤ ਮਾਮਲੇ 'ਚ ਇੱਕ ਤਾਂਤਰਿਕ ਖਿਲਾਫ਼ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਤਾਂਤਰਿਕਾਂ ਅਤੇ ਬਾਬਿਆਂ ਕੋਲ ਜਾਂਦੇ ਹਨ। ਇਹ ਇਸ ਸਮੇਂ ਦੀ ਇੱਕ ਮੰਦਭਾਗੀ ਸੱਚਾਈ ਹੈ। ਇਹ ਤਾਂਤਰਿਕ ਮਸਲਾ ਸੁਲਝਾਉਣ ਦੇ ਨਾਂਅ 'ਤੇ ਲੋਕਾਂ ਦਾ ਸੋਸ਼ਣ ਕਰਦੇ ਹਨ। ਹਾਈ ਕੋਰਟ ਨੇ ਕਿਹਾ—ਇਹ ਕਥਿਤ ਤਾਂਤਰਿਕ ਅਤੇ ਬਾਬੇ ਲੋਕਾਂ ਦੀ ਕਮਜ਼ੋਰੀ ਅਤੇ ਅੰਧਵਿਸ਼ਵਾਸ਼ ਦਾ ਫਾਇਦਾ ਉਠਾਉਂਦੇ ਹਨ। ਇਹ ਤਾਂਤਰਿਕ ਸਮੱਸਿਆ ਦਾ ਹੱਲ ਦੇਣ ਦੀ ਓਟ 'ਚ ਲੋਕਾਂ ਤੋਂ ਸਿਰਫ ਪੈਸੇ ਹੀ ਨਹੀਂ ਠੱਗਦੇ, ਬਲਕਿ ਕਈ ਵਾਰ ਪੀੜਤਾਂ ਦਾ ਜਿਨਸੀ ਸੋਸ਼ਣ ਵੀ ਕਰਦੇ ਹਨ। ਬੰਬੇ ਹਾਈ ਕੋਰਟ ਨੇ ਛੇ ਨਾਬਾਲਿਗ ਲੜਕੀਆਂ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ੀ ਦੀ ਸਜ਼ਾ ਬਰਕਰਾਰ ਰੱਖਦੇ ਹੋਏ ਇਹ ਟਿੱਪਣੀ ਕੀਤੀ। ਜਸਟਿਸ ਰੇਵਤੀ ਮੋਹਿਤੇ ਡੇਰੇ ਅਤੇ ਜਸਟਿਸ ਮੰਜੂਸ਼ਾ ਦੇਸ਼ਪਾਂਡੇ ਦਾ ਬੈਂਚ ਮਾਮਲੇ ਦੀ ਸੁਣਵਾਈ ਕਰ ਰਿਹਾ ਸੀ। 45 ਸਾਲ ਦਾ ਵਿਅਕਤੀ ਖੁਦ ਨੂੰ ਤਾਂਤਰਿਕ ਦੱਸਦਾ ਹੈ। ਉਸ ਨੇ ਇਲਾਜ ਦੇ ਨਾਂਅ 'ਤੇ ਦਿਮਾਗੀ ਤੌਰ 'ਤੇ ਕਮਜ਼ੋਰ ਲੜਕੀਆ ਨਾਲ ਜਿਨਸੀ ਸੋਸ਼ਣ ਕੀਤਾ। ਨਾਲ ਹੀ ਉਹਨਾਂ ਦੇ ਮਾਤਾ-ਪਿਤਾ ਤੋਂ ਨਾਬਾਲਿਗਾਂ ਨੂੰ ਠੀਕ ਕਰਨ ਲਈ 1.30 ਕਰੋੜ ਰੁਪਏ ਠੱਗ ਲਏ। ਇਸ ਮਾਮਲੇ 'ਚ ਸਾਲ 2010 'ਚ ਐੱਫ ਆਈ ਆਰ ਦਰਜ ਕਰਾਈ ਗਈ ਸੀ। ਸੈਸ਼ਨ ਕੋਰਟ ਨੇ 2016 'ਚ ਤਾਂਤਰਿਕ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਉਮਰ ਭਰ ਕੈਦ ਦੀ ਸਜ਼ਾ ਸੁਣਾਈ। ਤਾਂਤਰਿਕ ਨੇ ਸੈਸ਼ਨ ਕੋਰਟ ਦੇ ਫੈਸਲੇ ਨੂੰ ਬੰਬੇ ਹਾਈ ਕੋਰਟ 'ਚ ਚੁਣੌਤੀ ਦਿੱਤੀ। ਹਾਈ ਕੋਰਟ ਨੇ ਉਸ ਦੀ ਪਟੀਸ਼ਨ ਖਾਰਜ ਕਰਦੇ ਹੋਏ ਸਜ਼ਾ ਨੂੰ ਬਰਕਰਾਰ ਰੱਖਿਆ।

# ਪਹਾੜਾਂ 'ਤੇ ਬਰਫ਼ਬਾਰੀ, ਮੈਦਾਨਾਂ 'ਚ ਮੀਂਹ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਉਚਾਈ ਵਾਲੇ ਖੇਤਰਾਂ 'ਚ ਮਾਰਚ ਮਹੀਨੇ ਦੀ ਸ਼ੁਰੂਆਤ ਬਰਫ਼ਬਾਰੀ ਨਾਲ ਹੋਈ, ਜੋ ਲਗਾਤਾਰ ਜਾਰੀ ਹੈ। ਉਥੇ ਹੀ ਮੈਦਾਨੀ ਇਲਾਕਿਆਂ 'ਚ ਭਾਰੀ ਮੀਂਹ ਕਾਰਨ ਸਮੁੱਚਾ ਖੇਤਰ ਸ਼ੀਤ ਲਹਿਰ ਦੀ ਲਪੇਟ 'ਚ ਆ ਗਿਆ ਹੈ। ਰਾਜਧਾਨੀ ਸ਼ਿਮਲਾ 'ਚ ਸ਼ਨੀਵਾਰ ਸਵੇਰ ਤੋਂ ਮੀਂਹ ਪੈ ਰਿਹਾ ਹੈ। ਹਿਮਾਚਲ ਪ੍ਰਦੇਸ਼ 'ਚ ਮਾਰਚ ਮਹੀਨੇ ਦਾ ਆਗਾਜ਼ ਮੌਸਮ ਦੇ ਤਿੱਖੇ ਤੇਵਰ ਨਾਲ ਹੋਇਆ। ਸੂਬੇ ਦੇ ਪੰਜ ਪਹਾੜੀ ਖੇਤਰਾਂ 'ਚ ਲਗਾਤਾਰ ਦੂਜੇ ਦਿਨ ਵੀ ਬਰਫ਼ਬਾਰੀ ਦਾ ਦੌਰ ਜਾਰੀ ਹੈ। ਸ਼ਨੀਵਾਰ ਸਵੇਰੇ 10 ਵਜੇ ਤੋਂ ਚਾਰ ਰਾਸ਼ਟਰੀ ਰਾਜਮਾਰਗ ਅਤੇ 350 ਸੜਕਾਂ ਆਵਾਜਾਈ ਲਈ ਬੰਦ ਹਨ। 1314 ਟਰਾਂਸਫਾਰਮਰ ਗੁਲ ਹਨ। ਕੁੱਲੂ ਅਤੇ ਲਾਹੌਲ ਸਪਿਤੀ ਜ਼ਿਲ੍ਹੇ 'ਚ ਭਾਰੀ ਮੀਂਹ ਪੈ ਰਿਹਾ ਹੈ। ਕੇਲਾਂਗ 'ਚ 40 ਸੈਂ.ਮੀ., ਉਦੇਪੁਰ 40, ਸਿਸੂ 30, ਦਾਰਖਾ ਰੋਹਤਾਂਗ 'ਚ 90, ਬਰਾਲਾਚਾ 'ਚ 100, ਕੁੰਜਮ ਪਾਸ 'ਚ 100, ਸ਼ਿੰਕੁਲਜ ਦਰਾ 'ਚ 110 ਸੈਂਟੀਮੀਟਰ ਬਰਫ਼ਬਾਰੀ ਦਾ ਅਨੁਮਾਨ ਹੈ।



ਭਾਰੀ ਬਰਫਬਾਰੀ ਕਾਰਨ ਮਨਾਲੀ-ਲੇਹ ਹਾਈਵੇ ਸੋਲਾਂਗ ਨਾਲੇ ਤੋਂ ਅੱਗੇ ਕੇਲਾਂਗ ਵੱਲ ਜਾਣ ਵਾਲੀ ਆਮ ਆਵਾਜਾਈ ਲਈ ਬੰਦ ਹੋ ਗਿਆ। ਲਾਹੌਲ ਅਤੇ ਸਪਿਤੀ ਦੇ ਡੀ ਸੀ ਰਾਹੁਲ ਕੁਮਾਰ ਨੇ ਆਮ ਲੋਕਾਂ ਨੂੰ ਆਪਣੇ ਘਰਾਂ 'ਚ ਰਹਿਣ ਅਤੇ ਜ਼ਿਲ੍ਹੇ 'ਚ ਬਰਫ਼ਬਾਰੀ ਦੇ ਖਤਰੇ ਵਾਲੇ ਖੇਤਰਾਂ 'ਚ ਜਾਣ ਤੋਂ ਬਚਣ ਲਈ ਕਿਹਾ ਹੈ।ਲਗਾਤਾਰ ਮੀਂਹ ਕਾਰਨ ਢਿਗਾਂ ਡਿੱਗਣ ਕਾਰਨ ਸ੍ਰੀਨਗਰ-ਜੰਮੂ ਰਾਸ਼ਟਰੀ ਰਾਜਮਾਰਗ ਬੰਦ ਹੋ ਗਿਆ।ਸ਼ਨੀਵਾਰ ਹੋਈ ਭਾਰੀ ਗੜੇਮਾਰੀ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ।ਗੋਨਿਆਣਾ ਬਲਾਕ ਅਤੇ ਬੱਲੂਆਣਾ ਖੇਤਰ ਦੇ ਦਰਜਨ ਪਿੰਡਾਂ 'ਚ ਗੜੇ ਪੈਣ ਨਾਲ ਮਹਿਮਾ ਸਰਜਾ, ਮਹਿਮਾ ਸਰਕਾਰੀ, ਮਹਿਮਾ ਸਵਾਈ, ਮਹਿਮਾ ਬਲਾਹੜ, ਬੁਰਜ ਮਹਿਮਾ, ਵਿਰਕ ਕਲਾਂ, ਵਿਰਕ ਖੁਰਦ, ਕਰਮਗੜ੍ਹ ਛਤਰਾਂ ਤੇ ਸਰਦਾਰਗੜ੍ਹ ਵਿੱਚ ਗੜੇਮਾਰੀ ਕਾਰਨ ਕਣਕ ਅਤੇ ਸਬਜ਼ੀਆਂ ਦਾ ਭਾਰੀ ਨੁਕਸਾਨ ਹੋਇਆ।ਕਿਸਾਨਾਂ ਨੇ ਡਿਪਟੀ ਕਮਿਸ਼ਨਰ ਬਠਿੰਡਾ ਤੋਂ ਵਿਸ਼ੇਸ਼ ਗਿਰਦਾਵਰੀ ਦੀ ਮੰਗ ਕੀਤੀ ਹੈ।

## ਜੇਕਰ ਬ੍ਰਿਟੇਨ 'ਚ ਨਫ਼ਰਤ ਫੈਲਾਈ ਤਾਂ ਰੱਦ ਹੋਵੇਗਾ ਵੀਜ਼ਾ : ਸੁਨਕ

**ਲੰਡਨ** : ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਦੇਸ਼ ਦੇ ਲੋਕਤੰਤਰ ਦੀ ਰੱਖਿਆ ਲਈ ਭਾਵੁਕ ਅਪੀਲ ਕਰਦਿਆਂ ਚਿਤਾਵਨੀ ਦਿੱਤੀ ਕਿ ਕੱਟੜਪੰਥੀ ਤਾਕਤਾਂ ਦੇਸ਼ ਨੂੰ ਤੋੜਨ ਅਤੇ ਇਸ ਦੀ ਬਹੁ-ਧਾਰਮਕ ਪਛਾਣ ਨੂੰ ਕਮਜ਼ੋਰ ਕਰਨ 'ਤੇ ਤੁਲੀਆਂ ਹੋਈਆਂ ਹਨ।ਆਪਣੇ ਹਿੰਦੂ ਵਿਸ਼ਵਾਸਾਂ ਦਾ ਹਵਾਲਾ ਦਿੰਦੇ ਹੋਏ ਬਰਤਾਨੀਆ ਦੇ ਭਾਰਤੀ ਮੂਲ ਦੇ ਨੇਤਾ ਨੇ ਕਿਹਾ ਕਿ ਬਰਤਾਨੀਆ ਦੀਆਂ ਸਥਾਈ ਕਦਰਾਂ-ਕੀਮਤਾਂ ਸਾਰੇ ਧਰਮਾਂ ਅਤੇ ਨਸਲਾਂ ਦੇ ਪਰਵਾਸੀਆਂ ਨੂੰ ਸਵੀਕਾਰ ਕਰਨ ਲਈ ਹਨ ਅਤੇ ਪ੍ਰਦਰਸ਼ਨਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਸ਼ਾਂਤਮਈ ਪ੍ਰਦਰਸ਼ਨਾਂ ਨੂੰ ਕੱਟੜਪੰਥੀ ਤਾਕਤਾਂ ਆਪਣੇ ਹੱਥਾਂ 'ਚ ਨਾ ਲੈ ਲੈਣ। ਪ੍ਰਧਾਨ ਮੰਤਰੀ ਦੀ ਇਹ ਟਿੱਪਣੀ ਬਰਤਾਨਵੀ ਸੰਸਦ ਮੈਂਬਰਾਂ ਲਈ ਸੁਰੱਖਿਆ ਚਿੰਤਾਵਾਂ ਅਤੇ ਇਜ਼ਰਾਈਲ-ਹਮਾਸ ਸੰਘਰਸ਼ ਕਾਰਨ ਦੇਸ਼ ਵਿੱਚ ਵਿਸ਼ਾਲ ਮਾਰਚ ਦੌਰਾਨ ਹਿੰਸਾ ਦੇ ਬਾਅਦ ਆਈ ਹੈ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਜਗਦੀਸ਼ ਰਾਏ ਮਾਛੀਵਾੜਾ 98552-08112



ਸ਼ੈਂਕੀ ਸ਼ਰਮਾ ਮਾਛੀਵਾੜਾ 98557-76622



ਹਰਸ਼ ਕੁਮਾਰ ਮਾਛੀਵਾੜਾ 95018-19055

ਮਾਛੀਵਾੜਾ ਤੋਂ ਸ਼ਿਵਰਾਤਰੀ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

*-ਜਨਰਲ ਮੈਨੇਜਰ*


## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। *-ਮੈਨੇਜਰ*

## ਅਮਰੀਕਾ 'ਚ ਭਾਰਤੀ ਡਾਂਸਰ ਅਮਰਨਾਥ ਘੋਸ਼ ਦੀ ਗੋਲੀ ਮਾਰ ਕੇ ਹੱਤਿਆ

**ਵਾਸ਼ਿੰਗਟਨ** : ਅਮਰੀਕਾ ਦੇ ਮਿਸੌਰੀ ਸੂਬੇ 'ਚ ਪੱਛਮੀ ਬੰਗਾਲ ਦੇ ਭਾਰਤੀ ਕਲਾਸਿਕ ਡਾਂਸਰ ਅਮਰਨਾਥ ਘੋਸ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਅਮਰਨਾਥ 27 ਫਰਵਰੀ ਨੂੰ ਸੇਂਟ ਲੂਈਸ ਅਕਾਦਮੀ ਦੇ ਕੋਲ ਸ਼ਾਮ ਸਮੇਂ ਸੈਰ ਕਰਨ ਨਿਕਲੇ ਸਨ, ਉਸੇ ਸਮੇਂ ਉਨ੍ਹਾ 'ਤੇ ਹਮਲਾਵਰਾਂ ਨੇ ਕਈ ਗੋਲੀਆ ਮਾਰੀਆਂ। ਭਾਰਤੀ ਕੌਂਸਲੇਟ ਨੇ ਡਾਂਸਰ ਅਮਰਨਾਥ ਘੋਸ਼ ਦੇ ਦੇਹਾਂਤ 'ਤੇ ਸੋਗ ਪ੍ਰਗਟ ਕੀਤਾ ਹੈ, ਜਿਸ ਨੂੰ ਸੰਯੁਕਤ ਰਾਜ ਦੇ ਸੇਂਟ ਲੂਈਸ 'ਚ ਕਥਿਤ ਤੌਰ 'ਤੇ ਅਣਪਛਾਤੇ ਹਮਲਾਵਰ ਨੇ ਗੋਲੀ ਮਾਰ ਦਿੱਤੀ। ਭਾਰਤੀ ਮਿਸ਼ਨ ਨੇ ਬਿਆਨ 'ਚ ਕਿਹਾ ਕਿ ਉਹ ਫੋਰੈਂਸਿਕ ਜਾਂਚ ਅਤੇ ਪੁਲਸ ਨਾਲ ਮਾਮਲੇ ਦੀ ਪੈਰਵੀ ਕਰ ਰਿਹਾ ਹੈ। ਘੋਸ਼ ਕੋਲਕਾਤਾ ਦਾ ਰਹਿਣ ਵਾਲਾ ਸੀ ਅਤੇ ਉਸ ਦੇ ਮਾਤਾ-ਪਿਤਾ ਦੋਵਾਂ ਦੀ ਮੌਤ ਹੋ ਚੁੱਕੀ ਹੈ। ਉਹ ਪਰਵਾਰ ਦਾ ਇੱਕਲੌਤਾ ਲੜਕਾ ਸੀ।

# ਸਭ ਤੋਂ ਖਾਸ ਮੁਰਗਾ !

**ਇਸਲਾਮਾਬਾਦ** : ਭਾਰਤ 'ਚ ਜੇਕਰ ਤੁਸੀਂ ਕੋਈ ਮੁਰਗਾ ਖਰੀਦਣ ਜਾਓ ਤਾਂ ਉਸ ਲਈ ਤੁਹਾਨੂੰ 200 ਤੋਂ 300 ਰੁਪਏ ਖਰਚ ਕਰਨੇ ਪੈ ਸਕਦੇ ਹਨ, ਉਥੇ ਹੀ ਮੁਰਗਾ ਦੇਸੀ ਹੈ ਤਾਂ ਇਸ ਲਈ 1000 ਤੋਂ 1500 ਰੁਪਏ ਖਰਚ ਕਰਨੇ ਪੈ ਸਕਦੇ ਹਨ, ਜਦਕਿ ਕੜਕਨਾਥ ਵਰਗੇ ਸਪੈਸ਼ਲ ਮੁਰਗੇ ਲਈ ਤੁਹਾਡੇ 2 ਤੋਂ 5 ਹਜ਼ਾਰ ਰੁਪਏ ਖਰਚ ਹੋ ਸਕਦੇ ਹਨ, ਪਰ ਪਾਕਿਸਤਾਨ 'ਚ ਸਪੈਸ਼ਲ ਮੁਰਗੇ ਨੂੰ ਸ਼ਾਮੋ ਚਿਕਨ ਜਾਂ ਸ਼ਾਮੋ ਮੁਰਗਾ ਕਹਿੰਦੇ ਹਨ। ਇਹ ਪਾਕਿਸਤਾਨ 'ਚ ਬਹੁਤ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਹਾਲਾਂਕਿ ਸ਼ਾਮੋ ਥਾਈਲੈਂਡ ਨਸਲ ਦਾ ਮੁਰਗਾ ਹੈ, ਪਰ 17ਵੀਂ ਸ਼ਤਾਬਦੀ 'ਚ ਜਦ ਇਹ ਮੁਰਗਾ ਥਾਈਲੈਂਡ ਤੋਂ ਜਾਪਾਨ ਪਹੁੰਚਿਆ ਤਾਂ ਇਸ ਨੂੰ ਵੱਡੇ ਤੌਰ 'ਤੇ ਖਾਧਾ ਜਾਣ ਲੱਗਾ। ਜਾਪਾਨ ਤੋਂ ਹੀ ਇਹ ਮੁਰਗਾ ਪਾਕਿਸਤਾਨ ਪਹੁੰਚਿਆ ਅਤੇ ਅੱਜ ਇਹ ਪਾਕਿਸਤਾਨ ਦਾ ਸਭ ਤੋਂ ਖਾਸ ਮੁਰਗਾ ਹੋ ਗਿਆ ਹੈ। ਸ਼ਾਮੋ ਮੁਰਗਾ ਦੁਨੀਆ ਦੇ ਸਭ ਤੋਂ ਲੰਮੇ ਮੁਰਗਿਆਂ ਦੀ ਨਸਲ 'ਚ ਰੱਖਿਆ ਜਾਂਦਾ ਹੈ। ਇਸ ਦੀ ਗਰਦਨ ਅਤੇ ਪੈਰ ਕਾਫ਼ੀ ਲੰਮੇ ਹੁੰਦੇ ਹਨ। ਜਦ ਇਹ ਮੁਰਗਾ ਖੜਾ ਹੁੰਦਾ ਹੈ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਹਮਲਾ ਕਰਨ ਲੱਗਾ। ਸ਼ਾਮੋ ਨਸਲ ਲੜਾਕੂ ਮੁਰਗੇ ਦੀ ਨਸਲ ਹੈ। ਪਾਕਿਸਤਾਨ ਦੇ ਵੱਖ-ਵੱਖ ਬਾਜ਼ਾਰਾਂ 'ਚ ਇਸ ਦੀ ਕੀਮਤ ਵੱਖ-ਵੱਖ ਹੈ, ਪਰ ਇੱਕ ਮਾਲਕ ਨੇ ਇਸ ਦੀ ਕੀਮਤ ਪਾਕਿਸਤਾਨ 'ਚ 5 ਲੱਖ ਰੁਪਏ ਦੱਸੀ, ਜਦਕਿ ਇਸ ਮੁਰਗੇ ਦਾ ਇੱਕ ਅੰਡਾ 10 ਹਜ਼ਾਰ ਦਾ ਵਿਕਦਾ ਹੈ।

## ਸਿਸੋਦੀਆ ਤੇ ਸੰਜੈ ਸਿੰਘ ਦੀ ਨਿਆਂਇਕ ਹਿਰਾਸਤ 7 ਤੱਕ ਵਧੀ



**ਨਵੀਂ ਦਿੱਲੀ** : ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਰਾਜ ਸਭਾ ਸਾਂਸਦ ਸੰਜੈ ਸਿੰਘ ਨੂੰ ਇੱਕ ਵਾਰ ਫਿਰ ਕੋਰਟ ਤੋਂ ਝਟਕਾ ਲੱਗਾ। ਰਾਊਜ਼ ਐਵੇਨਿਊ ਕੋਰਟ ਨੇ ਦੋਵਾਂ ਨੇਤਾਵਾਂ ਦੀ ਨਿਆਂਇਕ ਹਿਰਾਸਤ 7 ਮਾਰਚ ਤੱਕ ਵਧਾ ਦਿੱਤੀ ਹੈ। ਸੀ ਬੀ ਆਈ ਨੇ ਪਿਛਲੇ ਸਾਲ 26 ਜਨਵਰੀ ਨੂੰ ਦਿੱਲੀ ਦੇ ਕਥਿਤ ਸ਼ਰਾਬ ਘੁਟਾਲੇ ਲਈ ਸਿਸੋਦੀਆ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਉਨ੍ਹਾ ਨੂੰ 9 ਮਾਰਚ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਕੀਤਾ।

## ਦੇਸ਼ ਭਗਤ ਯਾਦਗਾਰ ਕਮੇਟੀ ਨੇ ਮਾਰਚ-ਅਪ੍ਰੈਲ ਦੇ ਸਮਾਗਮ ਉਲੀਕੇ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ 8 ਮਾਰਚ ਕੌਮਾਂਤਰੀ ਔਰਤ ਦਿਹਾੜੇ ਮੌਕੇ ਗ਼ਦਰ ਅਤੇ ਕੌਮੀ ਮੁਕਤੀ ਲਹਿਰ ਵਿੱਚ ਔਰਤਾਂ ਦੀ ਦੇਣ ਨੂੰ ਸਿਜਦਾ ਕਰਨ ਲਈ ਢੁਕਵੀਂ ਵਿਚਾਰ-ਚਰਚਾ ਅਤੇ 27 ਮਾਰਚ ਕੌਮਾਂਤਰੀ ਰੰਗਮੰਚ ਦਿਹਾੜੇ ਮੌਕੇ ਨਾਟਕ 'ਤੇ ਵਿਚਾਰ-ਚਰਚਾ ਕੀਤੀ ਜਾਏਗੀ।

ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ 21 ਅਪ੍ਰੈਲ ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ ਮੌਕੇ ਖੇਤੀ ਖੇਤਰ ਦੇ ਸੰਕਟ ਅਤੇ ਹੱਲ ਸੰਬੰਧੀ ਚਰਚਾ ਕਰਨ ਲਈ ਮੁੱਖ ਵਕਤਾ ਵਜੋਂ ਉੱਘੇ ਖੇਤੀ ਮਾਹਰ ਡਾ. ਦਵਿੰਦਰ ਸ਼ਰਮਾ ਨੂੰ ਬੁਲਾਉਣ ਦਾ ਫੈਸਲਾ ਕੀਤਾ ਗਿਆ।ਸਥਾਪਨਾ ਦਿਹਾੜੇ ਮੌਕੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਅਦਾ ਕਰਨਗੇ। ਦੇਸ਼ ਭਗਤ ਯਾਦਗਾਰ ਹਾਲ ਦੇ ਜੀ ਟੀ ਰੋਡ ਵਾਲੀ ਤਰਫ਼ ਨੂੰ ਇਤਿਹਾਸਕ ਦਿੱਖ ਦੇਣ, ਪ੍ਰਵੇਸ਼ ਦੁਆਰ ਦਾ ਰਾਹ ਨਵਿਆਉਣ, ਪੀਣ ਵਾਲੇ ਪਾਣੀ ਦਾ ਢੁਕਵਾਂ ਪ੍ਰਬੰਧ ਕਰਨ ਦਾ ਵੀ ਫੈਸਲਾ ਕੀਤਾ ਗਿਆ। ਮੀਟਿੰਗ 'ਚ ਕਵੀ ਇਕਬਾਲ ਖ਼ਾਨ, ਕਹਾਣੀਕਾਰ ਸੁਖਜੀਤ, ਤਰਕਸ਼ੀਲ ਆਗੂ ਆਤਮਾ ਸਿੰਘ, ਕਿਸਾਨ ਆਗੂ ਮੇਲਾ ਸਿੰਘ ਕੰਗਣਵਾਲ, ਨਾਹਰ ਸਿੰਘ ਹਥਨ, ਕਿਸਾਨ ਘੋਲ ਦੇ ਸ਼ਹੀਦ ਸ਼ੁੱਭਕਰਨ, ਸੰਤ ਕੌਰ ਮੂਲਾ ਬੱਧਾ, ਗਿਆਨ ਕੌਰ ਹਥਨ, ਇੰਦਰਜੀਤ ਕੁਰੜ, ਬਲਜੀਤ ਕੌਰ ਸਿੱਧੂ ਮਲਸੀਆਂ, ਮਨਜੀਤ ਕੌਰ ਫਿਰੋਜ਼ਪੁਰ, ਬਲਵਿੰਦਰ ਕੌਰ ਜਲਾਲਦੀਵਾਲ, ਪਰਮਜੀਤ ਕੌਰ ਠੀਕਰੀਵਾਲ, ਗੁਰਮੇਲ ਸਿੰਘ ਭਰੋਵਾਲ, ਪਿਆਰਾ ਸਿੰਘ ਅਕਲੀਆ, ਨਿਰਮਲ ਸਿੰਘ ਸੰਘਾ, ਨਛੱਤਰ ਪਾਲ ਸਿੰਘ ਸੰਧੂ, ਕਿਸਾਨ ਘੋਲ ਦੌਰਾਨ ਇਹਨਾਂ ਦਿਨਾਂ 'ਚ ਵਿਛੜ ਗਿਆਂ ਨੂੰ ਖੜ੍ਹੇ ਹੋ ਕੇ ਕਮੇਟੀ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਮੀਟਿੰਗ 'ਚ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੰਗਤ ਰਾਮ ਪਾਸਲਾ, ਡਾ. ਪਰਮਿੰਦਰ ਸਿੰਘ, ਪ੍ਰੋ. ਵਰਿਆਮ ਸਿੰਘ ਸੰਧੂ, ਸੁਰਿੰਦਰ ਕੁਮਾਰੀ ਕੋਛੜ, ਗੁਰਮੀਤ ਸਿੰਘ, ਰਣਜੀਤ ਸਿੰਘ ਔਲਖ ਤੇ ਪ੍ਰਗਟ ਸਿੰਘ ਜਾਮਾਰਾਏ ਹਾਜ਼ਰ ਸਨ।

## ਅੱਜ-ਨਾਮਾ

ਵਗੀ ਮੌਸਮ ਨੂੰ ਪਤਾ ਨਹੀਂ ਮਾਰ ਕਿਹੜੀ,
ਅਚਾਨਕ ਆਣ ਕੇ ਵਰ੍ਹੀ ਬਰਸਾਤ ਮੀਆਂ।
ਹੋਈ ਫਿਰ ਸੁਣੀ ਆ ਕਈ ਥਾਂ ਗੜੇਮਾਰੀ,
ਕਰਿਆ ਵਾਰ ਜਿੱਦਾਂ ਲਾ ਕੇ ਘਾਤ ਮੀਆਂ।
ਇਸ ਤਰ੍ਹਾਂ ਜਦੋਂ ਵੀ ਹੋਈ ਤਾਂ ਵਰ੍ਹੀ ਭਾਰੀ,
ਪਾਵੇ ਸਾਉਣ ਦਾ ਸੀਜ਼ਨ ਵੀ ਮਾਤ ਮੀਆਂ।
ਆਦਮੀ ਜਾਣਦਾ ਤਾਣੇ ਬੱਸ ਤਣਨ ਬਹੁਤੇ,
ਕੁਦਰਤ ਅੱਗੇ ਨਹੀਂ ਕੋਈ ਔਕਾਤ ਮੀਆਂ।
ਕੁਦਰਤ ਵੱਲੋਂ ਕਰੋਪੀ ਇਹ ਹੋਈ ਜਿਹੜੀ,
ਇਸ ਦੇ ਅੱਗੇ ਤਾਂ ਕੋਈ ਨਹੀਂ ਜ਼ੋਰ ਮੀਆਂ।
ਏਦਾਂ ਦੀ ਘੜੀ ਆ ਜ਼ਿੰਮਾ ਸਰਕਾਰ ਉੱਤੇ,
ਪਕੜ ਲਏ ਛੇਤੀ ਹਾਲਾਤ ਦੀ ਡੋਰ ਮੀਆਂ।

-ਤੀਸ ਮਾਰ ਖਾਂ

# ਦੇਸ਼ ਦਾ ਸਿਆਸੀ ਵਾਤਾਵਰਨ ਮੋਦੀ ਵਿਰੁੱਧ ਬਣਦਾ ਜਾ ਰਿਹੈ : ਗੋਰੀਆ

**ਸਭਾ ਦੀ ਮਜ਼ਦੂਰ ਅੰਦੋਲਨ ਪ੍ਰਤੀ ਵਚਨਬੱਧਤਾ ਮਾਣ ਕਰਨ ਯੋਗ : ਵੀ ਐੱਸ ਨਿਰਮਲ**

**ਸ਼ਾਹਕੋਟ (ਗਿਆਨ ਸੈਦਪੁਰੀ)**

'ਕੇਂਦਰ ਦੀ ਮੋਦੀ ਸਰਕਾਰ ਜਮਹੂਰੀਅਤ ਵਿਰੋਧੀ ਹੀ ਨਹੀਂ, ਸਗੋਂ ਇਹ ਦੇਸ਼ ਦੇ ਸੰਵਿਧਾਨ ਦੇ ਵੀ ਵਿਰੁੱਧ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਕੀਤਾ। ਉਹ ਸੀ ਪੀ ਆਈ ਦਫਤਰ ਲੁਧਿਆਣਾ ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਵਿਰੋਧੀ ਧਿਰਾਂ ਦੀ ਆਵਾਜ਼ ਨੂੰ ਬੰਦ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਈ ਡੀ ਅਤੇ ਸੀ ਬੀ ਆਈ ਨੂੰ ਇਸ ਕੰਮ ਲਈ ਅੱਗੇ ਲਾਇਆ ਹੋਇਆ ਹੈ। ਪੂਰੇ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਸਰਕਾਰੀ ਵਰਤਾਰੇ ਤੋਂ ਇੰਜ ਲੱਗਦਾ ਹੈ ਕਿ ਮੋਦੀ ਸਰਕਾਰ ਮੁਲਕ ਦੇ ਆਵਾਮ ਦੀ ਥਾਂ ਅਡਾਨੀ ਤੇ ਅੰਬਾਨੀ ਵਰਗੇ ਕਾਰਪੋਰੇਟਾਂ ਲਈ ਕੰਮ ਕਰ ਰਹੀ ਹੈ। ਧਰਮ ਅਤੇ ਮੰਦਰ ਦੇ ਨਾਂਅ 'ਤੇ ਧਰੁਵੀਕਰਨ ਕਰਕੇ ਲੋਕਾਂ ਨੂੰ ਪਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ੍ਰੀ ਗੋਰੀਆ ਨੇ ਕਿਹਾ ਕਿ ਏਕਾਅਧਿਕਾਰ ਜਮਾਉਣ ਦੀਆਂ ਮੋਦੀ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਦੇਸ਼ ਵਿੱਚ ਸਿਆਸੀ ਵਾਤਾਵਰਨ ਉਸ ਦੇ ਵਿਰੁੱਧ ਬਣਦਾ ਜਾ ਰਿਹਾ ਹੈ। ਲੋਕ ਇਹ ਸਮਝਣ ਲੱਗ ਪਏ ਹਨ ਕਿ ਮੋਦੀ ਆਪਣੀਆਂ ਅਸਫਲਤਾਵਾਂ ਨੂੰ ਲੁਕਾਉਣ ਲਈ ਬੇਥਵੀਆਂ ਮਾਰ ਰਿਹਾ ਹੈ। ਆਮ ਲੋਕਾਂ ਦੇ ਬੈਂਕ ਖਾਤੇ ਖੋਲ੍ਹ ਕੇ ਗਰੀਬੀ ਦੂਰ ਹੋ ਜਾਣ ਦੀਆਂ ਤਰਕਹੀਣ





ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੁਲਜ਼ਾਰ ਸਿੰਘ ਗੋਰੀਆ ਤੇ ਮੰਚ 'ਤੇ ਬੈਠੇ ਹੋਰ ਆਗੂ।

ਗੱਲਾਂ ਕੀਤੀਆਂ ਜਾ ਰਹੀਆਂ ਹਨ। ਸੀ ਏ ਏ ਦਾ ਮੁੱਦਾ ਫਿਰ ਚੁੱਕਿਆ ਜਾ ਰਿਹਾ ਹੈ। ਸੰਸਦੀ ਚੋਣਾਂ ਬਰੂਹਾਂ 'ਤੇ ਆ ਜਾਣ ਦੇ ਮੱਦੇਨਜ਼ਰ ਝੂਠ ਦਾ ਸਹਾਰਾ ਲੈ ਕੇ ਮੋਦੀ ਸਰਕਾਰ ਪੱਬਾਂ-ਭਾਰ ਹੋਈ ਪਈ ਹੈ। ਇਸੇ ਸੰਦਰਭ ਵਿੱਚ ਗੋਦੀ ਮੀਡੀਆ ਮੋਦੀ ਦੀ ਪ੍ਰਾਪੇਗੰਡਾ ਮਸ਼ੀਨ ਬਣੀ ਹੋਈ ਹੈ। ਉਹਨਾ ਪਿੱਛੇ ਜਿਹੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਜਨਰਲ ਕੌਂਸਲ ਦੀ ਚੇਨਈ ਵਿੱਚ ਹੋਈ ਮੀਟਿੰਗ ਦੇ ਫੈਸਲਿਆਂ ਤੋਂ ਵੀ ਪੰਜਾਬ ਖੇਤ ਮਜ਼ਦੂਰ ਸਭਾ ਦੀ ਵਰਕਿੰਗ ਕਮੇਟੀ ਨੂੰ ਜਾਣੂ ਕਰਵਾਇਆ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਸਕੱਤਰ ਵੀ ਐੱਸ ਨਿਰਮਲ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਸਭਾ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਏ। ਉਨ੍ਹਾ ਕਿਹਾ ਕਿ ਪੰਜਾਬ ਖੇਤ ਮਜ਼ਦੂਰ ਸਭਾ ਦੀ ਮਜ਼ਦੂਰ ਅੰਦੋਲਨ ਪ੍ਰਤੀ ਵਚਨਬੱਧਤਾ ਮਾਣ ਕਰਨ ਯੋਗ ਹੈ।

• ਬਾਕੀ ਸਫ਼ਾ 6 'ਤੇ

# ਦੁਲੱਦੀ ਵਸਨੀਕ ਪ੍ਰਦੂਸ਼ਤ ਪਾਣੀ ਪੀਣ ਲਈ ਮਜਬੂਰ, ਡੀ ਸੀ ਵੱਲੋਂ ਜਾਇਜ਼ਾ

ਨਾਭਾ (ਵਰਿੰਦਰ ਵਰਮਾ)

ਨਾਭਾ ਨੇੜਲੇ ਪਿੰਡ ਦੁਲੱਦੀ 'ਚੋਂ ਨਿਕਲਣ ਵਾਲੇ ਬਰਸਾਤੀ ਸੇਮ ਨਾਲੇ ਦੀ ਸਮੱਸਿਆ ਦਿਨੋਂ ਦਿਨ ਵਧਦੀ ਜਾ ਰਹੀ ਹੈ, ਕਿਉਂ ਜੋ ਇਸ ਸੇਮ ਨਾਲੇ ਵਿੱਚ ਸ਼ਹਿਰ ਦਾ ਵੱਡੀ ਤਾਦਾਦ ਵਿੱਚ ਪਾਣੀ ਪੈ ਰਿਹਾ ਹੈ, ਜਿਸ ਕਰਕੇ ਜਿੱਥੇ ਪਿੰਡ ਦੁਲੱਦੀ ਦਾ ਪਾਣੀ ਪ੍ਰਦੂਸ਼ਤ ਹੋ ਰਿਹਾ, ਉੱਥੇ ਪਿੰਡ ਵਾਸੀ ਕਈ ਬਿਮਾਰੀਆਂ ਨਾਲ ਵੀ ਜੂਝ ਰਹੇ ਹਨ, ਜਿਸ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਉੱਪ ਮੰਡਲ ਮੈਜਿਸਟ੍ਰੇਟ ਨੂੰ ਕਈ ਵਾਰ ਮਿਲ ਕੇ ਸ਼ਿਕਾਇਤ ਦਰਜ ਕਰਵਾਈ ਗਈ ਹੈ ਤੇ ਪਿਛਲੇ ਦਿਨੀਂ ਡੀ ਸੀ ਪਟਿਆਲਾ ਨਾਲ ਵੀ ਮੁਲਾਕਾਤ ਕੀਤੀ ਗਈ ਸੀ ਤਾਂ ਜੋ ਇਸ ਸਮੱਸਿਆ ਦਾ ਜਲਦੀ ਹੱਲ ਨਿਕਲ ਸਕੇ। ਪਿੰਡ ਵਾਸੀਆਂ ਦੀ ਇਸ ਸਮੱਸਿਆ ਨੂੰ ਲੈ ਕੇ ਬੀਤੇ ਦਿਨ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਪਿੰਡ ਦੁਲੱਦੀ ਪਹੁੰਚ ਕੇ ਪਿੰਡ ਦੇ ਟੋਭੇ ਤੇ ਉਸ ਵਿੱਚੋਂ ਨਿਕਲਣ ਵਾਲੇ ਸੇਮ ਨਾਲੇ ਦੀ ਸਮੱਸਿਆ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਨ੍ਹਾ ਨਾਲ ਸਮੁੱਚਾ ਹੀ ਸਥਾਨਕ ਪ੍ਰਸ਼ਾਸਨ ਤੇ ਡਰੇਨ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਨਾਲ ਟ੍ਰੀਟਮੈਂਟ ਪਲਾਂਟ ਦੇ ਅਧਿਕਾਰੀ ਵੀ ਮੌਜੂਦ ਸਨ। ਇਸ ਸਬੰਧੀ ਜਦੋਂ ਉਪ ਮੰਡਲ ਮੈਜਿਸਟ੍ਰੇਟ ਤਰਸੇਮ ਚੰਦ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਡਿਪਟੀ ਕਮਿਸ਼ਨਰ ਵੱਲੋਂ ਪਿੰਡ ਦੁਲੱਦੀ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ ਉਹ ਇੱਕ ਹਫਤੇ ਦੇ ਅੰਦਰ ਅੰਦਰ ਆਪਣੀ ਰਿਪੋਰਟ ਪੇਸ਼ ਕਰਨ ਤਾਂ ਜੋ ਇਸ ਸਮੱਸਿਆ ਤੋਂ ਪਿੰਡ ਵਾਸੀਆਂ ਨੂੰ ਨਿਜਾਤ ਦਿਵਾਈ ਜਾ ਸਕੇ।


ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਪ੍ਰਸ਼ਾਸਨਕ ਅਧਿਕਾਰੀਆਂ ਸਮੇਤ ਨਾਭਾ ਦੇ ਪਿੰਡ ਦੁਲੱਦੀ 'ਚੋਂ ਲੰਘਣ ਵਾਲੇ ਬਰਸਾਤੀ ਸੇਮ ਨਾਲੇ ਦਾ ਜਾਇਜ਼ਾ ਲੈਂਦੇ ਹੋਏ।

ਇਸ ਸਮੱਸਿਆ ਸਬੰਧੀ ਗੱਲਬਾਤ ਕਰਦਿਆਂ ਪਿੰਡ ਦੁਲੱਦੀ ਦੇ ਸਰਪੰਚ ਪ੍ਰਦੀਪ ਸ਼ਰਮਾ ਬੌਬੀ, ਸਾਬਕਾ ਸਰਪੰਚ ਸੰਜੀਵ ਸ਼ਰਮਾ, ਪ੍ਰਗਟ ਸਿੰਘ ਭੋਲਾ, ਰਘਬੀਰ ਸਿੰਘ, ਬਘੇਲ ਸਿੰਘ, ਰਾਮ ਸਿੰਘ ਆਦਿ ਨੇ ਕਿਹਾ ਕਿ ਪਿੰਡ ਵਾਸੀ ਉਦੋਂ ਤੱਕ ਟ੍ਰੀਟਮੈਂਟ ਪਲਾਂਟ ਦਾ ਪਾਣੀ ਇਸ ਸੇਮ ਨਾਲੇ ਵਿੱਚ ਨਹੀਂ ਪਾਉਣ ਦੇਣਗੇ, ਜਦੋਂ ਤੱਕ ਪ੍ਰਸ਼ਾਸਨ ਜਾਂ ਸੂਬਾ ਸਰਕਾਰ ਇਸ ਸੇਮ ਨਾਲੇ ਨੂੰ ਪਿੰਡ ਭੋਜੋ ਮਾਜਰੀ ਤੋਂ ਲੈ ਕੇ ਰੇਲਵੇ ਲਾਇਨ ਕਕਰਾਲਾ ਤੱਕ ਪੱਕਾ ਨਹੀਂ ਕਰ ਦਿੰਦੀ। ਪਿੰਡ ਵਾਸੀਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਮੰਡੀ ਬੋਰਡ ਵੱਲੋਂ ਮੰਡੀ ਦਾ ਗੰਦਾ ਪਾਣੀ ਵੀ ਇਸ ਨਾਲੇ ਵਿੱਚ ਇਹ ਕਹਿ ਕੇ ਪਾਇਆ ਗਿਆ ਸੀ ਕਿ ਜਲਦੀ ਹੀ ਉਹ ਪਾਈਪ ਠੀਕ ਕਰਵਾ ਕੇ ਇਸ ਨੂੰ ਸਰਹੰਦ ਚੋਅ ਵਿੱਚ ਪਾ ਦੇਣਗੇ, ਪਰ ਕਈ ਸਾਲ ਬੀਤ ਜਾਣ ਦੇ ਬਾਵਜੂਦ ਉਹ ਪਾਣੀ ਇਸ ਸੇਮ ਨਾਲੇ ਵਿੱਚ ਹੀ ਪੈ ਰਿਹਾ ਹੈ, ਜਿਸ ਕਰਕੇ ਪਿੰਡ ਵਾਸੀ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਨਾਲ ਜੂਝ ਰਹੇ ਹਨ ਤੇ ਪੀਣ ਵਾਲਾ ਪਾਣੀ ਵੀ ਬਹੁਤ ਪ੍ਰਦੂਸ਼ਤ ਹੋ ਰਿਹਾ ਹੈ। ਕਰਤਾਰ ਕਲੋਨੀ ਦੇ ਵਾਸੀ ਹਰੀ ਸਿੰਘ ਨੇ ਕਿਹਾ ਕਿ ਨਗਰ ਕੌਂਸਲ ਨਾਭਾ ਵੱਲੋਂ ਕਰਤਾਰ ਕਲੋਨੀ ਨੇੜੇ ਇਸ ਬਰਸਾਤੀ ਸੇਮ ਨਾਲੇ ਵਿੱਚ ਪੰਪ ਲਾ ਕੇ ਪਾਣੀ ਸੁੱਟਿਆ ਜਾ ਰਿਹਾ ਹੈ, ਜਿਸ ਕਰਕੇ ਕਰਤਾਰ ਕਲੋਨੀ ਵਾਸੀ ਉਸ ਗੰਦੇ ਪਾਣੀ ਤੋਂ ਬਹੁਤ ਹੀ ਦੁਖੀ ਹਨ, ਜਿਸ ਕਰਕੇ ਉਹ ਮੰਗ ਕਰਦੇ ਹਨ ਕਿ ਬਰਸਾਤੀ ਸੇਮ ਨਾਲੇ ਵਿੱਚ ਪੈ ਰਹੇ ਪਾਣੀ ਨੂੰ ਤੁਰੰਤ ਬੰਦ ਕੀਤਾ ਜਾਵੇ।

## ਫਾਇਰਿੰਗ ਵੀਡੀਓ ਵਾਇਰਲ, ਪਰਚਾ ਦਰਜ, ਸਾਬਕਾ ਵਿਧਾਇਕ ਨੇ ਕੀਤੀ ਕਾਰਵਾਈ ਦੀ ਮੰਗ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਬੀਤੇ ਦਿਨੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਕਾਰਕੁੰਨ ਤੇ ਉਥੋਂ ਦੇ ਮੌਜੂਦਾ ਐੱਮਐੱਲਏ ਦੇ ਕਰੀਬੀ ਪਲਵਿੰਦਰ ਸਿੰਘ, ਸਾਰਜ ਸਿੰਘ ਤੇ ਗੁਰਸੇਵਕ ਸਿੰਘ ਆਪਣੀ ਪਾਰਟੀ ਵੱਲੋਂ ਬਣਾਏ ਨਿਯਮਾਂ ਨੂੰ ਛਿੱਕੇ ਟੰਗ ਕੇ ਰਿੰਗ ਸੈਰੇਮਨੀ ਦੌਰਾਨ ਘਰ ਵਿੱਚ ਸਮਾਗਮ ਹੋ ਰਿਹਾ ਸੀ, ਜਿਸ ਦੀ ਖੁਸ਼ੀ ਵਿੱਚ ਸ਼ਰੇਆਮ ਹਥਿਆਰਾਂ ਦੀ ਨੁਮਾਇਸ਼ ਕਰ ਰਹੇ ਸੀ ਤੇ ਫਾਇਰਿੰਗ ਵੀ ਕੀਤੀ ਜਾ ਰਹੀ ਸੀ।ਕੀ ਆਮ ਆਦਮੀ ਪਾਰਟੀ ਦੇ ਨਿਯਮ ਜਾਂ ਸ਼ਰਤਾਂ ਹੋਰਾਂ ਪਾਰਟੀਆਂ 'ਤੇ ਹੀ ਲਾਗੂ ਹੁੰਦੇ ਹਨ ਜਾਂ ਉਹ ਇਨ੍ਹਾਂ ਨਿਯਮਾਂ ਤੋਂ ਪਰ੍ਹੇ ਹਨ।ਸੋਸ਼ਲ ਮੀਡੀਆ 'ਤੇ ਟ੍ਰੋਲ ਹੋਣ ਤੋਂ ਬਾਅਦ ਪੰਜਾਬ ਪੁਲਸ ਵੱਲੋਂ ਉਕਤ ਵਿਅਕਤੀਆਂ ਖਿਲਾਫ਼ ਮੁਕੱਦਮਾ ਤਾਂ ਦਰਜ ਕਰ ਲਿਆ ਗਿਆ, ਪਰ ਇਹ ਅਜੇ ਜਾਨਣਾ ਬਾਕੀ ਹੈ ਕਿ ਇਹ ਜਿਹੜੇ ਹਥਿਆਰਾਂ ਦੀ ਨੁਮਾਇਸ਼ ਕਰ ਰਹੇ ਸਨ, ਕੀ ਇਹ ਹਥਿਆਰ ਇਨ੍ਹਾਂ ਦੇ ਆਪਣੇ ਹੀ ਹਨ ਜਾਂ ਨਹੀਂ, ਜੇ ਹਥਿਆਰ ਇਨ੍ਹਾਂ ਦੇ ਆਪਣੇ ਨਾ ਹੋਏ ਤਾਂ ਸ਼ਾਇਦ ਇਨ੍ਹਾਂ ਦੀਆਂ ਮੁਸ਼ਕਲਾਂ ਵਧ ਨਾ ਜਾਣ।ਸਾਬਕਾ ਕਾਂਗਰਸੀ ਐੱਮਐੱਲਏ ਕੁਲਬੀਰ ਸਿੰਘ ਜ਼ੀਰਾ ਵੱਲੋਂ ਪੁਲਸ ਦੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਪੁਲਸ ਵੱਲੋਂ ਇਹ ਇਕ ਫ਼ਰਜ਼ੀ ਪਰਚਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਤੋਂ ਪੰਜਾਬ ਪੁਲਸ ਡਰਦੀ ਹੈ ਤੇ ਜ਼ੀਰਾ ਦੇ ਕਹਿਣ ਮੁਤਾਬਕ ਸਾਰਜ ਸਿੰਘ ਦਾ ਭਰਾ 'ਆਪ' ਐੱਮਐੱਲਏ ਕਟਾਰੀਆ ਦਾ ਕਾਫੀ ਖਾਸ ਹੈ ਅਤੇ ਇਸ ਕਰਕੇ ਪੁਲਸ ਵੀ ਕੁੱਝ ਨਹੀਂ ਵਿਗਾੜ ਸਕਦੀ।ਸਾਬਕਾ ਕਾਂਗਰਸੀ ਐੱਮਐੱਲਏ ਨੇ ਭਗਵੰਤ ਮਾਨ ਦੀ ਸਰਕਾਰ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਜੇਕਰ ਕੋਈ ਵੀ ਅਜਿਹੀ ਫਾਇਰਿੰਗ ਵਾਲੀ ਵੀਡੀਓ ਪਾਉਂਦਾ ਹੋਵੇ ਤਾਂ ਪੰਜਾਬ ਸਰਕਾਰ ਵਲੋਂ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਸੀ, ਪਰ ਆਪਣੀ ਪਾਰਟੀ ਦੇ ਇਸ ਮੈਂਬਰ ਖਿਲਾਫ਼ ਕੋਈ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਗਈ।

## ਪ੍ਰੀਖਿਆ ਫਾਰਮ ਭਰਨ ਦੀ ਆਖਰੀ ਮਿਤੀ 'ਚ ਵਾਧਾ ਕੀਤਾ ਜਾਵੇ : ਹਰਿਆਊ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੂਬੇ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਰਕੇ ਵਿਦਿਆਰਥੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਪੰਜਾਬ ਸਰਕਾਰ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੀ। ਜਿਨ੍ਹਾਂ ਇਲਾਕਿਆਂ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਹੋਈਆਂ ਹਨ, ਉਨ੍ਹਾਂ ਇਲਾਕਿਆਂ ਦੇ ਵਿਦਿਆਰਥੀਆਂ ਦੇ ਹੋ ਰਹੇ ਨੁਕਸਾਨ ਨੂੰ ਦੇਖਦਿਆਂ ਪ੍ਰੀਖਿਆ ਫਾਰਮ ਭਰਨ ਦੀ ਆਖਰੀ ਤਾਰੀਖ ਵਿੱਚ ਵਾਧਾ ਕੀਤੇ ਜਾਣਾ ਬੇਹੱਦ ਜ਼ਰੂਰੀ ਹੈ, ਕਿਉਂਕਿ ਅਜਿਹਾ ਨਾ ਕਰਨ ਨਾਲ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਤੇ ਪਿੰਡ ਹਰਿਆਊ ਦੇ ਸਾਬਕਾ ਸਰਪੰਚ ਬੀਬੀ ਕੁਲਵਿੰਦਰ ਕੌਰ ਹਰਿਆਊ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਸਮਾਜ ਸੇਵੀ ਆਗੂ ਬੀਬੀ ਪਲਵਿੰਦਰ ਕੌਰ ਹਰਿਆਊ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਮਈ ਪ੍ਰੀਖਿਆਵਾਂ ਲਈ 15 ਫਰਵਰੀ ਤੋਂ ਪ੍ਰੀਖਿਆ ਫਾਰਮ ਭਰਨੇ ਸ਼ੁਰੂ ਕਰ ਦਿੱਤੇ ਹਨ, ਜਿਸ ਦੀ ਯੂਨੀਵਰਸਿਟੀ ਵੱਲੋਂ ਬਿਨਾਂ ਕਿਸੇ ਲੇਟ ਫੀਸ ਤੋਂ ਆਖਰੀ ਤਰੀਕ 29 ਫਰਵਰੀ ਰੱਖੀ ਗਈ ਸੀ, ਪ੍ਰੰਤੂ ਕਿਸਾਨ ਅੰਦੋਲਨ ਦੇ ਚੱਲਦਿਆਂ 11 ਫਰਵਰੀ ਤੋਂ ਸਰਕਾਰ ਵੱਲੋਂ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਕਿਸਾਨੀ ਅੰਦੋਲਨ ਕਰਕੇ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਸਨ, ਜਿਸ ਦੇ ਵਿੱਚ ਕਾਫੀ ਦਿਨਾਂ ਤੋਂ ਪਾਤੜਾਂ ਇਲਾਕੇ ਦਾ ਵੀ ਇੰਟਰਨੈੱਟ ਬੰਦ ਰਹਿਣ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਦੇ ਹਾਲੇ ਤੱਕ ਪ੍ਰੀਖਿਆ ਫਾਰਮ ਨਹੀਂ ਭਰੇ ਗਏ, ਇੰਟਰਨੈੱਟ ਬੰਦ ਹੋਣ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਕੋਲ ਤਾਂ ਹਾਲੇ ਤੱਕ ਪ੍ਰੀਖਿਆ ਫਾਰਮ ਭਰਨ ਸਬੰਧੀ ਵੀ ਕੋਈ ਜਾਣਕਾਰੀ ਨਹੀਂ ਪਹੁੰਚ ਸਕੀ। ਇਸ ਲਈ ਉਨ੍ਹਾ ਵਿਦਿਆਰਥੀਆਂ ਦੇ ਭਾਰੀ ਨੁਕਸਾਨ ਨੂੰ ਹੋਣ ਤੋਂ ਬਚਾਉਣ ਲਈ ਪ੍ਰੀਖਿਆ ਫਾਰਮ ਦੀ ਤਰੀਕ ਵਿੱਚ ਵਾਧਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਪ੍ਰੀਖਿਆ ਫਾਰਮ ਭਰਨ ਦੀ ਆਖਰੀ ਤਾਰੀਖ ਵਿੱਚ ਵਾਧਾ ਕੀਤਾ ਜਾਵੇ ਤਾਂ ਜੋ ਵਿਦਿਆਰਥੀ ਬਿਨਾਂ ਕਿਸੇ ਲੇਟ ਫੀਸ ਤੋਂ ਆਪਣਾ ਪ੍ਰੀਖਿਆ ਫਾਰਮ ਭਰ ਸਕਣ।

## ਪੁਰਾਣੀ ਪੈਨਸ਼ਨ ਸਕੀਮ ਬਹਾਲੀ ਲਈ ਮੁਲਾਜ਼ਮ ਕਰਨਗੇ ਵਿਧਾਨ ਸਭਾ ਦਾ ਘਿਰਾਓ

ਸੰਗਰੂਰ (ਪ੍ਰਵੀਨ ਸਿੰਘ)-ਸੀ ਪੀ ਐੱਫ ਕ੍ਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜਵੀਰ ਬਡਰੁੱਖਾਂ ਤੇ ਜਨਰਲ ਸਕੱਤਰ ਸੁਰਜੀਤ ਸਿੰਘ ਸੰਧੂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਜੀਤ ਸਿੰਘ ਤੇ ਸੂਬਾ ਜਨਰਲ ਸਕੱਤਰ ਰਣਬੀਰ ਸਿੰਘ ਢੰਡੇ ਵੱਲੋਂ ਸਮੂਹ ਸੂਬਾਈ ਕਮੇਟੀ ਅਤੇ ਜ਼ਿਲ੍ਹਾ ਕਮੇਟੀਆਂ ਨਾਲ ਵਰਚੂਅਲ ਮੀਟਿੰਗ ਕਰਨ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਵਿੱਚ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਹੁਣ ਤੱਕ ਕੋਈ ਠੋਸ ਕਦਮ ਨਹੀਂ ਉਠਾਏ ਗਏ, ਕਿਉਂਕਿ ਹੁਣ ਤੱਕ ਸਰਕਾਰ ਨਾਲ ਹੋਈਆਂ ਮੀਟਿੰਗਾਂ ਵਿੱਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨੂੰ ਸਮਾਂਬੱਧ ਤਰੀਕੇ ਲਾਗੂ ਕਰਨ ਦੀ ਬਜਾਏ ਟਾਲ ਮਟੋਲ ਦੀ ਨੀਤੀ ਹੀ ਅਪਣਾਈ ਜਾ ਰਹੀ ਹੈ, ਜਿਸ ਕਾਰਨ ਐਨਪੀਐੱਸ ਤਹਿਤ ਸੂਬੇ ਦੇ ਕਰੀਬ ਦੋ ਲੱਖ ਸਰਕਾਰੀ ਮੁਲਾਜ਼ਮ ਸਿੱਧੇ ਤਰੀਕੇ ਨਾਲ ਲਗਾਤਾਰ ਪ੍ਰਭਾਵਤ ਹੋ ਰਹੇ ਹਨ। ਇਸ ਲਈ ਜਥੇਬੰਦੀ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ 5 ਮਾਰਚ ਨੂੰ ਵਿਧਾਨ ਸਭਾ ਦਾ ਘਿਰਾਉ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਲ੍ਹਾ ਪ੍ਰਧਾਨ ਰਾਜਵੀਰ ਬਡਰੁੱਖਾਂ ਨੇ ਕਿਹਾ ਕਿ ਸਰਕਾਰ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਲਈ ਗੰਭੀਰ ਹੋ ਕੇ ਸੋਚਣਾ ਪਵੇਗਾ, ਕਿਉਂਕਿ ਚੋਣਾਂ ਵੇਲੇ ਕੀਤੇ ਵਾਅਦੇ ਮੁਤਾਬਕ ਮੁਲਾਜ਼ਮ ਸਰਕਾਰ ਤੋਂ ਆਸਵੰਦ ਹਨ। ਜੇ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਜਲਦ ਨਹੀਂ ਕੀਤੀ ਜਾਂਦੀ ਹੈ ਤਾਂ ਸੂਬੇ ਦਾ ਸਮੁੱਚਾ ਮੁਲਾਜ਼ਮ ਵਰਗ ਸੜਕਾਂ ਤੇ ਉੱਤਰਨ ਲਈ ਮਜਬੂਰ ਹੋ ਜਾਵੇਗਾ। ਆਗੂਆਂ ਨੇ ਅੱਗੇ ਕਿਹਾ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ 05 ਮਾਰਚ ਨੂੰ ਵਿਧਾਨ ਸਭਾ ਦੇ ਘਿਰਾਉ ਦੇ ਸੰਘਰਸ਼ ਦੌਰਾਨ ਭਰਾਤਰੀ ਜਥੇਬੰਦੀਆਂ ਵੀ ਪੂਰਨ ਤੌਰ ਤੇ ਸਮਰਥਨ ਦੇਕੇ ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਹਿੱਸਾ ਲੈ ਰਹੀਆਂ ਹਨ।

## ਕਾਤਰਾਂ

### ਗੁਰਬਖ਼ਸ਼ ਸਿੰਘ ਚੌਹਾਨ ਫਰੀਦਕੋਟ ਤੋਂ ਸੰਭਾਵੀ ਉਮੀਦਵਾਰ



ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਸ੍ਰ. ਗੁਰਜੰਟ ਸਿੰਘ ਗਿੱਲ ਹਲਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ (ਫਰੀਦਕੋਟ) ਨੇ ਪ੍ਰੈੱਸ ਨੋਟ ਜਾਰੀ ਕਰਦੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਜਲੰਧਰ ਵਿਖੇ 28 ਫਰਵਰੀ ਨੂੰ ਸੂਬਾ ਪ੍ਰਧਾਨ ਸ੍ਰ. ਜਸਬੀਰ ਸਿੰਘ ਗੜ੍ਹੀ ਤੇ ਰਣਧੀਰ ਸਿੰਘ ਬੈਨੀਵਾਲ ਇੰਚਾਰਜ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ ਵੱਖ ਲੋਕ ਸਭਾ ਦੇ ਸੰਭਾਵੀ ਉਮੀਦਵਾਰਾਂ ਦੇ ਨਾਮਾਂ ਦੀ ਚਰਚਾ ਹੋਈ, ਜਿਸ ਵਿੱਚ ਲੋਕ ਸਭਾ ਫਰੀਦਕੋਟ ਤੋਂ ਸ੍ਰ. ਗੁਰਬਖ਼ਸ਼ ਸਿੰਘ ਚੌਹਾਨ ਸੰਭਾਵੀ ਉਮੀਦਵਾਰ ਹੋ ਸਕਦੇ ਹਨ।

### ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਮਸ਼ਹੂਰ ਸੰਸਥਾ ਜੇ. ਐੱਮ. ਐੱਸ. ਇਮੀਗ੍ਰੇਸ਼ਨ ਨੇ ਕਾਮਯਾਬੀ ਦੀ ਲੜੀ ਨੂੰ ਜਾਰੀ ਰੱਖਦਿਆਂ ਵਿਦਿਆਰਥੀ ਹਰਕਮਲਪ੍ਰੀਤ ਸਿੰਘ ਵਾਸੀ ਘੋਲੀਆਂ ਕਲਾਂ ਜ਼ਿਲ੍ਹਾ ਮੋਗਾ ਦਾ 2 ਮਡਿਊਲਾਂ ਵਿੱਚੋਂ 5.5 ਹੋਣ ਦੇ ਬਾਵਜੂਦ ਬਹੁਤ ਹੀ ਘੱਟ ਸਮੇਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਕੋਈ ਗੈਪ ਹੈ ਜਾਂ ਪੜ੍ਹਾਈ 'ਚ ਨੰਬਰ ਘੱਟ ਹਨ, ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਸੰਸਥਾ ਜੇ. ਐੱਮ. ਐੱਸ. ਵੱਲੋਂ ਬਹੁਤ ਹੀ ਚੰਗੇ ਢੰਗ ਨਾਲ ਫਾਈਲ ਤਿਆਰ ਕਰਕੇ ਵੀਜ਼ਾ ਅਪਲਾਈ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਬਹੁਤ ਹੀ ਘੱਟ ਸਮੇਂ ਵਿੱਚ ਉਨ੍ਹਾਂ ਨੂੰ ਵੀਜ਼ਾ ਪ੍ਰਾਪਤ ਹੋ ਜਾਵੇ। ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਅਤੇ ਸਟੱਡੀ ਵੀਜ਼ਾ ਆਦਿ ਲਗਵਾਏ ਜਾਂਦੇ ਹਨ। ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵਿਦਿਆਰਥੀ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭੱਵਿਖ ਦੀ ਕਾਮਨਾ ਕੀਤੀ।

### ਪੀ ਏ ਯੂ ਵੱਲੋਂ ਖੇਤਰੀ ਖੋਜ ਕੇਂਦਰ ਵਿਖੇ ਕਿਸਾਨ ਮੇਲਾ 18 ਨੂੰ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ 18 ਮਾਰਚ 2024 ਨੂੰ ਖੇਤਰੀ ਖੋਜ ਕੇਂਦਰ, ਫਰੀਦਕੋਟ ਵਿਖੇ ਕਿਸਾਨ ਮੇਲਾ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਾ: ਕੁਲਦੀਪ ਸਿੰਘ ਨਿਰਦੇਸ਼ਕ ਪੀ.ਏ.ਯੂ. ਖੇਤਰੀ ਖੋਜ ਕੇਂਦਰ ਫਰੀਦਕੋਟ ਨੇ ਦਿੱਤੀ। ਉਨ੍ਹਾ ਦੱਸਿਆ ਕਿ ਇਸ ਕਿਸਾਨ ਮੇਲੇ ਵਿੱਚ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੇ ਸੁਧਰੇ ਬੀਜ ਵੀ ਦਿੱਤੇ ਜਾਣਗੇ ਤੇ ਸਬਜ਼ੀਆਂ ਦੀਆਂ ਕਿੱਟਾਂ ਵੀ ਦਿੱਤੀਆਂ ਜਾਣਗੀਆਂ। ਇਸ ਕਿਸਾਨ ਮੇਲੇ ਵਿੱਚ ਖੇਤੀ ਸੰਬੰਧੀ ਪੁਸਤਕਾਂ ਤੇ ਖੇਤੀ ਸੰਬੰਧਤ ਪ੍ਰਦਰਸ਼ਨੀਆਂ ਵੀ ਲਾਈਆਂ ਜਾਣਗੀਆਂ। ਉਨ੍ਹਾ ਦੱਸਿਆ ਕਿ ਕਿਸਾਨਾਂ ਨੂੰ ਖੇਤੀ ਸਬੰਧੀ ਤਕਨੀਕੀ ਤੇ ਬੀਬੀਆਂ ਨੂੰ ਘਰੇਲੂ ਕੰਮਾਂ ਸੰਬੰਧੀ ਜਾਣਕਾਰੀ ਦਿੱਤੀ ਜਾਵੇਗੀ ਤੇ ਖੇਤੀ ਸਮੱਸਿਆਵਾਂ ਦੇ ਮੌਕੇ 'ਤੇ ਹੱਲ ਦੱਸੇ ਜਾਣਗੇ।

### ਮਾਡਰਨ ਸੈਕੂਲਰ ਪਬਲਿਕ ਸਕੂਲ ਬਣੇ ਆਈ ਸਕੂਲ : ਡਾ. ਧੂਰੀ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਮਾਡਰਨ ਸੈਕੂਲਰ ਪਬਲਿਕ ਸਕੂਲ ਜੋ ਕਿ ਸਿੱਖਿਆ ਮਾਹਰਾਂ ਦੁਆਰਾ ਚਲਾਏ ਜਾ ਰਹੇ ਹਨ, ਨਵੇਂ ਵਿੱਦਿਅਕ ਵਰ੍ਹੇ ਤੋਂ ਇਹ ਸਕੂਲ ਐਜੂਕੇਸ਼ਨਲੀ ਇਗਨਾਇਟਰ ਸਕੂਲ ਬਣਨਗੇ। ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਸਾਰੇ ਮਾਡਰਨ ਸੈਕੂਲਰ ਪਬਲਿਕ ਸਕੂਲ ਧੂਰੀ, ਭੀਖੀ, ਸ਼ੇਰਗੜ੍ਹ, ਚੀਮਾ ਤੇ ਮਲੇਰਕੋਟਲਾ ਨਵੇਂ ਸੈਸ਼ਨ 2024-25 ਤੋਂ ਨਵੀਆਂ ਪੈੜਾਂ ਪਾਉਣ ਜਾ ਰਹੇ ਹਨ, ਜਿਸ ਤਹਿਤ ਇਹ ਸਕੂਲ ਨਵੀਂ ਸਿੱਖਿਆ ਨੀਤੀ ਮੁਤਾਬਕ ਸਿੱਖਿਆ ਦੇ ਨਵੇਂ ਸਾਧਨ ਅਪਨਾਉਣਗੇ। ਭਾਰਤ ਸਰਕਾਰ ਵੱਲੋਂ ਜਾਰੀ ਸਕੂਲ ਬੈਗ ਪਾਲਿਸੀ ਤਹਿਤ ਆਈ ਸਕੂਲ ਕਨਸੈਪਟ ਤਹਿਤ ਵਿਦਿਆਰਥੀਆਂ ਦੇ ਬਸਤਿਆਂ ਦਾ ਵਜ਼ਨ ਲਗਭਗ 40 ਪ੍ਰਤੀਸ਼ਤ ਘਟਾ ਦਿੱਤਾ ਜਾਵੇਗਾ। ਬਿਨਾਂ ਸਲੇਬਸ ਨੂੰ ਘੱਟ ਕੀਤੇ ਤੇ ਬਿਨਾਂ ਕੀਮਤਾਂ ਵਧਾਏ ਇਹ ਵਜ਼ਨ ਘੱਟ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਅਤਿ-ਆਧੁਨਿਕ ਪੜ੍ਹਾਉਣ ਦੀਆਂ ਵਿਧੀਆਂ ਅਪਨਾਈਆਂ ਜਾ ਰਹੀਆਂ ਹਨ, ਜਿਸ ਲਈ ਆਈ ਸਕੂਲ ਦੀ ਵਿੱਦਿਅਕ ਟੀਮ ਸਮੇਂ ਸਮੇਂ ਸਹਿਯੋਗੀ ਨਰੀਖਣ ਕਰੇਗੀ। ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਕੌਸ਼ਲ ਯੁਕਤ ਪੜ੍ਹਾਈ ਕਰਵਾਈ ਜਾਵੇਗੀ।

## ਬਲਾਕ ਸਿੱਖਿਆ ਅਫ਼ਸਰ ਨੇ ਪੈਲੇਸਾਂ 'ਚ ਵੱਜਦੇ ਡੀ ਜੇ ਕਾਰਨ ਬੱਚਿਆਂ ਦੀ ਪੜ੍ਹਾਈ 'ਚ ਪੈਂਦੇ ਵਿਘਨ ਖ਼ਿਲਾਫ਼ ਲਿਆ ਨੋਟਿਸ

■ ਐੱਸ ਡੀ ਐੱਮ ਨੂੰ ਚਿੱਠੀ ਲਿਖ ਕੇ ਸ਼ੋਰ ਪ੍ਰਦੂਸ਼ਣ ਬੰਦ ਕਰਵਾਉਣ ਦੀ ਕੀਤੀ ਮੰਗ



ਜਗਰਾਉਂ (ਅਮਿਤ ਖੰਨਾ)-ਪੈਲੇਸਾਂ 'ਚ ਉੱਚੀ ਆਵਾਜ਼ 'ਚ ਵੱਜਦੇ ਗੀਤਾਂ ਕਾਰਨ ਵਿਦਿਆਰਥੀਆਂ ਨੂੰ ਪੜ੍ਹਾਈ 'ਚ ਆ ਰਹੀ ਪ੍ਰੇਸ਼ਾਨੀ ਦਾ ਪਿੰਡ ਰਾਮਗੜ੍ਹ ਭੁੱਲਰ ਦੇ ਲੋਕਾਂ ਵੱਲੋਂ ਤੇ ਸਮੂਹ ਸਟਾਫ਼ ਵੱਲੋਂ ਸਿਵਲ ਤੇ ਪੁਲਸ ਪ੍ਰਸ਼ਾਸਨਕ ਅਧਿਕਾਰੀਆਂ ਕੋਲ ਮੁੱਦਾ ਉਠਾਉਣ ਦੀਆਂ ਮੀਡੀਆ 'ਚ ਛਪੀਆਂ ਖ਼ਬਰਾਂ ਤੋਂ ਬਾਅਦ ਬਲਾਕ ਸਿੱਖਿਆ ਅਫ਼ਸਰ ਸੁਖਦੇਵ ਸਿੰਘ ਹਠੂਰ ਨੇ ਇਸ ਦਾ ਨੋਟਿਸ ਲੈਂਦਿਆਂ ਐੱਸ ਡੀ ਐੱਮ ਜਗਰਾਉਂ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਪੈਲੇਸਾਂ 'ਚ ਵੱਜਦੇ ਉੱਚੀ ਆਵਾਜ਼ 'ਚ ਡੀ. ਜੇ., ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਕਰ ਰਹੇ ਹਨ, 'ਤੇ ਤੁਰੰਤ ਰੋਕ ਲਗਾਈ ਜਾਵੇ। ਉਨ੍ਹਾ ਕਿਹਾ ਕਿ ਸ਼ੋਰ ਪ੍ਰਦੂਸ਼ਣ ਵੀ ਕਾਨੂੰਨੀ ਜੁਰਮ ਹੈ ਤੇ ਪੈਲੇਸ ਬਣਾਉਣ ਦੀ ਸਰਕਾਰ ਵੱਲੋਂ ਲਈ ਜਾਂਦੀ ਇਜਾਜ਼ਤ ਸਮੇਂ ਪੈਲੇਸਾਂ ਦੇ ਮਾਲਕ ਇਹ ਲਿਖਤੀ ਤੌਰ 'ਤੇ ਯਕੀਨ ਦਿਵਾਉਂਦੇ ਹਨ ਕਿ ਵਿਆਹਾਂ 'ਚ ਵੱਜਦੇ ਗੀਤਾਂ ਦੀ ਆਵਾਜ਼ ਪੈਲੇਸਾਂ ਦੀ ਹਦੂਦ ਦੇ ਅੰਦਰ ਹੀ ਰਹੇਗੀ ਤੇ ਨਾਲ ਹੀ ਪਿੰਡਾਂ 'ਚ ਵਿਆਹਾਂ 'ਚ ਵੱਜਦੇ ਡੀ. ਜੇ. ਵੀ ਸਿਰਫ਼ ਰਾਤ 10 ਵਜੇ ਤੱਕ ਹੀ ਚਲਾਉਣ ਦੀ ਇਜਾਜ਼ਤ ਹੈ, ਜਦੋਂ ਕਿ ਇਨ੍ਹਾਂ ਦਿਨਾਂ 'ਚ ਪੇਪਰ ਚੱਲਦੇ ਹੋਣ ਦੇ ਬਾਵਜੂਦ ਦੇਰ ਰਾਤ ਤੱਕ ਵੱਜਦੇ ਡੀ. ਜੇ. ਬੱਚਿਆਂ ਦੀ ਪੜ੍ਹਾਈ 'ਚ ਵਿਘਨ ਪਾਉਂਦੇ ਹਨ। ਉਨ੍ਹਾਂ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਤੋਂ ਮੰਗ ਕੀਤੀ ਹੈ ਕਿ ਬੱਚਿਆਂ ਦੀ ਪੜ੍ਹਾਈ 'ਚ ਵਿਘਨ ਪਾਉਂਦੇ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਤੁਰੰਤ ਕਦਮ ਚੁੱਕੇ ਤੇ ਪੁਲਸ ਨੂੰ ਹਦਾਇਤ ਕੀਤੀ ਜਾਵੇ। ਉਨ੍ਹਾਂ ਪਿੰਡ ਰਾਮਗੜ੍ਹ ਭੁੱਲਰ ਦੇ ਪੈਲੇਸਾਂ 'ਚ ਵੱਜਦੇ ਉੱਚੀ ਆਵਾਜ਼ 'ਚ ਡੀ. ਜੇ. ਖ਼ਿਲਾਫ਼ ਉੱਠੇ ਸੰਘਰਸ਼ ਦੀ ਹਮਾਇਤ ਕਰਦਿਆਂ ਲੋਕਾਂ ਨੂੰ ਸ਼ੋਰ ਪ੍ਰਦੂਸ਼ਣ ਖ਼ਿਲਾਫ਼ ਆਵਾਜ਼ ਉਠਾਉਣ ਦਾ ਸੱਦਾ ਦਿੱਤਾ। ਉਨ੍ਹਾਂ ਪਿੰਡਾਂ ਦੇ ਮੋਹਤਵਰਾਂ ਨੂੰ ਵੀ ਕਿਹਾ ਕਿ ਬੱਚਿਆਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਲਈ ਪੜ੍ਹਾਈ 'ਚ ਵਿਘਨ ਬਣਦੇ ਅਜਿਹੇ ਕਾਰਨਾਂ ਦਾ ਨੋਟਿਸ ਲੈਣ ਤੇ ਅਧਿਆਪਕਾਂ ਦਾ ਸਾਥ ਦੇਣ। ਬਲਾਕ ਸਿੱਖਿਆ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਜਗਰਾਉਂ ਬਲਾਕ ਦੇ ਅਧਿਆਪਕਾਂ ਨੂੰ ਵੀ ਲਿਖਤੀ ਚਿੱਠੀ ਭੇਜ ਕੇ ਕਿਹਾ ਕਿ ਜੇਕਰ ਕਿਸੇ ਵੀ ਸਕੂਲ ਦੇ ਨੇੜੇ ਪੈਲੇਸਾਂ 'ਚ ਵੱਜਦੇ ਡੀ. ਜੇ. ਦੀ ਅਜਿਹੀ ਸਮੱਸਿਆ ਹੈ ਤਾਂ ਉਹ ਤੁਰੰਤ ਇਸ ਬਾਰੇ ਬਲਾਕ ਦਫ਼ਤਰ ਨੂੰ ਜਾਣੂ ਕਰਵਾਉਣ।

## ਗਲੋਬਲ ਫਲਾਇਰਜ਼ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾਇਆ




ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)-ਗਲੋਬਲ ਫਲਾਇਰਜ਼ ਆਈਲੈਟਸ ਤੇ ਇਮੀਗ੍ਰੇਸ਼ਨ ਸੰਸਥਾ ਜੋ ਕਿ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਜੋ ਕਿ ਵਿਦਿਆਰਥੀਆਂ ਨੂੰ ਆਈਲਟਸ ਦੀ ਪ੍ਰੀਖਿਆ ਸਬੰਧੀ ਸ਼ਾਨਦਾਰ ਕੋਚਿੰਗ ਦੇ ਰਹੀ ਹੈ ਤੇ ਚੰਗੇ ਬੈਂਡ ਦਿਵਾ ਕੇ ਇਮੀਗ੍ਰੇਸ਼ਨ ਖੇਤਰ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੀ ਹੈ, ਹੁਣ ਤੱਕ ਅਨੇਕਾਂ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਲਈ ਵਿਦੇਸ਼ ਭੇਜ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰ ਰਹੀ ਹੈ, ਉਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਅਤੇ ਵਿਜ਼ਿਟਰ ਵੀਜ਼ੇ 'ਚ ਮੁਹਾਰਤ ਹਾਸਲ ਕਰ ਚੁੱਕੀ ਹੈ। ਇਸ ਸੰਸਥਾ ਵੱਲੋਂ ਮਨਦੀਪ ਕੌਰ ਵਾਸੀ ਦੌਧਰ ਸ਼ਰਕੀ ਦਾ ਬਹੁਤ ਘੱਟ ਸਮੇਂ ਵਿਚ ਕੈਨੇਡਾ ਦੇ ਯਾਰਕਵਿਲ ਯੂਨੀਵਰਸਿਟੀ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ ਹੈ। ਐਮ ਡੀ ਰਜਤ ਪਲਤਾ ਨੇ ਦੱਸਿਆ ਕਿ ਮਿਹਨਤੀ ਅਤੇ ਤਜਰਬੇਕਾਰ ਸਟਾਫ ਸਦਕਾ ਮਨਦੀਪ ਕੌਰ ਨੇ ਵੀਜ਼ਾ ਪ੍ਰਾਪਤ ਕੀਤਾ। ਇਸ ਮੌਕੇ ਮਨਦੀਪ ਕੌਰ ਅਤੇ ਉਨ੍ਹਾਂ ਦੇ ਪਰਵਾਰ ਨਾਲ ਖੁਸ਼ੀ ਜ਼ਾਹਰ ਕਰਦਿਆਂ ਐਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਜਗਜੀਤ ਸਿੰਘ ਦਾ ਸੇਵਾ-ਮੁਕਤੀ ਮੌਕੇ ਸਨਮਾਨ



ਕੋਟਕਪੂਰਾ (ਰਛਪਾਲ ਭੁੱਲਰ)-ਪਸ਼ੂ ਪਾਲਣ ਵਿਭਾਗ ਫਰੀਦਕੋਟ ਵਿਖੇ ਬਤੌਰ ਸੇਵਾਦਾਰ ਲਗਭਗ 30 ਸਾਲ ਦੀ ਸ਼ਾਨਦਾਰ ਸੇਵਾ ਨਿਭਾਉਣ ਉਪਰੰਤ ਜਗਜੀਤ ਸਿੰਘ 29 ਫਰਵਰੀ 2024 ਨੂੰ ਸੇਵਾ ਮੁਕਤ ਹੋ ਗਏ ਹਨ। ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਡਾਕਟਰ ਪਰਵੀਨ ਕੁਮਾਰ ਡਿਪਟੀ ਡਾਇਰੈਕਟਰ, ਡਾਕਟਰ ਹਰਜਿੰਦਰ ਸਿੰਘ, ਸੁਰਜੀਤ ਸਿੰਘ ਐੱਸ ਵੀ ਓ, ਕੁਲਦੀਪ ਸਿੰਘ, ਮਨਜੀਤ ਸਿੰਘ, ਕੁਲਬੀਰ ਸਿੰਘ ਸਰਾਵਾਂ ਜ਼ਿਲ੍ਹਾ ਪ੍ਰਧਾਨ ਪਸ਼ੂ ਪਾਲਣ ਵਿਭਾਗ, ਕਸ਼ਮੀਰ ਸਿੰਘ, ਮਲਕੀਤ ਸਿੰਘ, ਮੀਨਾ ਕੁਮਾਰੀ, ਰਣਜੀਤ ਕੌਰ, ਰਜਨੀ, ਭੋਲਾ ਸਿੰਘ ਤੇ ਇਕਬਾਲ ਸਿੰਘ ਢੁੱਡੀ ਪ੍ਰਧਾਨ ਪਸ਼ੂ ਪਾਲਣ ਤੇ ਸਮੂਹ ਸਟਾਫ ਵੱਲੋਂ ਵਿਦਾਇਗੀ ਪਾਰਟੀ ਕੀਤੀ ਗਈ। ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਇਕਬਾਲ ਸਿੰਘ ਢੁੱਡੀ ਨੇ ਆਪਣੇ ਸੰਬੋਧਨ ਵਿੱਚ ਸਾਥੀ ਜਗਜੀਤ ਸਿੰਘ ਵੱਲੋਂ ਪਸ਼ੂ ਪਾਲਣ ਵਿਭਾਗ ਤੇ ਜਥੇਬੰਦੀ ਪ੍ਰਤੀ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਸਮੂਹ ਸਟਾਫ ਮੈਂਬਰਾਂ ਤੇ ਜਥੇਬੰਦੀ ਦੇ ਆਗੂਆਂ ਵੱਲੋਂ ਸ਼ਾਨਦਾਰ ਤੋਹਫੇ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਸਲਾਈਟ ਵਿਖੇ ਜਰਮਨ ਵਿਗਿਆਨੀ ਡਾਕਟਰ ਔਲਫਾ ਦਾ ਲੈਕਚਰ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸਲਾਈਟ (ਡੀਮਡ ਯੂਨੀਵਰਸਿਟੀ) ਲੌਂਗੋਵਾਲ ਦੇ ਇਲੈਕਟ੍ਰਾਨਿਕਸ ਵਿਭਾਗ ਵੱਲੋਂ ਡਾਇਰੈਕਟਰ ਪ੍ਰੋ. ਮਣੀ ਕਾਂਤ ਪਾਸਵਾਨ ਦੇ ਉੱਦਮ ਤੇ ਡੀਨ (ਖੋਜ) ਡਾਕਟਰ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਭਾਰਤ ਤੇ ਜਰਮਨੀ ਦੇ ਖੇਤੀ ਸੈਕਟਰ ਨੂੰ ਹੋਰ ਮਜ਼ਬੂਤ ਕਰਨ ਤਹਿਤ ਜਰਮਨ ਵਿਗਿਆਨੀ ਡਾਕਟਰ ਔਲਫਾ ਕਨਉਨ ਦਾ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। 'ਪ੍ਰਾਸਪੈਕਟਸ ਆਫ ਸੈਨਸ਼ਰਜ਼' ਵਿਸ਼ੇ 'ਤੇ ਡਾਕਟਰ ਕਨਉਨ ਨੇ ਸੈਨਸ਼ਰਜ਼ ਤਕਨੀਕ ਦੀਆਂ ਖੇਤੀ ਵਿੱਚ ਉਪਯੋਗਤਾਵਾਂ ਤੇ ਸੰਭਾਵਨਾਵਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਉਪਜਾਊ ਮਿੱਟੀ ਤੇ ਖੇਤੀ ਦੀ ਸਿਫਤ ਕੀਤੀ। ਉਨ੍ਹਾਂ ਨਾਲ ਮਿਸਟਰ ਦੀਵਾਕਰ ਰਜਿਦਰਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਸਥਾ ਵੱਲੋਂ ਡਾਕਟਰ ਕਨਉਨ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਵਿਭਾਗੀ ਮੁਖੀ ਡਾ. ਅਜੈ ਪਾਲ ਸਿੰਘ, ਡਾ. ਏ ਪੀ ਸਿੰਘ, ਡਾ. ਦਲੀਪ ਕੁਮਾਰ, ਡਾ. ਵਰਮਾ, ਇੰਜ. ਵਿਪਲ ਸਿੰਗਾਲ, ਇੰਜ. ਵਿਵੇਕ ਹਰਸੇ, ਗੁਰਮੀਤ ਸਿੰਘ, ਵਿਜੈ ਪਰਾਸ਼ਰ, ਪ੍ਰਤਾਪ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੋਜਾਰਥੀ ਵਿਦਿਆਰਥੀ ਹਾਜ਼ਰ ਸਨ।

## ਪ੍ਰੋ. ਉੱਪਲ ਨੂੰ ਆਨਰੇਰੀ ਡੀ. ਲਿਟ ਡਿਗਰੀ ਨਾਲ ਕੀਤਾ ਸਨਮਾਨਤ



ਮਲੋਟ (ਗੁਰਮੀਤ ਸਿੰਘ ਮੱਕੜ)-ਮਲੋਟ ਨਿਵਾਸੀ ਤੇ ਬਾਬਾ ਫਰੀਦ ਕਾਲਜ ਦੇ ਪ੍ਰੋ. ਆਰ ਕੇ ਉੱਪਲ ਨੂੰ ਉੱਚ ਸਿੱਖਿਆ ਤੇ ਖੋਜ ਵਿੱਚ ਸ਼ਾਨਦਾਰ ਯੋਗਦਾਨ ਲਈ ਗਲੋਬਲ ਨੈਸ਼ਨ ਓਪਨ ਯੂਨੀਵਰਸਿਟੀ ਤੋਂ ਆਨਰੇਰੀ ਡਾਕਟਰੇਟ ਪ੍ਰਾਪਤ ਹੋਈ ਹੈ। ਪ੍ਰੋ. ਉੱਪਲ ਨੇ ਖੋਜ ਤੇ ਸਿੱਖਿਆ ਵਿੱਚ ਅਹਿਮ ਯੋਗਦਾਨ ਪਾਇਆ ਹੈ। ਜ਼ਿਕਰਯੋਗ ਹੈ ਕਿ ਰਾਜਿੰਦਰ ਕੁਮਾਰ ਉੱਪਲ, ਪ੍ਰੋਫੈਸਰ ਐਮਰੀਟਸ ਇੱਕ ਮਿਸਾਲੀ ਵਿਦਵਾਨ ਤੇ ਪੇਸ਼ੇਵਰ ਹਨ, ਜੋ ਆਪਣੇ ਬੇਮਿਸਾਲ ਅਕਾਦਮਿਕ ਤੇ ਖੋਜ ਪਿਛੋਕੜ ਲਈ ਮਸ਼ਹੂਰ ਹਨ। ਉਸ ਨੂੰ ਅਕਾਦਮਿਕ ਭਾਈਚਾਰੇ ਵਿੱਚ ਬਹੁਤ ਮਾਨਤਾ ਦਿੱਤੀ ਜਾਂਦੀ ਹੈ ਤੇ ਸਿੱਖਿਆ ਦੇ ਖੇਤਰਾਂ ਵਿੱਚ ਵਧੀਆ ਅਭਿਆਸਾਂ ਦਾ ਪ੍ਰਚਾਰ ਕਰਨ ਲਈ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ। ਇਸ ਤੋਂ ਇਲਾਵਾ ਉਨ੍ਹਾ ਰਾਸ਼ਟਰੀ ਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਬਹੁਤ ਸਾਰੀਆਂ ਚੰਗੀ ਤਰ੍ਹਾਂ ਖੋਜੀਆਂ ਕਿਤਾਬਾਂ ਤੇ ਤਕਨੀਕੀ ਪੇਪਰਾਂ ਦੇ ਪ੍ਰਕਾਸ਼ਨ ਦੁਆਰਾ ਗਿਆਨ ਕਾਰਜਾਂ ਦੀਆਂ ਸੀਮਾਵਾਂ ਨੂੰ ਮਹੱਤਵਪੂਰਨ ਰੂਪ ਵਿਚ ਵਧਾਇਆ। ਵਰਤਮਾਨ ਵਿੱਚ ਡਾ. ਉੱਪਲ ਇੰਡੀਅਨ ਇੰਸਟੀਚਿਊਟ ਆਫ਼ ਫਾਈਨਾਂਸ ਨਵੀਂ ਦਿੱਲੀ ਵਿੱਚ ਪ੍ਰੋਫੈਸਰ ਐਮਰੀਟਸ ਤੇ ਖੋਜ ਪ੍ਰੋਫੈਸਰ ਹਨ। ਪ੍ਰੋ. ਉੱਪਲ ਦੀ ਇਸ ਪ੍ਰਾਪਤੀ 'ਤੇ ਬਾਬਾ ਫਰੀਦ ਕਾਲਜ ਦੀ ਸਮੂਹ ਮੈਨੇਜਮੈਂਟ ਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵਧਾਈ ਦਿੱਤੀ ਹੈ।

## ਸ਼ੁਭਕਰਨ ਦੀ ਮੌਤ ਸੰਬੰਧੀ ਦਰਜ ਐੱਫ ਆਈ ਆਰ ਮਹਿਜ਼ ਪੈਰਾਂ ਤੋਂ ਮਿੱਟੀ ਝਾੜਨ ਬਰਾਬਰ : ਸਿਮਰਪ੍ਰਤਾਪ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸੀਨੀਅਰ ਅਕਾਲੀ ਆਗੂ ਐਡਵੋਕੇਟ ਸਿਮਰਪ੍ਰਤਾਪ ਸਿੰਘ ਬਰਨਾਲਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨੀ ਮੋਰਚੇ ਵਿੱਚ ਮਾਰੇ ਗਏ ਸ਼ੁੱਭਕਰਨ ਸਿੰਘ ਦੇ ਮਾਮਲੇ ਵਿੱਚ ਦਰਜ ਕੀਤੀ ਐੱਫ ਆਈ ਆਰ ਨੇ ਪੰਜਾਬ ਸਰਕਾਰ ਦੀ ਬੇਈਮਾਨੀ ਜੱਗ ਜ਼ਾਹਰ ਕੀਤੀ ਹੈ। ਉਹ ਪਿੰਡ ਘਨੌਰੀ ਕਲਾਂ ਵਿਖੇ ਸਰਕਲ ਜਥੇਦਾਰ ਅਜਮੇਰ ਸਿੰਘ ਦੀ ਪਤਨੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਉਨ੍ਹਾਂ ਦੇ ਗ੍ਰਹਿ ਵਿਖੇ ਅਫਸੋਸ ਪ੍ਰਗਟ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾ ਕਿਹਾ ਕਿ ਦਰਜ ਕੀਤੀ ਜ਼ੀਰੋ ਐੱਫ.ਆਈ.ਆਰ. ਜਿਹੜੀ ਕਿ ਇਹ ਦੱਸਦੀ ਹੈ ਕਿ ਅਣਪਛਾਤੀ ਪੁਲਸ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਅਤੇ ਇਹ ਪੰਜਾਬ ਵਿੱਚ ਨਹੀਂ, ਸਗੋਂ ਹਰਿਆਣਾ ਵਿੱਚ ਘਟਨਾ ਵਾਪਰੀ ਹੈ, ਅਜਿਹੀ ਪੇਸ਼ ਕੀਤੀ ਰਿਪੋਰਟ ਜਿੱਥੇ ਮ੍ਰਿਤਕ ਕਿਸਾਨ ਨੂੰ ਇਨਸਾਫ ਤਾਂ ਕੀ ਦਿਵਾਏਗੀ, ਸਗੋਂ ਦੋਵੇਂ ਸਰਕਾਰਾਂ ਵੱਲੋਂ ਬਦਲੇ ਦੀ ਰਾਜਨੀਤੀ ਤਹਿਤ ਕਿਸਾਨ ਆਗੂਆਂ ਜਾਂ ਕਿਸਾਨਾਂ ਨੂੰ ਵੀ ਨਾਮਜ਼ਦ ਕੀਤਾ ਜਾ ਸਕਦਾ। ਉਨ੍ਹਾ ਕਿਹਾ ਕਿ ਕਿਸੇ ਸਮੇਂ ਮੈਂਬਰ ਪਾਰਲੀਮੈਂਟ ਹੁੰਦਿਆਂ ਮੁੱਖ ਮੰਤਰੀ ਮਾਨ ਨੇ ਸੰਸਦ ਵਿੱਚ ਪੰਜਾਬ ਦੀ ਇੱਕ ਘਟਨਾ 'ਤੇ ਤੰਜ ਕਰਦਿਆਂ ਕਿਹਾ ਸੀ ਕਿ ਪੁਲਸ ਅਣਪਛਾਤੀ ਕਿਵੇਂ ਹੋ ਸਕਦੀ ਆ, ਪਰ ਜਦੋਂ ਹੁਣ ਆਪਣੀ ਸਰਕਾਰ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਖੜਨ ਦੀ ਗੱਲ ਆਈ ਤਾਂ ਉਨ੍ਹਾਂ ਪੰਜਾਬ ਨੂੰ ਪਿੱਠ ਦਿਖਾਉਂਦਿਆਂ ਹਰਿਆਣਾ ਪੁਲਸ ਨੂੰ ਅਣਪਛਾਤੇ ਬਣਾ ਕੇ ਪੇਸ਼ ਕੀਤਾ ਤਾਂ ਕਿ ਦੋਵੇਂ ਸਰਕਾਰਾਂ ਦੀ ਆਪਸੀ ਮਿਲੀਭੁਗਤ ਬਣੀ ਰਹੇ। ਉਨ੍ਹਾ ਪੰਜਾਬ ਦੇ ਹਾਲਾਤਾਂ 'ਤੇ ਗੱਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਆਪਣੇ ਫਰਜ਼ਾਂ ਨੂੰ ਪਛਾਨਣ ਕਿ ਪੰਜਾਬ ਬੜੇ ਮੁਸ਼ਕਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਹੁਣ ਚੁਟਕਲੇਬਾਜ਼ੀ ਤੋਂ ਬਾਹਰ ਆ ਕੇ ਆਮ ਲੋਕਾਂ ਦਾ ਸਹਾਰਾ ਬਣਨ। ਅੰਤ 'ਚ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨਾਂ ਦੇ ਮਸਲੇ ਬਿਨਾਂ ਦੇਰੀ ਕੀਤੇ ਹੱਲ ਹੋਣੇ ਚਾਹੀਦੇ ਹਨ ਤਾਂ ਜੋ ਕਿਸਾਨ ਤੇ ਕਿਸਾਨੀ ਬਚ ਸਕੇ। ਇਸ ਮੌਕੇ ਜਥੇਦਾਰ ਅਜਮੇਰ ਸਿੰਘ ਘਨੌਰੀ ਕਲਾਂ, ਇੰਦਰਜੀਤ ਸਿੰਘ ਸਾਬਕਾ ਚੇਅਰਮੈਨ, ਸ੍ਰ. ਬੂਟਾ ਸਿੰਘ ਯੂਥ ਆਗੂ ਹਾਜ਼ਰ ਸਨ।

## ਡੀ ਏ ਵੀ ਸਕੂਲ 'ਚ ਸ੍ਰੀਮਤੀ ਸੁਰਿੰਦਰ ਦੀ ਸੇਵਾ-ਮੁਕਤੀ 'ਤੇ ਸਮਾਗਮ



ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ ਏ ਵੀ ਪਬਲਿਕ ਸਕੂਲ ਵਿਖੇ ਸਕੂਲ ਦੇ ਸਹਾਇਕ ਸਟਾਫ਼ ਸ਼੍ਰੀਮਤੀ ਸੁਰਿੰਦਰ ਦੀ ਸੇਵਾ ਮੁਕਤੀ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਪ੍ਰੋਗਰਾਮ ਕਰਾਇਆ ਗਿਆ। ਸਭ ਤੋਂ ਪਹਿਲਾਂ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਤੇ ਅਧਿਆਪਕਾਂ ਨੇ ਸ਼੍ਰੀਮਤੀ ਸੁਰਿੰਦਰ ਨੂੰ ਫੁੱਲਾਂ ਦੇ ਗੁਲਦਸਤੇ ਤੇ ਯਾਦਗਾਰੀ ਚਿੰਨ੍ਹ ਦੇ ਕੇ ਜੀ ਆਇਆਂ ਕਿਹਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਬਠਲਾ ਨੇ ਕਿਹਾ ਕਿ ਸ਼੍ਰੀਮਤੀ ਸੁਰਿੰਦਰ ਨੇ ਆਪਣੇ ਸੇਵਾ ਕਾਲ ਦੌਰਾਨ ਸਕੂਲ ਦੀ ਬਹੁਤ ਸੇਵਾ ਕੀਤੀ। ਆਪਣੀ ਮਿਹਨਤ ਤੇ ਸੇਵਾ ਦੇ ਬਲਬੂਤੇ ਇਸ ਸਕੂਲ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ। ਉਸ ਨੇ ਮਿਹਨਤ ਤੇ ਇਮਾਨਦਾਰੀ ਨਾਲ ਸਕੂਲ ਦੀ ਸੇਵਾ ਕੀਤੀ ਤੇ ਸਕੂਲ ਉਨ੍ਹਾ ਦੀ ਸੇਵਾ ਭਾਵਨਾ ਨੂੰ ਹਮੇਸ਼ਾ ਯਾਦ ਰੱਖੇਗਾ। ਅੰਤ ਵਿੱਚ ਸ਼੍ਰੀਮਤੀ ਸੁਰਿੰਦਰ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਵਿੱਚ ਸੇਵਾ ਕਰਦਿਆਂ ਮਿਲੇ ਪਿਆਰ ਤੇ ਸਹਿਯੋਗ ਨੂੰ ਮੈਂ ਹਮੇਸ਼ਾ ਯਾਦ ਰੱਖਾਂਗੀ। ਡੀ ਏ ਵੀ ਸਕੂਲ ਵਿੱਚ ਮੇਰਾ ਕਾਰਜਕਾਲ ਬਹੁਤ ਵਧੀਆ ਰਿਹਾ। ਸਟੇਜ ਦਾ ਸੰਚਾਲਨ ਅਧਿਆਪਕਾ ਸ਼੍ਰੀਮਤੀ ਆਸ਼ੂ ਗਾਂਧੀ ਨੇ ਕੀਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਵਿਧਾਨ ਸਭਾ 'ਚ ਮਾਤਾ ਹਰਬੰਸ ਕੌਰ ਸੱਗੂ ਨੂੰ ਸ਼ਰਧਾਂਜਲੀ ਭੇਟ


ਸ਼ਰਧਾਂਜਲੀ ਭੇਟ ਕਰਨ ਦਾ ਪ੍ਰਸਤਾਵ ਪੇਸ਼ ਕਰਦੇ ਕੈਬਨਿਟ ਮੰਤਰੀ ਅਮਨ ਅਰੋੜਾ (ਸੱਜੇ) ਮਾਤਾ ਹਰਬੰਸ ਕੌਰ ਸੱਗੂ ਦੀ ਫਾਈਲ ਫੋਟੋ।

ਸੁਨਾਮ ਊਧਮ ਸਿੰਘ ਵਾਲਾ (ਸੱਗੂ)-ਪੰਜਾਬ ਦੇ ਕੈਬਨਿਟ ਮੰਤਰੀ ਤੇ ਸੁਨਾਮ ਦੇ ਵਿਧਾਇਕ ਅਮਨ ਅਰੋੜਾ ਦੀ ਪਹਿਲਕਦਮੀ 'ਤੇ ਸ਼ੁੱਕਰਵਾਰ ਨੂੰ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਸੁਨਾਮ ਨਿਵਾਸੀ ਮਾਤਾ ਹਰਬੰਸ ਕੌਰ ਸੱਗੂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਅਜਲਾਸ ਦੌਰਾਨ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਸ਼ਹੀਦਾਂ ਤੇ ਪਤਵੰਤਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਤੁਰੰਤ ਬਾਅਦ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਦਨ ਵਿੱਚ ਖੜੇ ਹੋ ਕੇ ਮਾਣਯੋਗ ਸਪੀਕਰ ਤੇ ਸਮੁੱਚੇ ਸਦਨ ਨੂੰ ਸ਼ਰਧਾਂਜਲੀ ਦੇਣ ਦੀ ਬੇਨਤੀ ਕਰਨ ਵਾਲਾ ਮਤਾ ਪੇਸ਼ ਕੀਤਾ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਾਤਾ ਹਰਬੰਸ ਕੌਰ ਸੱਗੂ ਸੁਨਾਮ ਦੇ ਸੀਨੀਅਰ ਪੱਤਰਕਾਰ ਤੇ ਮਰਹੂਮ ਆਜ਼ਾਦੀ ਘੁਲਾਟੀਏ ਜੰਗੀਰ ਸਿੰਘ ਸੁਤੰਤਰ ਦੀ ਧਰਮ ਪਤਨੀ ਸਨ। ਇਸ ਲਈ ਉਨ੍ਹਾ ਨੂੰ ਵੀ ਸਦਨ ਵਿੱਚ ਸ਼ਰਧਾਂਜਲੀ ਦੇ ਕੇ ਬਣਦਾ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਵਿਧਾਨ ਸਭਾ ਦੇ ਮਾਣਯੋਗ ਸਪੀਕਰ ਨੇ ਤੁਰੰਤ ਇਸ ਨੂੰ ਸਵੀਕਾਰ ਕਰ ਲਿਆ। ਸੁਨਾਮ ਦੀ ਜਰਨਲਿਸਟ ਐਸੋਸੀਏਸ਼ਨ (ਪ੍ਰੈੱਸ ਕਲੱਬ) ਨੇ ਇਸ ਸਨਮਾਨ ਲਈ ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਨ ਸਭਾ ਦੇ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਸੁਸ਼ੀਲ ਕਾਂਸਲ ਨੇ ਕਿਹਾ ਕਿ ਅਜਿਹਾ ਕਰਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨਾ ਸਿਰਫ ਆਜ਼ਾਦੀ ਘੁਲਾਟੀਆਂ ਦਾ ਸਨਮਾਨ ਕੀਤਾ ਹੈ, ਸਗੋਂ ਪੱਤਰਕਾਰ ਭਾਈਚਾਰੇ ਦਾ ਵੀ ਸਨਮਾਨ ਕੀਤਾ ਹੈ।

## 'ਆਪ' ਸਰਕਾਰ ਪੰਜਾਬ ਵਾਸੀਆਂ ਨੂੰ ਦਿੱਤੀ ਹਰ ਗਰੰਟੀ ਨੂੰ ਪੂਰਾ ਕਰੇਗੀ : ਗੈਰੀ ਬੜਿੰਗ

■ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ



ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਚੋਣਾਂ ਸਮੇਂ ਦਿੱਤੀਆਂ ਗਈਆਂ ਸਾਰੀਆਂ ਗਰੰਟੀਆਂ ਨੂੰ ਪੂਰਾ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਹਲਕਾ ਅਮਲੋਹ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ, ਉਥੇ ਹੀ ਵਿਧਾਇਕ ਵੱਲੋਂ ਸਮੱਸਿਆਵਾਂ ਦਾ ਮੌਕੇ ਉਪਰ ਹੱਲ ਵੀ ਕੀਤਾ। ਉਨ੍ਹਾ ਕਿਹਾ ਕਿ ਆਪ ਸਰਕਾਰ ਵੱਲੋਂ ਦਿੱਤੀਆਂ ਗਈਆਂ ਗਰੰਟੀਆਂ ਨੂੰ ਲੜੀਵਾਰ ਪੂਰਾ ਕੀਤਾ ਜਾ ਰਿਹਾ ਹੈ, ਉਥੇ ਹੀ ਲੋਕਾਂ ਲਈ ਸ਼ੁਰੂ ਕੀਤੀਆਂ ਭਲਾਈ ਸਕੀਮਾਂ ਵੀ ਲਾਹੇਵੰਦ ਸਾਬਿਤ ਹੋ ਰਹੀਆਂ ਹਨ ਅਤੇ ਆਪ ਸਰਕਾਰ ਦੇ ਰਾਜ ਤੋਂ ਪੰਜਾਬ ਦੇ ਲੋਕ ਖੁਸ਼ ਹਨ। ਉਨ੍ਹਾ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਦਾ ਮਨ ਬਣਾ ਚੁੱਕੇ ਹਨ ਤੇ ਵਿਰੋਧੀਆਂ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਅਮਲੋਹ ਪਰਮਵੀਰ ਸਿੰਘ ਮਾਂਗਟ, ਸੀਨੀਅਰ ਆਗੂ ਸ਼ਿੰਗਾਰਾ ਸਿੰਘ ਸਲਾਣਾ, ਦਰਸ਼ਨ ਸਿੰਘ ਚੀਮਾ, ਰਣਜੀਤ ਸਿੰਘ ਪਨਾਗ, ਵਿਨੋਦ ਅਬਰੋਲ, ਅਸੀਸ ਜਿੰਦਲ ਸੈਕਟਰੀ, ਬਲਾਕ ਪ੍ਰਧਾਨ ਅਵਤਾਰ ਮੁਹੰਮਦ ਟੈਣੀ, ਬਲਾਕ ਪ੍ਰਧਾਨ ਐਡਵੋਕੇਟ ਅਮਰੀਕ ਸਿੰਘ ਔਲਖ, ਪ੍ਰਧਾਨ ਅਮਨਦੀਪ ਸਿੰਘ ਧਰਮਗੜ੍ਹ, ਬੌਬੀ ਸਲਾਣਾ ਬਲਾਕ ਪ੍ਰਧਾਨ, ਸਨੀ ਮਾਹੀ, ਪ੍ਰਦੀਪ ਸਿੰਘ ਸਰਕਲ ਪ੍ਰਧਾਨ, ਗੁਰਸੇਵਕ ਸਿੰਘ ਕੋਹਲੀ, ਗੁਰਪ੍ਰੀਤ ਸਿੰਘ ਬੱਬੀ, ਭਾਗ ਸਿੰਘ, ਬੰਤ ਸਿੰਘ, ਸੰਜੀਵ ਜਿੰਦਲ, ਰਾਕੇਸ਼ ਬੰਟੀ, ਦਫਤਰ ਇੰਚਾਰਜ ਰਾਮ ਬਾਵਾ ਤੇ ਹਲਕਾ ਵਾਸੀ ਮੌਜੂਦ ਸਨ।

## ਮੁਕਤੀਧਾਮ ਸ਼ਿਵ ਮੰਦਰ 'ਚ ਮਹਾਂਸ਼ਿਵਰਾਤਰੀ ਸੰਬੰਧੀ ਪ੍ਰੋਗਰਾਮ 8 ਨੂੰ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕੁਹਾੜਾ ਰੋਡ 'ਤੇ ਪੈਂਦੇ ਪਿੰਡ ਹਾੜੀਆਂ ਚੌਕ ਵਿਖੇ ਸਥਿਤ ਸ਼੍ਰੀ ਮੁਕਤੀਧਾਮ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੀ ਮੀਟਿੰਗ ਚੇਅਰਮੈਨ ਸੁਸ਼ੀਲ ਲੂਥਰਾ ਦੀ ਅਗਵਾਈ ਤੇ ਪਵਨ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸ਼ਿਵਰਾਤਰੀ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੁੱਖ ਸਕੱਤਰ ਰਣਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਿਵਰਾਤਰੀ ਦਾ ਤਿਉਹਾਰ 8 ਮਾਰਚ ਨੂੰ ਮੰਦਰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੂਮਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 7 ਮਾਰਚ ਸ਼ਾਮ ਨੂੰ ਚੌਕੀ, 8 ਮਾਰਚ ਨੂੰ ਸਵੇਰੇ ਹਵਨ ਉਪਰੰਤ ਵਿਸ਼ਾਲ ਭੰਡਾਰਾ ਹੋਵੇਗਾ ਤੇ ਰਾਤ ਨੂੰ 4 ਪਹਿਰ ਦੀ ਪੂਜਾ ਹੋਵੇਗੀ। ਸਕੱਤਰ ਦਵਿੰਦਰ ਮਿੱਤਲ ਨੇ ਸਮੂਹ ਸੰਗਤ ਨੂੰ ਵਧ ਚੜ੍ਹ ਕੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਰਕੇਸ਼ ਟਕਿਆਰ, ਪਵਨ ਬੱਤਰਾ, ਜੋਗਿੰਦਰ ਪਾਲ ਇਰਾਕ, ਬਲਰਾਮ ਤਿਵਾੜੀ, ਸੰਜੀਵ ਕੁਮਾਰ, ਭੂਸ਼ਨ ਚਾਨਣਾ, ਸੰਨੀ ਭਾਟੀਆ, ਅਭਿਸ਼ੇਕ ਰਾਏ, ਅਵਤਾਰ ਸਿੰਘ ਤੱਖਰਾਂ, ਦੀਨਾ ਨਾਥ ਪਾਠਕ ਮੌਜੂਦ ਸਨ।

## ਐੱਸ ਆਰ ਐੱਸ ਵਿੱਦਿਆਪੀਠ 'ਚ ਆਮ ਗਿਆਨ ਵਿਸ਼ੇ 'ਤੇ ਮੁਕਾਬਲਾ ਕਰਾਇਆ



ਸਮਾਣਾ (ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦਾ ਆਮ ਗਿਆਨ ਵਿਸ਼ੇ 'ਤੇ ਇੱਕ ਮੁਕਾਬਲਾ ਕਰਵਾਇਆ ਗਿਆ। ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਵਿੱਚ ਇਹ ਮੁਕਾਬਲਾ ਇੰਟਰ ਸੈਕਸ਼ਨ ਤੇ ਜਮਾਤ ਤੀਜੀ ਤੋਂ ਪੰਜਵੀਂ ਦੇ ਵਿਦਿਆਰਥੀਆਂ 'ਚ ਇੰਟਰ ਹਾਊਸ ਮੁਕਾਬਲਾ ਸੀ। ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਇਸ ਮੁਕਾਬਲੇ 'ਚ ਹਿੱਸਾ ਲਿਆ। ਵਿਦਿਆਰਥੀਆਂ ਵਿੱਚ ਪੜ੍ਹਾਈ ਤੋਂ ਇਲਾਵਾ ਆਮ ਗਿਆਨ ਵਿਸ਼ੇ ਪ੍ਰਤੀ ਪਿਆਰ ਪੈਦਾ ਕਰਨ ਦਾ ਇਹ ਇੱਕ ਵੱਡਾ ਉਪਰਾਲਾ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸੁਕਤਾ ਨਾਲ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੂੰ ਵਿਭਿੰਨ ਪ੍ਰਕਾਰ ਦੇ ਪ੍ਰਸ਼ਨ ਪੁੱਛੇ ਗਏ, ਜਿਨ੍ਹਾਂ ਦਾ ਉੱਤਰ ਉਨ੍ਹਾਂ ਨੇ ਬਹੁਤ ਹੀ ਸੂਝ-ਬੂਝ ਨਾਲ ਦਿੱਤਾ।

## ਪੰਜਾਬੀ 'ਵਰਸਿਟੀ ਕੈਂਪਸ ਵਿਖੇ ਵੈਦਿਕ ਸਾਹਿਤ 'ਤੇ ਕੌਮੀ ਸੈਮੀਨਾਰ




ਤਲਵੰਡੀ ਸਾਬੋ (ਜਗਦੀਪ ਗਿੱਲ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਥਾਨਕ ਕੈਂਪਸ ਤਲਵੰਡੀ ਸਾਬੋ ਵਿਖੇ ਭਾਸ਼ਾਵਾਂ ਵਿਭਾਗ ਵੱਲੋਂ ਆਈ ਸੀ ਐੱਸ ਐੱਸ ਆਰ ਦਿੱਲੀ ਦੇ ਸਹਿਯੋਗ ਨਾਲ 'ਵੈਦਿਕ ਸਾਹਿਤ : ਵਿਭਿੰਨ ਪਸਾਰ' ਵਿਸ਼ੇ 'ਤੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਾਇਆ ਗਿਆ, ਜਿਸ ਵਿੱਚ ਉੱਤਰੀ ਭਾਰਤ ਤੋਂ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਸੰਸਕ੍ਰਿਤ, ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਦੇ ਦਾਰਸ਼ਨਕ ਵਿਦਵਾਨਾਂ ਨੇ ਸ਼ਿਰਕਤ ਕੀਤੀ। ਮੁਖੀ ਭਾਸ਼ਾਵਾਂ ਵਿਭਾਗ ਪ੍ਰੋਫੈਸਰ ਕੁਮਾਰ ਸੁਸ਼ੀਲ ਨੇ ਆਏ ਹੋਏ ਵਿਦਵਾਨਾਂ ਦਾ ਸਵਾਗਤ ਕੀਤਾ। ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਕਮਲਜੀਤ ਸਿੰਘ ਨੇ ਇਸ ਵਿਸ਼ੇ ਦੀ ਮਹੱਤਤਾ 'ਤੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਵੇਦਾਂ ਦੀ ਰਚਨਾ ਪੰਜਾਬ ਦੀ ਧਰਤੀ 'ਤੇ ਹੋਈ ਹੋਣ ਕਰਕੇ ਪੰਜਾਬ ਦੇ ਲੋਕਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦੇਣ ਲਈ ਇਹ ਸੈਮੀਨਾਰ ਬੜਾ ਅਹਿਮ ਸਾਬਿਤ ਹੋਵੇਗਾ। ਸੈਮੀਨਾਰ ਦਾ ਆਯੋਜਨ ਚਾਰ ਸੈਸ਼ਨ ਵਿੱਚ ਸੰਪੰਨ ਹੋਇਆ, ਜਿਸ 'ਚ ਮਾਹਰਾਂ ਨੇ ਵੈਦਿਕ ਸਾਹਿਤ, ਵੇਦ, ਵੇਦਾਂਤ ਤੇ ਉਪਨਿਸ਼ਦਾਂ ਸਬੰਧੀ ਗੰਭੀਰ ਚਿੰਤਨ ਪੇਸ਼ ਕੀਤਾ।

ਪਹਿਲੇ ਸੈਸ਼ਨ ਦੀ ਪ੍ਰਧਾਨਗੀ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਤੋਂ ਪ੍ਰੋ. ਰਾਕੇਸ਼ ਕੁਮਾਰ ਨੇ ਕੀਤੀ ਅਤੇ ਪ੍ਰੋ. ਬੂਟਾ ਸਿੰਘ ਬਰਾੜ ਨੇ ਕੁੰਜੀਵਤ ਭਾਸ਼ਣ ਪੇਸ਼ ਕੀਤਾ। ਉਪਰੰਤ ਪ੍ਰੋ. ਪੰਕਜ ਸ੍ਰੀਵਾਸਤਵ ਤੇ ਪ੍ਰੋ. ਲਲਨ ਬਘੇਲ ਨੇ ਸਰੋਤਿਆਂ ਨੂੰ ਭਾਰਤੀ ਗਿਆਨ ਪ੍ਰੰਪਰਾ ਤੋਂ ਜਾਣੂ ਕਰਵਾਇਆ। ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾ. ਰਾਜਵੀਰ ਆਰੀਆ ਨੇ ਕੀਤੀ ਤੇ ਡਾ. ਰਾਜੇਸ਼ ਜੈਸਵਾਲ, ਡਾ. ਰਾਕੇਸ਼ ਕੁਮਾਰ ਸਿੰਘ ਤੇ ਕਮਲਜੀਤ ਹੁਰਾਂ ਨੇ ਆਪਣੇ ਖੋਜ ਪੱਤਰ ਪੇਸ਼ ਕੀਤੇ। ਤੀਜੇ ਸੈਸ਼ਨ ਦਾ ਸੰਚਾਲਨ ਪ੍ਰੋਫੈਸਰ ਅਜੇ ਵਰਮਾ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਪ੍ਰੋ. ਅਨਿਲ ਕੁਮਾਰ ਸੋਲਨ, ਸ੍ਰੀ ਦਿਨੇਸ਼ ਕੁਮਾਰ ਤੇ ਪ੍ਰੋ. ਹਰਮੇਲ ਸਿੰਘ ਨੇ ਵੈਦਿਕ ਸਾਹਿਤ ਪ੍ਰੰਪਰਾ ਨਾਲ ਸਰੋਤਿਆਂ ਨੂੰ ਜਾਣੂ ਕਰਵਾਇਆ। ਚੌਥੇ ਸੈਸ਼ਨ ਵਿੱਚ ਪ੍ਰਧਾਨਗੀ ਮੰਡਲ 'ਚ ਪ੍ਰਧਾਨ ਦੀ ਭੂਮਿਕਾ ਰਾਮਨਾਥ ਝਾਅ ਜੇ ਐੱਨ ਯੂ ਦਿੱਲੀ ਵੱਲੋਂ ਨਿਭਾਈ ਗਈ। ਇਸ ਸਮੇਂ ਪ੍ਰੋਫੈਸਰ ਵਿਪਨ ਪਾਲ ਸਿੰਘ ਤੇ ਤਰਸੇਮ ਸ਼ਰਮਾ ਨੇ ਆਪਣੇ ਵਿਚਾਰਾਂ ਦਾ ਪ੍ਰਤੀਪਾਦਨ ਕੀਤਾ। ਇਸ ਦੇ ਨਾਲ ਹੀ ਆਨਲਾਈਨ ਸੈਸ਼ਨ ਦਾ ਸੰਚਾਲਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਪਾਇਲਦੀਪ ਨੇ ਕੀਤੀ। ਸੈਮੀਨਾਰ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਡਾ. ਲਖਵਿੰਦਰ ਸਿੰਘ ਨੇ ਬਾਖੂਬੀ ਨਿਭਾਈ। ਸਮਾਗਮ ਦੇ ਅਖੀਰ ਵਿੱਚ ਸੋਸ਼ਲ ਸਾਇੰਸਿਜ਼ ਵਿਭਾਗ ਦੇ ਮੁਖੀ ਡਾ. ਬਲਦੇਵ ਸਿੰਘ ਵੱਲੋਂ ਧੰਨਵਾਦੀ ਮਤਾ ਪੜ੍ਹਿਆ ਗਿਆ।

## ਪੰਜਾਬ ਦੀ ਝੋਲੀ ਸਭ ਤੋਂ ਵੱਧ ਮੈਡਲ ਪਾਉਣ ਵਾਲੀ ਖੇਡ ਗੱਤਕਾ ਨਾਲ ਮਤਰੇਈ ਮਾਂ ਵਾਲਾ ਸਲੂਕ


ਬਲਜਿੰਦਰ ਸਿੰਘ ਤੂਰ ਦੀ ਫਾਈਲ ਫੋਟੋ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਤੇ ਉਨ੍ਹਾਂ ਨੂੰ ਖੇਡਾਂ ਦੇ ਖੇਤਰ ਵੱਲ ਮੋੜਨ ਲਈ ਕਈ ਕਦਮ ਚੁੱਕੇ ਜਾਣ ਦੇ ਦਾਅਵੇ ਕੀਤੇ ਜਾਂਦੇ ਹਨ। ਇਸ ਦੇ ਤਹਿਤ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ ਵੀ ਕੀਤੀ ਗਈ, ਜਿਸ ਦੇ ਆਉਣ ਵਾਲੇ ਸਮੇਂ ਵਿੱਚ ਸਾਰਥਕ ਨਤੀਜੇ ਆਉਣ ਦੀ ਵੀ ਆਸ ਹੈ, ਪ੍ਰੰਤੂ ਜੇਕਰ ਪੰਜਾਬ ਰਾਜ ਦੀ ਮਾਂ ਖੇਡ ਗੱਤਕਾ ਦੀ ਗੱਲ ਕਰੀਏ ਤਾਂ ਉਸ ਪ੍ਰਤੀ ਸਰਕਾਰ ਦਾ ਵਤੀਰਾ ਬਹੁਤ ਹੀ ਰੁੱਖਾ ਹੈ। ਪੰਜਾਬ ਗਤਕਾ ਐਸੋਸੀਏਸ਼ਨ, ਜੋ ਸਾਲ 2008 ਤੋਂ ਗੱਤਕੇ ਨੂੰ ਇੱਕ ਖੇਡ ਦੇ ਰੂਪ ਵਿੱਚ ਪ੍ਰਫੁੱਲਤ ਕਰਨ ਲਈ ਇਹ ਕੰਮ ਕਰ ਰਹੀ ਹੈ, ਵੱਲੋਂ ਪੰਜਾਬ ਦੇ ਮੁੱਖ ਮੰਤਰੀ ਤੇ ਖੇਡ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਕਿਹਾ ਕਿ ਖੇਲੋ ਇੰਡੀਆ ਯੂਥ ਗੇਮਜ਼-2022 ਵਿੱਚ ਪੰਜਾਬ ਦੀ ਗੱਤਕਾ ਟੀਮ ਨੇ 3 ਸੋਨੇ ਤੇ 2 ਕਾਂਸੀ ਦੇ, 37ਵੀਂ ਰਾਸ਼ਟਰੀ ਖੇਡਾਂ ਗੋਆ ਵਿੱਚ 3 ਸੋਨੇ, 6 ਚਾਂਦੀ ਤੇ 1 ਕਾਂਸੀ ਦਾ, ਖੇਲੋ ਇੰਡੀਆ ਯੂਥ ਗੇਮ 2023 'ਚ 4 ਸੋਨੇ, 2 ਚਾਂਦੀ ਤੇ 3 ਕਾਂਸੀ ਦੇ, ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੱਲੋਂ ਛੱਤੀਸਗੜ੍ਹ ਵਿੱਚ ਕਰਵਾਏ ਰਾਸ਼ਟਰੀ ਪੱਧਰ ਦੇ ਗੱਤਕਾ ਮੁਕਾਬਲਿਆਂ 'ਚ 11 ਸੋਨੇ, 1 ਚਾਂਦੀ ਤੇ 1 ਕਾਂਸੀ ਦਾ ਤਮਗਾ ਪੰਜਾਬ ਦੀ ਝੋਲੀ ਪਾਇਆ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ, ਨਾ ਹੀ ਖੇਡ ਵਿਭਾਗ ਵੱਲੋਂ ਕਿਸੇ ਵੀ ਤਰ੍ਹਾਂ ਦਾ ਮਾਣ-ਸਨਮਾਨ ਅਤੇ ਨਾ ਕਿਸੇ ਖਿਡਾਰੀ, ਕੋਚ ਨੂੰ ਦਿੱਤਾ ਗਿਆ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਕੋਈ ਸਹਾਇਤਾ ਪੰਜਾਬ ਗੱਤਕਾ ਐਸੋਸੀਏਸ਼ਨ ਦੀ ਕੀਤੀ ਗਈ ਤਾਂ ਜੋ ਆਉਣ ਵਾਲੇ ਸਮੇਂ ਲਈ ਖਿਡਾਰੀਆਂ ਦੀ ਟ੍ਰੇਨਿੰਗ ਵੱਲ ਹੋਰ ਵਿਸ਼ੇਸ਼ ਧਿਆਨ ਦਿੱਤਾ ਜਾ ਸਕੇ। ਪੰਜਾਬ ਸਰਕਾਰ ਨੂੰ ਲਿਖੇ ਗਏ ਪੱਤਰ ਅਨੁਸਾਰ ਨੈਸ਼ਨਲ ਗੇਮਜ਼ ਖੇਡਣ ਜਾਣ ਸਮੇਂ ਪੰਜਾਬ ਦੀ ਗੱਤਕਾ ਟੀਮ ਨੂੰ ਕੋਈ ਵੀ ਸਪੋਰਟਸ ਕਿੱਟ ਪ੍ਰਦਾਨ ਨਹੀਂ ਕੀਤੀ ਗਈ ਸੀ, ਜੋ ਕਿ ਮੌਕੇ 'ਤੇ ਪੰਜਾਬ ਗੱਤਕਾ ਐਸੋਸੀਏਸ਼ਨ ਵੱਲੋਂ ਪ੍ਰਦਾਨ ਕੀਤੀ, ਜਦੋਂ ਕਿ ਇਹ ਜ਼ਿੰਮੇਵਾਰੀ ਖੇਡ ਵਿਭਾਗ ਦੀ ਬਣਦੀ ਸੀ। ਹਾਲ ਹੀ ਵਿੱਚ ਡਾਇਰੈਕਟਰ ਖੇਡ ਵਿਭਾਗ ਪੰਜਾਬ ਵੱਲੋਂ 14 ਖੇਡਾਂ ਦੀਆਂ ਖੇਡ ਨਰਸਰੀਆਂ ਲਈ ਕੋਚਾਂ ਦੀ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ, ਪ੍ਰੰਤੂ ਪਿਛਲੇ 2 ਸਾਲ ਤੋਂ ਸਭ ਤੋਂ ਵੱਧ ਮੈਡਲ ਪੰਜਾਬ ਦੀ ਝੋਲੀ ਪਾਉਣ ਵਾਲੀ ਖੇਡ ਨੂੰ ਇੱਕ ਵਾਰ ਫਿਰ ਅਣਗੌਲਿਆ ਕੀਤਾ ਗਿਆ ਹੈ ਅਤੇ ਗੱਤਕਾ ਖੇਡ ਦੀ ਕੋਈ ਵੀ ਖੇਡ ਨਰਸਰੀ ਦੀ ਪ੍ਰੋਵੀਜ਼ਨ ਨਹੀਂ ਰੱਖੀ ਗਈ। ਜ਼ਿਕਰਯੋਗ ਹੈ ਕਿ ਜਿੱਥੇ ਨੈਸ਼ਨਲ ਖੇਡਾਂ 'ਚ ਮੈਡਲ ਹਾਸਲ ਕਰਨ ਵਾਲੀਆਂ ਬਾਕੀ ਖੇਡਾਂ ਦੇ ਖਿਡਾਰੀਆਂ ਨੂੰ ਲੱਖਾਂ ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ, ਉੱਥੇ ਗੱਤਕੇ ਦੇ ਕਿਸੇ ਵੀ ਖਿਡਾਰੀ ਨੂੰ ਸੱਦਾ ਪੱਤਰ ਵੀ ਨਹੀਂ ਦਿੱਤਾ ਗਿਆ। ਇਸ ਖਤ ਰਾਹੀਂ ਐਸੋਸੀਏਸ਼ਨ ਵੱਲੋਂ ਮੰਗ ਕੀਤੀ ਗਈ ਹੈ ਕਿ ਗੱਤਕਾ ਖੇਡ ਦੇ ਖਿਡਾਰੀਆਂ ਨੂੰ ਵੀ ਬਾਕੀ ਖੇਡਾਂ ਦੇ ਖਿਡਾਰੀਆਂ ਦੇ ਬਰਾਬਰ ਬਣਦਾ ਮਾਨ-ਸਨਮਾਨ ਦਿੱਤਾ ਜਾਵੇ ਤਾਂ ਜੋ ਗਤਕਾ ਖਿਡਾਰੀਆਂ ਦੇ ਮਨ ਵਿੱਚ ਆਈ ਹੀਣ ਭਾਵਨਾ ਖਤਮ ਕੀਤੀ ਜਾ ਸਕੇ। ਗੱਤਕਾ ਖੇਡ ਨੂੰ ਵੱਡੇ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਹਰ ਜ਼ਿਲ੍ਹੇ ਵਿੱਚ ਘੱਟੋ-ਘੱਟ ਇੱਕ ਖੇਡ ਨਰਸਰੀ ਜ਼ਰੂਰ ਦਿੱਤੀ ਜਾਵੇ ਤਾਂ ਜੋ ਪੰਜਾਬ ਦੀ ਇਸ ਮਾਨਮੱਤੀ ਖੇਡ ਨੂੰ ਨੈਸ਼ਨਲ ਤੋਂ ਬਾਅਦ ਵਿਸ਼ਵ ਪੱਧਰ 'ਤੇ ਪ੍ਰਫੁਲਤ ਕੀਤਾ ਜਾ ਸਕੇ।

## ਫੈਸ਼ਨ ਡਿਜ਼ਾਈਨਿੰਗ ਵਿਭਾਗ ਤੇ ਕੈਰੀਅਰ ਗਾਈਡੈਂਸ ਸੈੱਲ ਵੱਲੋਂ ਕਿੱਤਾਮੁਖੀ ਵਰਕਸ਼ਾਪ




ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਕਰੀਅਰ ਗਾਈਡੈਂਸ ਅਤੇ ਕਾਊਂਸਲਿੰਗ ਸੈੱਲ ਅਤੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੁਆਰਾ ਸਾਂਝੇ ਤੌਰ 'ਤੇ ਕਿੱਤਾਮੁਖੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪ੍ਰੋਫੈਸਰ ਇੰਦਰਪ੍ਰੀਤ ਕੌਰ, ਜੀ.ਟੀ.ਬੀ. ਨੈਸ਼ਨਲ ਕਾਲਜ, ਦਾਖਾਂ ਉਚੇਚੇ ਤੌਰ 'ਤੇ ਪਹੁੰਚੇ। ਪ੍ਰੋਫੈਸਰ ਇੰਦਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਦਸੂਤੀ ਕਢਾਈ ਦੀਆਂ ਬਾਰੀਕੀਆਂ ਬਾਰੇ ਦੱਸਿਆ। ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਮੈਡਮ ਦੀ ਯੋਗ ਅਗਵਾਈ ਹੇਠ ਆਪਣੇ ਹੱਥੀਂ ਵੀ ਕਢਾਈ ਦੇ ਸੈਂਪਲ ਤਿਆਰ ਕੀਤੇ ਅਤੇ ਭਵਿੱਖ ਵਿੱਚ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਆਪਣੀ ਕਲਾ ਨੂੰ ਨਿਖਾਰਨ ਲਈ ਸਵਾਲ ਪੁੱਛੇ। ਇਸ ਵਰਕਸ਼ਾਪ ਵਿੱਚ 25 ਵਿਦਿਆਰਥੀਆਂ ਨੇ ਭਾਗ ਲਿਆ। ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁਖੀ ਪ੍ਰੋਫੈਸਰ ਸ਼ਵੇਤਾ ਥਾਪਾ ਅਤੇ ਕਰੀਅਰ ਗਾਈਡੈਂਸ ਸੈੱਲ ਦੇ ਡੀਨ ਪ੍ਰੋਫੈਸਰ ਰਣਜੀਤ ਕੌਰ ਨੇ ਪ੍ਰੋਫੈਸਰ ਇੰਦਰਪ੍ਰੀਤ ਕੌਰ ਦਾ ਵਿਦਿਆਰਥੀਆਂ ਨਾਲ ਰੂਬਰੂ ਹੋਣ ਲਈ ਧੰਨਵਾਦ ਕੀਤਾ। ਇਸ ਵਰਕਸ਼ਾਪ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰਜ਼ ਅਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਕਰੀਅਰ ਗਾਈਡੈਂਸ ਅਤੇ ਫੈਸ਼ਨ ਡਿਜ਼ਾਈਨਿੰਗ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

# ਮੰਗਾਂ ਪ੍ਰਤੀ ਹਲਕਾ ਵਿਧਾਇਕ ਦੀ ਗੈਰ-ਸੰਜੀਦਗੀ ਮਜ਼ਦੂਰਾਂ ਨਾਲ ਕੋਝਾ ਮਜ਼ਾਕ : ਚੌਹਾਨ/ਨੱਤ

**ਬਜਟ 'ਚ ਢੁਕਵੀਂ ਹਿੱਸੇਦਾਰੀ ਲਈ ਸਾਂਝੇ ਮਜ਼ਦੂਰ ਮੋਰਚੇ ਵੱਲੋਂ ਰੋਸ ਮਾਰਚ ਕਰਕੇ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ**



**ਮਾਨਸਾ (ਆਤਮਾ ਸਿੰਘ ਪਮਾਰ)**

ਸੂਬੇ ਦੀ ਮਾਨ ਸਰਕਾਰ ਵੱਲੋਂ 5 ਮਾਰਚ ਨੂੰ ਪੇਸ਼ ਕੀਤੇ ਜਾ ਰਹੇ ਬਜਟ ਵਿੱਚ ਢੁਕਵੀਂ ਹਿੱਸੇਦਾਰੀ ਲਈ ਸਾਂਝੇ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਓਂ, ਮਜ਼ਦੂਰ ਮੁਕਤੀ ਮੋਰਚਾ (ਆਇਲਾ) ਦੇ ਗੁਰਸੇਵਕ ਸਿੰਘ ਮਾਨ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਗੁਰਦੀਪ ਸਿੰਘ ਆਹਲੂਪੁਰ ਦੀ ਅਗਵਾਈ ਹੇਠ ਸ਼ਹਿਰ ਵਿੱਚ ਰੋਸ ਮਾਰਚ ਕਰਨ ਉਪਰੰਤ ਹਲਕਾ ਵਿਧਾਇਕ ਮਾਨਸਾ ਵਿਜੈ ਸਿੰਗਲਾ ਦੀ ਰਿਹਾਇਸ਼ 'ਤੇ ਉਨ੍ਹਾਂ ਦੇ ਨੁਮਾਇੰਦੇ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕ੍ਰਿਸ਼ਨ ਸਿੰਘ ਚੌਹਾਨ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਜਸਵੀਰ ਕੌਰ ਨੱਤ ਨੇ ਅਫਸੋਸ ਜ਼ਾਹਰ ਕੀਤਾ ਕਿ ਲੋਕਾਂ ਨੂੰ ਅਖੌਤੀ ਇਨਕਲਾਬੀ ਤੇ ਆਮ ਆਦਮੀ ਹੋਣ ਦਾ ਡਰਾਮਾ ਕਰਨ ਵਾਲੀ ਮਾਨ ਸਰਕਾਰ ਤੇ ਉਨ੍ਹਾਂ ਦੇ ਵਿਧਾਇਕਾਂ ਦਾ ਮਜ਼ਦੂਰ ਮੰਗਾਂ ਪ੍ਰਤੀ ਸੰਜੀਦਾ ਨਾ ਹੋਣਾ ਦਲਿਤਾਂ ਮਜ਼ਦੂਰਾਂ ਨਾਲ ਕੋਝਾ ਮਜ਼ਾਕ ਹੈ। ਆਗੂਆਂ ਨੇ ਕਿਹਾ ਕਿ 5 ਮਾਰਚ ਨੂੰ ਪੰਜਾਬ ਸਰਕਾਰ ਵੱਲੋਂ ਪੇਸ਼ ਬਜਟ ਸੈਸ਼ਨ ਮੌਕੇ ਮਜ਼ਦੂਰ ਮੰਗਾਂ ਨੂੰ ਫੌਰੀ ਸ਼ਾਮਲ ਕਰਨ ਦੀ ਮੰਗ ਕੀਤੀ। ਉਨ੍ਹਾਂ ਔਰਤਾਂ ਦਾ ਮਾਈਕਰੋ ਫਾਈਨਾਂਸ ਕੰਪਨੀਆਂ ਤੇ ਬੇਜ਼ਮੀਨੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ, ਔਰਤਾਂ ਨੂੰ ਇੱਕ ਹਜ਼ਾਰ ਰੁਪਏ ਭੱਤਾ ਦੇਣ, ਨਰੇਗਾ ਕਾਮਿਆਂ ਦੀ 700 ਰੁਪਏ ਦਿਹਾੜੀ, ਹਰ ਲੋੜਵੰਦ ਨੂੰ ਦਸ ਦਸ ਮਰਲੇ ਪਲਾਟ ਜਾਰੀ ਕਰਨ, ਦਲਿਤਾਂ ਨੂੰ ਪੰਚਾਇਤੀ ਜ਼ਮੀਨ ਵਿੱਚ 1/3 ਹਿੱਸੇਦਾਰੀ ਰਾਖਵਾਂਕਰਨ, ਨਿੱਜੀਕਰਨ ਬੰਦ ਕਰ ਪਬਲਿਕ ਸੈਕਟਰ ਰਾਹੀਂ ਰੁਜ਼ਗਾਰ, ਬੁਢਾਪਾ ਵਿਧਵਾ ਪੈਨਸ਼ਨ ਘੱਟੋ ਘੱਟ 5000 ਰੁਪਏ ਦੇਣ, ਜਨਤਕ ਵੰਡ ਪ੍ਰਣਾਲੀ 14 ਜ਼ਰੂਰੀ ਵਸਤਾਂ ਦੇਣ, ਨਰਮਾ ਚੁਗਾਈ ਦਾ ਬਕਾਇਆ ਦੇਣ ਸਮੇਤ ਉਸਾਰੀ ਕਾਮਿਆਂ ਦੀਆਂ ਮੰਗਾਂ ਦੀ ਪੂਰਤੀ ਸਮੇਤ ਮਜ਼ਦੂਰ ਮੰਗਾਂ ਨੂੰ ਫੌਰੀ ਲਾਗੂ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਪੰਧੇਰ, ਸੁਖਦੇਵ ਮਾਨਸਾ, ਗੁਰਚਰਨ ਸਿੰਘ, ਜਗਰਾਜ ਸਿੰਘ ਖੋਖਰ ਕਲਾਂ, ਜੀਤ ਸਿੰਘ ਬੋਹਾ, ਕ੍ਰਿਸ਼ਨਾ ਕੌਰ, ਲਾਭ ਸਿੰਘ ਮੰਢਾਲੀ, ਰਤਨ ਭੋਲਾ, ਸੁਖਜੀਤ ਸਿੰਘ ਰਾਮਾਨੰਦੀ ਤੇ ਕੁਲਵੰਤ ਸਿੰਘ ਖੋਖਰ ਕਲਾਂ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਦਲਿਤਾਂ ਤੋਂ ਰੂੜੀਆਂ ਵਾਲੀ ਜਗ੍ਹਾ ਜਬਰੀ ਖੋਹਣ ਖਿਲਾਫ ਬੀ ਡੀ ਪੀ ਓ ਦਫਤਰ ਅੱਗੇ ਧਰਨਾ ਭਲਕੇ



**ਮਾਨਸਾ (ਆਤਮਾ ਸਿੰਘ ਪਮਾਰ)**

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਦਲਿਤ ਪਰਿਵਾਰਾਂ ਤੋਂ ਰੂੜੀਆਂ ਵਾਲੀ ਜਗ੍ਹਾ ਜਬਰੀ ਖੋਹਣ ਖਿਲਾਫ ਬੀ ਡੀ ਓ ਦਫਤਰ ਝੁਨੀਰ ਅੱਗੇ 4 ਮਾਰਚ ਨੂੰ ਧਰਨਾ ਦਿੱਤਾ ਜਾਵੇਗਾ। ਇਹ ਐਲਾਨ ਇਥੇ ਪਿੰਡ ਬੀਰੇਵਾਲਾ ਜੱਟਾਂ ਵਿਖੇ ਮਜ਼ਦੂਰਾਂ ਦੀ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕੀਤਾ। ਇਸ ਮੌਕੇ ਸਾਂਝੀ ਜ਼ਮੀਨ ਬਚਾਓ 25 ਮੈਂਬਰੀ ਸੰਘਰਸ਼ ਕਮੇਟੀ ਦੀ ਚੋਣ ਵੀ ਕੀਤੀ ਗਈ।

ਸਮਾਓਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨਾਲ ਸਬੰਧਤ ਸਰਪੰਚ ਇੱਕ ਪਾਸੇ ਆਪਣੇ ਚਹੇਤਿਆਂ ਨੂੰ ਪੰਚਾਇਤੀ ਜ਼ਮੀਨ 'ਤੇ ਨਜਾਇਜ਼ ਕਬਜ਼ੇ ਕਰਵਾ ਰਿਹਾ ਹੈ ਤੇ ਦੂਜੇ ਪਾਸੇ 70 ਸਾਲਾਂ ਤੋਂ ਦਲਿਤ ਪਰਿਵਾਰ, ਜਿਸ ਜ਼ਮੀਨ 'ਤੇ ਰੂੜੀਆਂ ਲਗਾ ਰਹੇ ਹਨ, ਉਸ ਜ਼ਮੀਨ ਨੂੰ ਸਰਕਾਰ ਤੇ ਪ੍ਰਸ਼ਾਸਨ ਜਬਰੀ ਖੋਹਣ 'ਤੇ ਲੱਗਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿੰਡ ਦੇ ਮਜ਼ਦੂਰ ਪਰਿਵਾਰਾਂ ਨੇ ਸਰਪੰਚ ਵੱਲੋਂ ਪੇਂਡੂ ਧਨਾਢਾਂ ਦੇ ਸਾਂਝੀ ਜ਼ਮੀਨ 'ਤੇ ਕਰਵਾਏ ਕਬਜ਼ੇ ਦੀ ਲਿਖਤੀ ਸ਼ਿਕਾਇਤ ਏ ਡੀ ਸੀ (ਵਿਕਾਸ) ਨੂੰ ਦੇਣ ਦੇ ਬਾਵਜੂਦ ਪ੍ਰਸ਼ਾਸਨ ਧਨਾਢਾਂ ਦੇ ਕਬਜ਼ੇ ਵਾਲੀ ਜ਼ਮੀਨ ਖੋਹਣ ਦੀ ਥਾਂ ਦਲਿਤਾਂ ਦੀਆਂ ਰੂੜੀਆਂ ਵਾਲੀ ਜ਼ਮੀਨ ਖੋਹਣ 'ਤੇ ਤੁਲਿਆ ਹੋਇਆ ਹੈ। ਉਨ੍ਹਾ ਕਿਹਾ ਕਿ ਦਲਿਤਾਂ, ਗਰੀਬਾਂ ਨਾਲ ਕਿਸੇ ਵੀ ਤਰ੍ਹਾਂ ਦਾ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਦਲਿਤਾਂ ਤੋਂ ਰੂੜੀਆਂ ਦੀ ਜ਼ਮੀਨ ਖੋਹਣ ਦੀ ਕੋਸ਼ਿਸ਼ ਕੀਤੀ ਤਾਂ ਜ਼ਿਲ੍ਹੇ ਭਰ ਵਿੱਚ ਸਰਕਾਰ ਖਿਲਾਫ ਅੰਦੋਲਨ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਪਿੰਡ ਇਕਾਈ ਦੇ ਪ੍ਰਧਾਨ ਕੁਲਵਿੰਦਰ ਸਿੰਘ, ਭੋਲਾ ਸਿੰਘ, ਬਲਜਿੰਦਰ ਸਿੰਘ, ਬੋਘਾ ਸਿੰਘ, ਲੀਲਾ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਸੀਵਰੇਜ ਪਾਈਪਾਂ ਦੀ ਲੀਕੇਜ ਤੇ ਖੜੇ ਪਾਣੀ ਤੋਂ ਇਲਾਕਾ ਵਾਸੀ ਪ੍ਰੇਸ਼ਾਨ

**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਅੜੈਚਾਂ ਨੂੰ ਜਾਂਦੇ ਲਿੰਕ ਰੋਡ ਉੱਪਰ ਬਣੇ ਸੀਵਰੇਜ ਪਲਾਂਟ, ਜੋ ਨਗਰ ਕੌਂਸਲ ਦੋਰਾਹਾ ਅਧੀਨ ਹੈ, ਨੂੰ ਜਾਂਦੀ ਕੱਚੀ ਸੜਕ ਉੱਪਰ ਸੀਵਰੇਜ ਦੀਆਂ ਪਾਈਪਾਂ ਥਾਂ-ਥਾਂ ਤੋਂ ਲੀਕ ਹੋ ਰਹੀਆਂ ਹਨ। ਇਸ ਤੋਂ ਇਲਾਵਾ ਪਿੰਡ ਅੜੈਚਾਂ ਦੀ ਪੰਚਾਇਤ ਵੱਲੋਂ ਇਸ ਸੀਵਰੇਜ ਪਲਾਂਟ ਨੂੰ ਜਾਂਦੀਆਂ ਪਾਈਪਾਂ ਲਈ ਸੀਮਿੰਟ ਦੀਆਂ ਹੌਦੀਆਂ ਬਣਾਈਆਂ ਜਾ ਰਹੀਆਂ ਹਨ, ਜਿਸ ਕਰਕੇ ਡੂੰਘੇ ਟੋਏ ਪੁੱਟੇ ਗਏ ਹਨ, ਜਿਨ੍ਹਾਂ ਵਿੱਚ ਸੀਵਰੇਜ ਤੋਂ ਲੀਕ ਹੋਇਆ ਪਾਣੀ ਭਰਨ ਨਾਲ ਇਹ ਟੋਏ ਜਾਨਲੇਵਾ ਰੂਪ ਧਾਰਨ ਕਰ ਚੁੱਕੇ ਹਨ। ਇਸ ਸੜਕ ਉੱਪਰ ਬਣੇ ਕਿਡਜ਼ੀ ਪਲੇਵੇਅ ਸਕੂਲ ਦੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਇਲਾਕਾ ਨਿਵਾਸੀਆਂ ਨੇ ਇਕੱਠੇ ਹੋ ਕੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਇਸ ਲਿੰਕ ਰੋਡ ਦੇ ਮੁੱਢ ਉੱਪਰ ਇੱਕ ਵੱਡਾ ਟੋਇਆ ਹੈ, ਜਿਸ ਵਿੱਚ ਬੱਚਿਆਂ ਨੂੰ ਲਿਜਾ ਰਹੀ ਸਕੂਲ ਦੀ ਬਸ ਵੀ ਗਿਰ ਸਕਦੀ ਹੈ, ਜਿਸ ਕਰਕੇ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਾ ਖ਼ਤਰਾ ਬਣਿਆ ਹੋਇਆ ਹੈ। ਇਲਾਕਾ ਨਿਵਾਸੀਆਂ ਨੇ ਦੋਸ਼ ਲਾਇਆ ਕਿ ਨਾ ਹੀ ਨਗਰ ਕੌਂਸਲ ਦੋਰਾਹਾ ਤੇ ਨਾ ਹੀ ਅੜੈਚਾਂ ਪਿੰਡ ਦੀ ਪੰਚਾਇਤ ਉਨ੍ਹਾਂ ਦੀ ਸਾਰ ਲੈ ਰਹੀ ਹੈ। ਉਨ੍ਹਾਂ ਨੂੰ ਸਿਰਫ ਇੱਕ ਵੋਟ ਬੈਂਕ ਦੇ ਤੌਰ 'ਤੇ ਵਰਤਿਆ ਜਾਂਦਾ ਹੈ ਤੇ ਵੋਟਾਂ ਲੈਣ ਤੋਂ ਬਾਅਦ ਇਸ ਇਲਾਕੇ ਦੇ ਵਾਸ਼ਿੰਦਿਆਂ ਦੀ ਕੋਈ ਸਾਰ ਨਹੀਂ ਲਈ ਜਾਂਦੀ। ਉਨ੍ਹਾਂ ਮੰਗ ਕੀਤੀ ਕਿ ਇਸ ਕੱਚੀ ਸੜਕ ਨੂੰ ਜਲਦ ਤੋਂ ਜਲਦ ਪੱਕਾ ਕੀਤਾ ਜਾਵੇ ਤੇ ਇਸ ਉੱਪਰ ਲਾਈਟਾਂ ਦਾ ਪ੍ਰਬੰਧ ਵੀ ਕੀਤਾ ਜਾਵੇ। ਇਲਾਕਾ ਨਿਵਾਸੀਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਜਦੋਂ ਉਹ ਇਸ ਦੀ ਸ਼ਿਕਾਇਤ ਨਗਰ ਕੌਂਸਲ ਨੂੰ ਕਰਦੇ ਨੇ ਤਾਂ ਨਗਰ ਕੌਂਸਲ ਦੇ ਪ੍ਰਧਾਨ ਉਨ੍ਹਾਂ ਨੂੰ ਇਹ ਕਹਿ ਕੇ ਵਾਪਸ ਮੋੜ ਦਿੰਦੇ ਹਨ ਕਿ ਇਹ ਇਲਾਕਾ ਪਿੰਡ ਅੜੈਚਾਂ ਦੀ ਪੰਚਾਇਤ ਅਧੀਨ ਆਉਂਦਾ ਹੈ, ਦੂਸਰੇ ਪਾਸੇ ਜਦੋਂ ਪਿੰਡ ਅੜੈਚਾਂ ਦੇ ਸਰਪੰਚ ਕੋਲ ਇਸ ਸਮੱਸਿਆ ਨੂੰ ਲੈ ਕੇ ਜਾਂਦੇ ਨੇ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਮੋੜ ਦਿੱਤਾ ਜਾਂਦਾ ਹੈ ਕਿ ਲੀਕੇਜ ਨਗਰ ਕੌਂਸਲ ਦੋਰਾਹਾ ਦੇ ਸੀਵਰੇਜ ਪਲਾਂਟ ਦੀਆਂ ਪਾਈਪਾਂ ਵਿੱਚੋਂ ਹੋ ਰਹੀ ਹੈ, ਸੋ ਨਗਰ ਕੌਂਸਲ ਦੇ ਅਧਿਕਾਰੀ ਇਨ੍ਹਾਂ ਦੀ ਮੁਰੰਮਤ ਕਰਵਾਉਣਗੇ। ਇਸ ਸਬੰਧੀ ਜਦੋਂ ਪਿੰਡ ਅੜੈਚਾਂ ਦੇ ਸਰਪੰਚ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਕਾਫੀ ਲੰਮੇ ਸਮੇਂ ਤੋਂ ਇਹ ਸਮੱਸਿਆ ਚੱਲੀ ਆ ਰਹੀ ਹੈ। ਉਹ ਜਲਦ ਤੋਂ ਜਲਦ ਹੌਦੀਆਂ ਬਣਵਾ ਕੇ ਪੁੱਟੇ ਟੋਏ ਬੰਦ ਕਰਵਾਉਣਾ ਚਾਹੁੰਦੇ ਨੇ, ਪ੍ਰੰਤੂ ਰਾਤ ਨੂੰ ਹਨੇਰੇ ਦੀ ਆੜ ਵਿੱਚ ਸ਼ਰਾਰਤੀ ਅਨਸਰ ਉਨ੍ਹਾਂ ਵੱਲੋਂ ਬਣਾਈਆਂ ਗਈਆਂ ਹੌਦੀਆਂ ਦੀ ਭੰਨ ਤੋੜ ਕਰ ਜਾਂਦੇ ਹਨ। ਨਗਰ ਕੌਂਸਲ ਦੋਰਾਹਾ ਦੇ ਕਾਰਜ ਸਾਧਕ ਅਫ਼ਸਰ ਹਰਨਰਿੰਦਰ ਸਿੰਘ ਨੇ ਦੱਸਿਆ ਕਿ ਸੀਵਰੇਜ ਪਾਈਪਾਂ ਦੀ ਮੁਰੰਮਤ ਕਰਵਾਉਣ ਲਈ ਇੱਕ ਟੈਂਡਰ ਪਾਸ ਹੋ ਚੁੱਕਿਆ ਹੈ ਤੇ ਜਲਦ ਸੀਵਰੇਜ ਸਿਸਟਮ ਦੀਆਂ ਸਾਰੀਆਂ ਕਮੀਆਂ ਦੂਰ ਕਰ ਦਿੱਤੀਆਂ ਜਾਣਗੀਆਂ। ਇਸ ਮੌਕੇ ਵਿਨੋਦ ਕੁਮਾਰ, ਸੁਨੀਤਾ ਰਾਣੀ, ਕਰਾਂਤੀ, ਮਹਿਕ, ਪਰਮਿੰਦਰ ਕੌਰ, ਤੇਜ ਸਿੰਘ, ਲਖਵਿੰਦਰ ਸਿੰਘ ਲੱਖੀ, ਸੁਰਜੀਤ ਕੌਰ ਤੇ ਬਲਜਿੰਦਰ ਕੌਰ ਆਦਿ ਹਾਜ਼ਰ ਸਨ।



# ਕੈਬਨਿਟ ਮੰਤਰੀ ਬਲਕਾਰ ਸਿੰਘ ਵੱਲੋਂ ਬੱਸ ਸਟੈਂਡ ਦਾ ਉਦਘਾਟਨ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਭਾਰੀ ਬਹੁਮੱਤ ਨਾਲ ਲੋਕਾਂ ਨੇ ਬਣਾਈ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਖਜ਼ਾਨੇ ਦਾ ਮੂੰਹ ਵਿਕਾਸ ਕਾਰਜਾਂ ਲਈ ਹਮੇਸ਼ਾ ਖੁੱਲ੍ਹਾ ਰਹੇਗਾ। ਆਉਣ ਵਾਲੇ ਸਮੇਂ ਵਿੱਚ ਜਲਦੀ ਹੀ ਪੂਰੇ ਪੰਜਾਬ ਨੂੰ ਸੀਵਰੇਜਾਂ ਦੀ ਸਫਾਈ ਲਈ 570 ਸੁਪਰ ਸੈਕਸ਼ਨ ਮਸ਼ੀਨਾਂ ਦਿੱਤੀਆਂ ਜਾਣਗੀਆਂ, ਇਨ੍ਹਾਂ ਵਿਚੋਂ ਇੱਕ ਮਸ਼ੀਨ ਧਰਮਕੋਟ ਨੂੰ ਭੇਟ ਕੀਤੀ ਜਾਵੇਗੀ ਤਾਂ ਕਿ ਧਰਮਕੋਟ ਵਾਸੀਆਂ ਨੂੰ ਸੀਵਰੇਜ ਦੀ ਸਮੱਸਿਆ ਨਾ ਆ ਸਕੇ। ਇਹ ਪ੍ਰਗਟਾਵਾ ਸਥਾਨਕ ਸਰਕਾਰਾਂ ਵਿਭਾਗ ਤੇ ਸੰਸਦੀ ਮਾਮਲਿਆਂ ਦੇ ਕੈਬਨਿਟ ਮੰਤਰੀ ਸ੍ਰ. ਬਲਕਾਰ ਸਿੰਘ ਨੇ ਧਰਮਕੋਟ ਵਿੱਚ ਕੀਤਾ। ਉਹ ਇਥੇ ਧਰਮਕੋਟ ਲਈ ਬਣਾਏ ਗਏ 1 ਕਰੋੜ ਤੋਂ ਵਧੇਰੇ ਦੀ ਲਾਗਤ ਵਾਲੇ ਬੱਸ ਸਟੈਂਡ ਦਾ ਉਦਘਾਟਨ ਕਰਨ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਨਾਲ ਹਲਕਾ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ, ਹਲਕਾ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਗਾ ਹਰਮਨਜੀਤ ਸਿੰਘ ਬਰਾੜ, ਚੇਅਰਮੈਨ ਨਗਰ ਸੁਧਾਰ ਟਰੱਸਟ ਦੀਪਕ ਅਰੋੜਾ, ਐੱਸ ਡੀ ਐੱਮ ਸ੍ਰੀਮਤੀ ਚਾਰੂ ਮਿਤਾ, ਐੱਸ ਡੀ ਐੱਮ ਸਰੰਗਪ੍ਰੀਤ ਸਿੰਘ ਔਜਲਾ, ਕਮੇਟੀ ਪ੍ਰਧਾਨ ਗੁਰਮੀਤ ਮਖੀਜਾ ਤੋਂ ਇਲਾਵਾ ਵੱਖ ਵੱਖ ਪਿੰਡਾਂ ਤੋਂ ਆਏ ਵਰਕਰ ਤੇ ਪਿੰਡ ਵਾਸੀ ਹਾਜ਼ਰ ਸਨ।

ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਧਰਮਕੋਟ ਵਾਸੀਆਂ ਨੂੰ ਨਵੇਂ ਬੱਸ ਸਟੈਂਡ ਦੀ ਵਧਾਈ ਦਿੰਦਿਆਂ ਦੱਸਿਆ ਕਿ ਇਸ ਨਵੇਂ ਬੱਸ ਸਟੈਂਡ ਨਾਲ ਹੁਣ ਲੋਕਾਂ ਦੀ ਖੱਜਲ ਖੁਆਰੀ ਬੰਦ ਹੋ ਜਾਵੇਗੀ ਤੇ ਲੋਕ ਬਿਨਾਂ ਕਿਸੇ ਮੁਸ਼ਕਲ ਤੋਂ ਬੱਸ ਸਟੈਂਡ ਵਿੱਚ ਬੱਸ ਸੇਵਾਵਾਂ ਲੈਣਗੇ। ਇਸ ਮੌਕੇ ਹਲਕਾ ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਪੰਜਾਬ ਪ੍ਰਤੀ ਸਹੀ ਸੋਚ ਸਦਕਾ ਧਰਮਕੋਟ ਹਲਕੇ ਵਿੱਚ 10 ਕਰੋੜ 16 ਲੱਖ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਮੰਤਰੀ ਜੀ ਦਾ ਧਰਮਕੋਟ ਲਈ ਸੁਪਰ ਸੈਕਸ਼ਨ ਮਸ਼ੀਨ ਦੇਣ ਦੇ ਐਲਾਨ ਲਈ ਧੰਨਵਾਦ ਕੀਤਾ।

ਵਿਧਾਇਕ ਸਮੇਤ ਧਰਮਕੋਟ ਵਾਸੀਆਂ ਨੇ ਹਲਕੇ ਦੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਤੇ ਸਥਾਨਕ ਸਰਕਾਰਾਂ ਵਿਭਾਗ ਤੇ ਸੰਸਦੀ ਮਾਮਲਿਆਂ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਦਾ ਦਿਲੋਂ ਧੰਨਵਾਦ ਕੀਤਾ।

# ਬੇਜ਼ਮੀਨੇ-ਸਾਧਨ ਹੀਣ ਪੇਂਡੂ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਰੈਲੀ

**ਸ਼ਹਿਰ 'ਚ ਮਾਰਚ ਕਰਕੇ ਵਿਧਾਇਕ ਨੂੰ ਦਿੱਤਾ ਮੰਗ ਪੱਤਰ**



**ਬਠਿੰਡਾ (ਪਰਵਿੰਦਰ ਜੀਤ ਸਿੰਘ)**-'ਆਪ' ਸਰਕਾਰ ਵੱਲੋਂ 5 ਮਾਰਚ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਮਜ਼ਦੂਰ ਵਰਗ ਲਈ ਢੁਕਵੇਂ ਬਜਟ ਦਾ ਪ੍ਰਬੰਧ ਯਕੀਨੀ ਬਣਾਉਣ ਲਈ 'ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ' ਵੱਲੋਂ ਅੱਜ ਰੋਸ ਮੁਜ਼ਾਹਰਾ ਕਰਕੇ ਬਠਿੰਡਾ ਸ਼ਹਿਰੀ ਦੇ ਵਿਧਾਇਕ ਜਗਰੂਪ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ, ਜਿਸ ਰਾਹੀਂ 5 ਮਾਰਚ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਮਜ਼ਦੂਰ ਮੰਗਾਂ ਦੀ ਪੂਰਤੀ ਲਈ ਢੁਕਵੀਂ ਰਾਸ਼ੀ ਰੱਖਣ ਦੀ ਮੰਗ ਕੀਤੀ ਗਈ। ਮੁਜ਼ਾਹਰੇ ਤੋਂ ਪਹਿਲਾਂ ਡੀ ਸੀ ਦਫਤਰ ਅੱਗੇ ਮਿੱਠੂ ਸਿੰਘ ਘੁੱਦਾ, ਤੀਰਥ ਸਿੰਘ ਕੋਠਾ ਗੁਰੂ, ਪ੍ਰਿਤਪਾਲ ਸਿੰਘ ਰਾਮਪੁਰਾ, ਸੁਰਜੀਤ ਸਿੰਘ ਸਰਦਾਰਗੜ੍ਹ, ਜੀਤ ਸਿੰਘ ਮਹਿਰਾਜ, ਬੇਟਾ ਸਿੰਘ ਕੋਠੇ ਨਾਥਿਆਣਾ ਦੀ ਪ੍ਰਧਾਨਗੀ ਹੇਠ ਰੈਲੀ ਕੀਤੀ ਗਈ। ਮੰਚ ਦੀ ਕਾਰਵਾਈ ਸਾਥੀ ਮਹੀਪਾਲ ਨੇ ਚਲਾਈ। ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾਈ ਕਾਰਜਕਾਰਨੀ ਦੇ ਮੈਂਬਰ ਪ੍ਰਕਾਸ ਸਿੰਘ ਨੰਦਗੜ੍ਹ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਪ੍ਰਿਤਪਾਲ ਸਿੰਘ ਰਾਮਪੁਰਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਕੁਲਵੰਤ ਸਿੰਘ ਸੇਲਬਰਾਹ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਮਨਦੀਪ ਸਿੰਘ ਸਰਦਾਰਗੜ੍ਹ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਅਮੀ ਲਾਲ ਬਲਾਹੜ ਮਹਿਮਾ ਨੇ ਮਜ਼ਦੂਰਾਂ ਨੂੰ ਪੱਕੇ ਰੁਜ਼ਗਾਰ ਦੀ ਗਰੰਟੀ ਕਰਨ, ਦਿਹਾੜੀ 700 ਰੁਪਏ ਦਿੱਤੇ ਜਾਣ, ਮਨਰੇਗਾ ਤਹਿਤ ਸਾਲ ਭਰ ਕੰਮ ਦਿੱਤੇ ਜਾਣ, ਮਾਈਕਰੋਫਾਈਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ, ਕਿਸਾਨਾਂ ਤੇ ਔਰਤਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਮੁਆਫ ਕਰਨ ਅਤੇ ਅੱਗੇ ਤੋਂ ਸਸਤੇ ਕਰਜ਼ਿਆਂ ਦਾ ਪ੍ਰਬੰਧ ਕਰਨ, ਬੁਢਾਪਾ, ਵਿਧਵਾ, ਅੰਗਹੀਣ, ਆਸ਼ਰਿਤਾਂ ਦੀ ਪੈਨਸ਼ਨ ਪੰਜ ਹਜ਼ਾਰ ਰੁਪਏ ਮਹੀਨਾ ਕਰਨ, ਚੋਣ ਗਰੰਟੀ ਮੁਤਾਬਕ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ, ਸਭਨਾਂ ਬੇਘਰਿਆਂ ਤੇ ਲੋੜਵੰਦਾਂ ਲਈ ਪਲਾਟ ਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦੀ ਗਰਾਂਟ ਲੈਣ, ਜਨਤਕ ਵੰਡ ਪ੍ਰਣਾਲੀ ਮਜ਼ਬੂਤ ਕਰਕੇ ਡਿੱਪੂਆਂ ਤੋਂ ਰਸੋਈ ਤੇ ਘਰੇਲੂ ਵਰਤੋਂ ਦੀਆਂ ਜ਼ਰੂਰੀ ਵਸਤਾਂ ਦੀ ਨਿਗੂਣੇ ਰੇਟਾਂ 'ਤੇ ਸਪਲਾਈ ਯਕੀਨੀ ਬਣਾਉਣ, ਤਿੱਖੇ ਜ਼ਮੀਨੀ ਸੁਧਾਰ ਲਾਗੂ ਕਰਕੇ ਵਾਧੂ ਜ਼ਮੀਨਾਂ ਦੀ ਵੰਡ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ 'ਚ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਸਸਤੇ ਭਾਅ ਮਜ਼ਦੂਰਾਂ ਨੂੰ ਠੇਕੇ 'ਤੇ ਦੇਣ, ਮਜ਼ਦੂਰ ਕਿਸਾਨ ਪੱਖੀ ਖੇਤੀ ਨੀਤੀ ਬਣਾਉਣ ਤੇ ਲੜ ਰਹੇ ਲੋਕਾਂ 'ਤੇ ਜਬਰ ਬੰਦ ਕਰਨ ਆਦਿ ਮੰਗਾਂ ਲਾਗੂ ਕਰਵਾਉਣ ਲਈ ਇੱਕਮੁੱਠ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਉਨ੍ਹਾਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨ ਵਾਲੇ ਕਿਸਾਨਾਂ 'ਤੇ ਮੋਦੀ ਤੇ ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਕੀਤੇ ਤਸ਼ੱਦਦ ਤੇ ਗੋਲੀਆਂ ਮਾਰ ਕੇ ਨੌਜਵਾਨ ਸ਼ੁਭਕਰਨ ਸਿੰਘ ਨੂੰ ਕਤਲ ਕਰਨ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ।

# ਅਧਿਆਪਕ ਰਵਿੰਦਰ ਕੌਰ ਸੋਢੀ ਹੋਏ ਸੇਵਾ-ਮੁਕਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**

ਪੀ ਟੀ ਆਈ ਅਧਿਆਪਕ ਰਵਿੰਦਰ ਕੌਰ ਸੋਢੀ ਆਪਣੀਆਂ 27 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਨਿਭਾਉਣ ਤੋਂ ਬਾਅਦ ਸੀਨੀਅਰ ਸੈਕੰਡਰੀ ਸਕੂਲ ਗੁਰੂ ਹਰਸਹਾਏ ਲੜਕੇ ਤੋਂ ਸੇਵਾ ਮੁਕਤ ਹੋ ਗਏ ਹਨ। ਇਸ ਮੌਕੇ ਉਨ੍ਹਾਂ ਨੂੰ ਸਮੂਹ ਸਟਾਫ ਵੱਲੋਂ ਯਾਦਗਾਰੀ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਬੋਲਦਿਆਂ ਕਿਹਾ ਕਿ ਅਧਿਆਪਕ ਰਵਿੰਦਰ ਕੌਰ ਸੋਢੀ ਵੱਲੋਂ ਸਕੂਲ ਦੀ ਤਰੱਕੀ ਲਈ ਕੀਤੇ ਸ਼ਲਾਘਾਯੋਗ ਯਤਨਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਲੈਕਚਰਾਰ ਨਰਿੰਦਰ ਸਿੰਘ ਨੇ ਰਵਿੰਦਰ ਕੌਰ ਸੋਢੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਦੱਸਿਆ ਕਿ ਰਵਿੰਦਰ ਕੌਰ ਦਾ ਜਨਮ 1966 ਨੂੰ ਪਿਤਾ ਸੁਰਜੀਤ ਸਿੰਘ ਜੈਦਕਾ ਦੇ ਗ੍ਰਹਿ ਵਿਖੇ ਮਾਤਾ ਸਤਿੰਦਰ ਕੌਰ ਦੀ ਕੁੱਖੋਂ ਪਿੰਡ ਮੱਲਣ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਜੂਨ 1996 ਨੂੰ ਇਨ੍ਹਾਂ ਦਾ ਵਿਆਹ ਸਾਬਕਾ ਲੈਕਚਰਾਰ ਹਰਿੰਦਰ ਸਿੰਘ ਸੋਢੀ ਦੇ ਨਾਲ ਹੋਇਆ। ਇਨ੍ਹਾਂ ਦੇ ਗ੍ਰਹਿ ਵਿਖੇ ਦੋ ਪੁੱਤਰਾਂ ਗੁਰਵੀਰ ਸਿੰਘ ਸੋਢੀ ਤੇ ਜਸਵੀਰ ਸਿੰਘ ਸੋਢੀ ਨੇ ਜਨਮ ਲਿਆ, ਜੋ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਕੈਨੇਡਾ ਵਿੱਚ ਗਏ ਹਨ। ਇਨ੍ਹਾਂ ਨੇ 1997 ਨੂੰ ਬਤੌਰ ਪੀ ਟੀ ਆਈ ਅਧਿਆਪਕ ਦੇ ਤੌਰ ਤੇ ਚੱਕ ਨਿਧਾਨ ਵਿਖੇ ਜੁਆਇੰਨ ਕੀਤਾ।

ਸੇਵਾ ਮੁਕਤ ਹੋਏ ਅਧਿਆਪਕ ਰਵਿੰਦਰ ਕੌਰ ਸੋਢੀ ਨੇ ਸਕੂਲ ਤੇ ਇਲਾਕੇ ਨਾਲ ਆਪਣੀ ਲੰਬੀ ਤੇ ਅਟੁੱਟ ਸਾਂਝ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਧਿਆਪਨ ਦਾ ਸਫ਼ਰ ਹਮੇਸ਼ਾ ਮੇਰੇ ਜ਼ਹਿਨ ਵਿੱਚ ਰਹੇਗਾ। ਉਨ੍ਹਾ ਕਿਹਾ ਕਿ ਅਧਿਆਪਕ ਹੀ ਚੰਗੇ ਸਮਾਜ ਦੀ ਰਚਨਾ ਕਰਦਾ ਹੈ ਤੇ ਅਧਿਆਪਕ ਹੀ ਬੱਚੇ ਦੀ ਜ਼ਿੰਦਗੀ ਨੂੰ ਸਹੀ ਦਿਸ਼ਾ ਦਿੰਦਾ ਹੈ। ਉਨ੍ਹਾ ਆਪਣੇ ਸਾਥੀ ਅਧਿਆਪਕਾਂ ਨੂੰ ਕਿਹਾ ਕਿ ਬੱਚਿਆਂ ਨੂੰ ਉਨ੍ਹਾਂ ਦੇ ਮੁਕਾਮ 'ਤੇ ਪਹੁੰਚਾਉਣ ਵਾਸਤੇ ਉਨ੍ਹਾਂ ਨੂੰ ਬੱਚਿਆਂ ਪ੍ਰਤੀ ਜੀਅ ਤੋੜ ਮਿਹਨਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਕ ਅਧਿਆਪਕ ਹੀ ਜੱਜ ਤੋਂ ਲੈ ਕੇ ਵੱਡੇ-ਵੱਡੇ ਅਫ਼ਸਰ ਬਣਾਉਣ ਵਿੱਚ ਸਹਾਈ ਹੁੰਦੇ ਹਨ। ਸਮਾਗਮ ਦੇ ਅਖੀਰ ਵਿੱਚ ਸਕੂਲ ਪ੍ਰਸ਼ਾਸਨ ਵੱਲੋਂ ਸੇਵਾ ਮੁਕਤ ਹੋਏ ਅਧਿਆਪਕ ਰਵਿੰਦਰ ਕੌਰ ਸੋਢੀ ਨੂੰ ਸਨਮਾਨ ਚਿੰਨ੍ਹ ਭੇਟ ਕਰਦਿਆਂ ਵਧਾਈ ਦਿੱਤੀ। ਇਸ ਸਮੇਂ ਪ੍ਰੀਤਮ ਸਿੰਘ ਸੋਢੀ, ਹਰਿੰਦਰ ਸਿੰਘ ਸੋਢੀ, ਸ਼ਮਿੰਦਰ ਪਾਲ ਸਿੰਘ, ਗੁਰਵੀਰ ਸਿੰਘ, ਯਸਪਾਲ ਭਟੇਜਾ ਆਦਿ ਹਾਜ਼ਰ ਸਨ।

## ਸਰਕਾਰੀ ਹਸਪਤਾਲ 'ਚ ਡਾਕਟਰ ਨਾ ਹੋਣ ਕਾਰਨ ਲੋਕ ਹੋ ਰਹੇ ਖੱਜਲ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਪੰਜਾਬ ਸਰਕਾਰ ਭਾਵੇਂ ਲੱਖ ਵਾਅਦੇ ਉਪਰਾਲੇ ਕਰ ਰਹੀ ਹੈ, ਪਰ ਸਿਵਲ ਹਸਪਤਾਲ ਸੁਨਾਮ ਲੰਮੇ ਸਮੇਂ ਤੋਂ ਡਾਕਟਰਾਂ ਨੂੰ ਤਰਸ ਰਿਹੈ। ਹਸਪਤਾਲ ਤੋਂ ਵੀ ਜ਼ਿਆਦਾ ਉਡੀਕ ਵਿੱਚ ਹਨ ਤੜਫਦੇ ਮਰੀਜ਼, ਜੋ ਵੀ ਡਾਕਟਰ ਓ ਪੀ ਡੀ ਕਰਦੇ ਹਨ, ਉਨ੍ਹਾਂ ਦੀਆਂ ਜ਼ਿਆਦਾਤਰ ਐਮਰਜੈਂਸੀ ਡਿਊਟੀਆਂ ਜਾਂ ਫਿਰ ਡੈਪੂਟੇਸ਼ਨ ਡਿਊਟੀਆਂ ਲਗਾਈਆਂ ਜਾਂਦੀਆਂ ਹਨ, ਜਿਸ ਕਾਰਨ ਡਾਕਟਰ ਸਾਹਿਬਾਨ ਆਪਣਾ ਓ ਪੀ ਡੀ ਦਾ ਸਮਾਂ ਲੇਟ ਕਰਦੇ ਹਨ, ਇਸ ਤਰ੍ਹਾਂ ਮਰੀਜ਼ ਬੇਹਾਲ ਹੁੰਦੇ ਹਨ। ਇਸ ਸੰਬੰਧ ਵਿੱਚ ਸੀ ਐੱਮ ਓ ਡਾਕਟਰ ਕਿਰਪਾਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਨੇ ਵੀ ਕੋਈ ਪੁਖਤਾ ਜਵਾਬ ਨਹੀਂ ਦਿੱਤਾ, ਇਸ ਤੋਂ ਬਾਅਦ ਐੱਸ ਐੱਮ ਓ ਸੁਨਾਮ ਸੰਜੇ ਕਾਮਰਾ ਨਾਲ ਫੋਨ ਉੱਪਰ ਪੱਤਰਕਾਰਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਦੱਸਿਆ ਕਿ ਐਮਰਜੈਂਸੀ ਵਾਲੇ ਐੱਮ ਬੀ ਬੀ ਐੱਸ ਡਾਕਟਰਾਂ ਦੀ ਬਹੁਤ ਹੀ ਘਾਟ ਹੈ ਤੇ ਨਾ ਹੀ ਲੰਮੇ ਸਮੇਂ ਤੋਂ ਐੱਮ ਡੀ ਮੈਡੀਸਨ ਦਾ ਕੋਈ ਡਾਕਟਰ ਹੈ ਤੇ ਨਾ ਹੀ ਕੋਈ ਸਕਿਨ ਵਾਲਾ ਡਾਕਟਰ ਹੈ। ਇਸੇ ਤਰ੍ਹਾਂ ਕਈ ਡਾਕਟਰਾਂ ਦੀ ਘਾਟ ਦੇ ਚੱਲਦਿਆਂ ਮਰੀਜ਼ਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਸਿਵਲ ਹਸਪਤਾਲ ਵਿੱਚ ਡਾਕਟਰ ਪੂਰੇ ਨਹੀਂ ਤਾਂ ਮੁਹੱਲਾ ਕਲੀਨਿਕ ਬਣਾਉਣ ਦਾ ਕੀ ਫਾਇਦਾ। ਹੁਣ ਦੇਖਣਾ ਹੋਵੇਗਾ ਕਿ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਕਦੋਂ ਤੱਕ ਪੂਰੀ ਹੋਵੇਗੀ?

# ਫਾਇਨਾਂਸ ਕੰਪਨੀ ਦੇ ਕਰਮਚਾਰੀ ਨੂੰ ਲੁੱਟਣ ਵਾਲੇ 3 ਕਾਬੂ

**6 ਲੱਖ ਰੁਪਏ, ਆਈਫੋਨ ਤੇ ਹਥਿਆਰ ਬਰਾਮਦ**



ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਕਰੀਬ 20 ਦਿਨ ਪਹਿਲਾਂ ਇੱਕ ਫਾਈਨਾਂਸ ਕੰਪਨੀ ਦੇ ਕਰਮਚਾਰੀ ਤੋਂ ਲੁੱਟੀ ਨਕਦੀ ਦੀ ਵਾਰਦਾਤ ਨੂੰ ਸੁਲਝਾਉਣ ਦਾ ਦਾਅਵਾ ਕਰਦੇ ਹੋਏ ਖੇੜੀ ਨੌਧ ਸਿੰਘ ਪੁਲਸ ਵੱਲੋਂ ਇਸ ਮਾਮਲੇ 'ਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. (ਸਰਕਲ ਖਮਾਣੋਂ) ਦਵਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਮਿਲੀ ਸੂਚਨਾ ਅਨੁਸਾਰ ਮਿਤੀ 10/2/24 ਦੀ ਰਾਤ ਕਰੀਬ ਸਾਢੇ ਕੁ ਨੌਂ ਵਜੇ ਐਲ ਐਂਡ ਟੀ ਫਾਈਨਾਂਸ ਕੰਪਨੀ 'ਚ ਬੈਡਰ ਵਜੋਂ ਕੰਮ ਕਰਨ ਵਾਲਾ ਗੌਤਮ ਕੁਮਾਰ ਉਰਫ ਚਿੰਟੂ ਕੰਪਨੀ ਦੇ 8,51,000/- ਰੁਪਏ ਲੈ ਕੇ ਮੋਟਰਸਾਈਕਲ 'ਤੇ ਜਾ ਰਿਹਾ ਸੀ ਤਾਂ ਪਿੰਡ ਬਿਲਾਸਪੁਰ ਨਜ਼ਦੀਕ ਮੋਟਰਸਾਈਕਲ ਸਵਾਰ ਨਾਮਾਲੂਮ ਵਿਅਕਤੀ ਬੇਸਬਾਲ, ਬੈਟ ਤੇ ਦਾਹ ਦੇ ਵਾਰ ਕਰਕੇ ਉਸ ਤੋਂ ਨਕਦੀ ਵਾਲਾ ਬੈਗ ਖੋਹ ਕੇ ਲੈ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਅ/ਧ 379ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਖੇੜੀ ਨੌਧ ਸਿੰਘ ਦੇ ਐੱਸ.ਐੱਚ.ਓ. ਇੰਸਪੈਕਟਰ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਮਾਮਲੇ ਦੀ ਤਫਤੀਸ਼ ਸ਼ੁਰੂ ਕੀਤੀ ਗਈ ਤਾਂ ਸ਼ੱਕ ਦੀ ਸੂਈ ਇਸੇ ਕੰਪਨੀ ਦੀ ਨੌਕਰੀ ਛੱਡ ਕੇ ਜਾ ਚੁੱਕੇ ਮਲਕੀਤ ਸਿੰਘ ਉਰਫ ਕੀਤੂ ਵਾਸੀ ਪਿੰਡ ਖੂਹ ਮੋਹਰ ਸਿੰਘ ਵਾਲਾ (ਫਿਰੋਜ਼ਪੁਰ) ਵੱਲ ਗਈ, ਜਿਸ ਨੂੰ ਟਰੇਸ ਕਰਕੇ ਕੀਤੀ ਗਈ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਲੁੱਟ ਦੀ ਇਸ ਵਾਰਦਾਤ ਦੀ ਸਾਜ਼ਿਸ਼ ਮਲਕੀਤ ਸਿੰਘ ਉਰਫ ਕੀਤੂ, ਜੋ ਕੈਸ਼ ਲਿਜਾਣ ਦੀ ਸਾਰੀ ਪ੍ਰਕਿਰਿਆ ਤੋਂ ਵਾਕਿਫ ਸੀ, ਨੇ ਹੀ ਰਚੀ ਸੀ, ਜਿਸ ਵੱਲੋਂ ਸਤਨਾਮ ਸਿੰਘ ਪਿੰਡ ਮੱਲਾਂਵਾਲਾ (ਫਿਰੋਜ਼ਪੁਰ) ਤੇ ਦਵਿੰਦਰ ਸਿੰਘ ਗੋਲੂ ਵਾਸੀ ਪਿੰਡ ਕੁਤਬੇਵਾਲਾ (ਫਿਰੋਜ਼ਪੁਰ) ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਡੀ.ਐੱਸ.ਪੀ. ਦਵਿੰਦਰ ਕੁਮਾਰ ਨੇ ਦੱਸਿਆ ਕਿ ਸਤਨਾਮ ਸਿੰਘ, ਦਵਿੰਦਰ ਸਿੰਘ ਉਰਫ ਗੋਲੂ ਤੇ ਮਲਕੀਤ ਸਿੰਘ ਉਰਫ ਕੀਤੂ ਨੂੰ ਗ੍ਰਿਫਤਾਰ ਕਰਕੇ 6 ਲੱਖ ਰੁਪਏ ਦੀ ਨਕਦੀ, ਲੁੱਟ ਦੇ ਪੈਸਿਆਂ ਨਾਲ ਖਰੀਦਿਆ ਇੱਕ ਆਈਫੋਨ ਤੇ ਵਾਰਦਾਤ 'ਚ ਵਰਤੇ ਗਏ ਹਥਿਆਰ ਬਰਾਮਦ ਕਰ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦਾ ਅਦਾਲਤ ਪਾਸੋਂ 4 ਦਿਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਸ ਦੌਰਾਨ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪੰਜ ਦਿਨ ਦਾ ਹਫਤਾ ਕਰਨ ਲਈ ਵਕੀਲਾਂ ਵੱਲੋਂ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅਦਾਲਤਾਂ ਦਾ ਕੰਮ ਕਰਨ ਲਈ ਪੰਜ ਦਿਨ ਦਾ ਹਫਤਾ ਕਰਨ ਲਈ ਹੜਤਾਲ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਫਤਾ ਪੰਜ ਦਿਨ ਦਾ ਕੀਤਾ ਹੋਇਆ ਹੈ। ਪੰਜਾਬ ਦੇ ਸਾਰੇ ਸਰਕਾਰੀ ਦਫਤਰਾਂ ਵਿੱਚ ਹਫਤੇ ਵਿੱਚ ਪੰਜ ਦਿਨ ਹੀ ਕੰਮ ਹੁੰਦਾ ਹੈ। ਸ਼ਨਿੱਚਰਵਾਰ ਤੇ ਐਤਵਾਰ ਵਾਲੇ ਦਿਨ ਸਰਕਾਰੀ ਦਫਤਰਾਂ ਵਿੱਚ ਛੁੱਟੀ ਹੁੰਦੀ ਹੈ। ਇਸੇ ਤਰ੍ਹਾਂ ਅਦਾਲਤਾਂ ਵਿੱਚ ਵੀ ਸ਼ਨੀਵਾਰ ਦੀ ਛੁੱਟੀ ਹੋਣੀ ਚਾਹੀਦੀ ਹੈ। ਸ੍ਰ. ਰੰਧਾਵਾ ਨੇ ਕਿਹਾ ਕਿ ਜਦੋਂ ਤੱਕ ਸਰਕਾਰ ਅਦਾਲਤਾਂ ਦਾ ਕੰਮ ਕਰਨ ਦਾ ਹਫਤਾ ਪੰਜ ਦਿਨ ਦਾ ਨਹੀਂ ਕਰਦੀ, ਉਦੋਂ ਤੱਕ ਹਰ ਸ਼ਨੀਵਾਰ ਲਗਾਤਾਰ ਹੜਤਾਲ ਕੀਤੀ ਜਾਵੇਗੀ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਰਿਸ਼ੀ ਚੋਪੜਾ, ਸੈਕਟਰੀ ਐਡਵੋਕੇਟ ਹਰਮਨਦੀਪ ਸਿੰਘ ਸਿੱਧੂ, ਜੁਆਇੰਟ ਸੈਕਟਰੀ ਜਗਤਾਰ ਸ਼ਰਮਾ, ਕੈਸ਼ੀਅਰ ਐਡਵੋਕੇਟ ਸੰਦੀਪ ਜਿੰਦਲ, ਲਾਈਬ੍ਰੇਰੀਅਨ ਐਡਵੋਕੇਟ ਨਿਰਲੇਪ ਕੌਰ, ਐਗਜ਼ੈਕਟਿਵ ਮੈਂਬਰ ਐਡਵੋਕੇਟ ਗੁਰਜੀਤ ਕੌਰ ਬੱਲ, ਐਡਵੋਕੇਟ ਰਾਜਵਿੰਦਰ ਗੋਇਲ, ਐਡਵੋਕੇਟ ਅਰਮਾਨ ਸਿੰਘ ਤੋਂ ਇਲਾਵਾ ਸੀਨੀਅਰ ਐਡਵੋਕੇਟਸ ਕੁਲਵੰਤ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ, ਵਿਕਰਮ ਭਟਨਾਗਰ, ਜਸਵਿੰਦਰ ਸਿੰਘ, ਦਵਿੰਦਰ ਸਿੰਘ ਢਿੱਲੋਂ, ਤਰਨਜੀਤ ਸਿੰਘ ਸੋਢੀ, ਨਵਦੀਪ ਸਿੰਘ ਢਿੱਲੋਂ, ਵਿਕਰਮ ਭਟਨਾਗਰ, ਖੁਆਬ ਸੋਨੀ, ਕਸ਼ਮੀਰ ਸਿੰਘ ਚੂੰਬਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਡਵੋਕੇਟਸ ਹਾਜ਼ਰ ਸਨ।

# ਉੱਭਾਵਾਲ ਦੇ ਸਰਕਾਰੀ ਸਕੂਲਾਂ 'ਚ ਅਮਨ ਅਰੋੜਾ ਵੱਲੋਂ 21.60 ਲੱਖ ਦੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ



**ਸੰਗਰੂਰ/ਸੁਨਾਮ ਊਧਮ ਸਿੰਘ ਵਾਲਾ (ਪ੍ਰਵੀਨ ਸਿੰਘ/ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਉੱਭਾਵਾਲ ਦੇ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 21.60 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰੋਜੈਕਟ ਵਿਦਿਆਰਥੀਆਂ ਨੂੰ ਸਮਰਪਤ ਕਰਦਿਆਂ ਪੰਜਾਬ ਸਰਕਾਰ ਦੀ ਤਰਫੋਂ ਸੂਬੇ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ ਗਈ। ਕੈਬਨਿਟ ਮੰਤਰੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਤੇ ਪ੍ਰਾਇਮਰੀ ਸਕੂਲ ਮੇਨ ਵਿਖੇ 16.60 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਵਿਦਿਆਰਥੀ ਕਿਸੇ ਵੀ ਦੇਸ਼ ਤੇ ਸਮਾਜ ਦਾ ਭਵਿੱਖ ਹੁੰਦੇ ਹਨ ਅਤੇ ਇਨ੍ਹਾਂ ਦੇ ਜੀਵਨ ਨੂੰ ਉਚਾਈਆਂ ਛੂਹਣ ਦੇ ਸਮਰੱਥ ਬਣਾਉਣ ਲਈ ਪੰਜਾਬ ਸਰਕਾਰ ਪੂਰੀ ਤਨਦੇਹੀ ਨਾਲ ਜੁਟੀ ਹੋਈ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਧਿਆਨ ਕੇਂਦਰਤ ਕਰਦੇ ਹੋਏ ਵਿਦਿਆਰਥੀਆਂ ਦੇ ਹੁਨਰ ਵਿਕਾਸ ਲਈ ਸਾਰਥਕ ਕਦਮ ਚੁੱਕ ਰਹੀ ਹੈ ਅਤੇ ਮਾਪਿਆਂ ਤੇ ਅਧਿਆਪਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਅੰਦਰ ਛੁਪੇ ਹੁਨਰ ਨੂੰ ਤਰਾਸਣ ਵਿੱਚ ਸਰਗਰਮ ਯੋਗਦਾਨ ਪਾਉਣ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੇ ਸਕੂਲੀ ਸਿੱਖਿਆ ਵਿੱਚ ਵੱਡੇ ਸੁਧਾਰਾਂ ਨੂੰ ਲਾਗੂ ਕੀਤਾ ਤੇ ਪਿਛਲੇ ਦੋ ਸਾਲਾਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੀ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਕਰ ਰਹੀ ਹੈ। ਇਸ ਮੌਕੇ ਅਮਨ ਅਰੋੜਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬ੍ਰਾਂਚ ਵਿੱਚ 5 ਲੱਖ ਰੁਪਏ ਦੀ ਲਾਗਤ ਵਾਲੇ ਇੰਟਰਲਾਕ ਟਾਈਲਾਂ ਲਗਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਇਸ ਦੌਰਾਨ ਸਕੂਲੀ ਵਿਦਿਆਰਥੀਆਂ ਦੀ ਹੋਈ ਪ੍ਰਤੀਯੋਗਤਾ ਵਿੱਚੋਂ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਮੇਵਾ ਸਿੰਘ ਸਿੱਧੂ, ਅਵਤਾਰ ਸਿੰਘ ਉੱਭਾਵਾਲ, ਰਣਬੀਰ ਸਿੰਘ ਰਾਣਾ, ਮੋਤਾ ਸਿੰਘ, ਜਗਨ ਨਾਥ, ਸੁਖਵਿੰਦਰ ਸਿੰਘ, ਧਨਦੇਵ ਸਿੰਘ, ਸਰਬਜੀਤ ਸਿੰਘ, ਗੁਰਦੀਪ ਸਿੰਘ ਤਕੀਪੁਰ ਤੇ ਸਕੂਲ ਸਟਾਫ ਹਾਜ਼ਰ ਸੀ।

# ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਇੱਕੋ-ਇੱਕ ਪਾਰਟੀ ਸ਼੍ਰੋਮਣੀ ਅਕਾਲੀ ਦਲ : ਸੁਖਬੀਰ ਬਾਦਲ

**ਹਲਕਾ ਲੋਕ ਸਭਾ ਫਤਿਹਗੜ੍ਹ ਦੀ ਲੀਡਰਸ਼ਿਪ ਨਾਲ ਕੀਤੀ ਵਿਸ਼ੇਸ਼ ਮੀਟਿੰਗ**



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਪੰਜਾਬ ਅੰਦਰ ਇੱਕੋ ਇੱਕ ਅਜਿਹੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ, ਜਿਸ ਵੱਲੋਂ ਪੰਜਾਬ ਤੇ ਪੰਜਾਬੀਅਤ ਲਈ ਲੜਾਈ ਲੜਦੇ ਹੋਏ ਹਮੇਸ਼ਾ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦਿੱਤਾ ਜਾਂਦਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦਫਤਰ ਚੰਡੀਗੜ੍ਹ ਵਿਖੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੀ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗ ਕਰਨ ਸਮੇਂ ਕੀਤਾ। ਇਸ ਮੀਟਿੰਗ ਵਿੱਚ ਹਲਕਾ ਲੋਕ ਸਭਾ ਫਤਿਹਗੜ੍ਹ ਸਾਹਿਬ ਦੇ ਆਬਜ਼ਰਵਰ ਬਿਕਰਮਜੀਤ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ ਤੋਂ ਇਲਾਵਾ ਹਲਕਾ ਅਮਲੋਹ ਦੇ ਸਮੁੱਚੇ ਸਰਕਲ ਪ੍ਰਧਾਨ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸ੍ਰ. ਬਾਦਲ ਨੇ ਕਿਹਾ ਕਿ ਅੱਜ ਸੂਬੇ ਦਾ ਹਰ ਵਿਅਕਤੀ ਸ਼੍ਰੋਮਣੀ ਅਕਾਲੀ ਦਲ ਦੇ ਕੀਤੇ ਕੰਮਾਂ ਨੂੰ ਦੇਖਦੇ ਹੋਏ ਯਾਦ ਹੀ ਨਹੀਂ ਕਰ ਰਿਹਾ, ਸਗੋਂ ਆਪ ਸਰਕਾਰ ਵੱਲੋਂ ਕੀਤੀ ਵਾਅਦਾ ਖਿਲਾਫੀ ਨੂੰ ਲੈ ਕੇ ਵੀ ਸੰਘਰਸ਼ ਦੇ ਰਾਹ 'ਤੇ ਹੈ। ਬਾਦਲ ਨੇ ਕਿਹਾ ਕਿ ਅੱਜ ਕੋਈ ਵੀ ਵਰਗ ਇਸ ਭਗਵੰਤ ਮਾਨ ਸਰਕਾਰ ਤੋਂ ਸੰਤੁਸ਼ਟ ਨਹੀਂ, ਜਿਸ ਲਈ ਆਪ ਸਰਕਾਰ ਨੂੰ ਚਲਦਾ ਕਰਨ ਲਈ ਉਤਾਵਲਾ ਹੈ। ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨਾਲ ਜਿੱਥੇ ਖੁੱਲ੍ਹ ਕੇ ਵਿਚਾਰਾਂ ਸਾਂਝੀਆਂ ਕੀਤੀਆਂ, ਉਥੇ ਪਾਰਟੀ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਤੋਂ ਵੀ ਜਾਣੂੰ ਕਰਵਾਇਆ। ਸ੍ਰ. ਬਾਦਲ ਨੇ ਜ਼ਿਲ੍ਹਾ ਪ੍ਰਧਾਨਾਂ, ਹਲਕਾ ਇੰਚਾਰਜਾਂ ਤੇ ਸਰਕਲ ਪ੍ਰਧਾਨਾਂ ਨੂੰ ਅਪੀਲ ਕੀਤੀ ਕਿ ਉਹ ਭਗਵੰਤ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਲੋਕਾਂ ਨੂੰ ਘਰ ਘਰ ਜਾ ਕੇ ਜਾਣੂੰ ਕਰਵਾਉਣ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਸ ਲੋਕ ਵਿਰੋਧੀ ਸਰਕਾਰ ਨੂੰ ਜਲਦ ਚਲਦਾ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਜਥੇਦਾਰ ਹਰਬੰਸ ਸਿੰਘ ਬਡਾਲੀ, ਜਥੇਦਾਰ ਜਰਨੈਲ ਸਿੰਘ ਮਾਜਰੀ, ਜਥੇਦਾਰ ਕੁਲਵਿੰਦਰ ਸਿੰਘ ਭੰਗੂ, ਜਥੇਦਾਰ ਨਾਜਰ ਸਿੰਘ ਸੰਤ ਨਗਰ, ਜਥੇਦਾਰ ਹਰਿੰਦਰ ਸਿੰਘ ਦੀਵਾ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸਾਹੀ ਤੇ ਧਰਮਪਾਲ ਭੜੀ ਹਾਜ਼ਰ ਸਨ।

# ਫਿਲਮ ਨਿਰਦੇਸ਼ਕ ਸਰਬਜੀਤ ਟੀਟੂ ਦਾ ਵੀ ਸੀ ਰਾਜੀਵ ਸੂਦ ਵੱਲੋਂ ਸਨਮਾਨ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ 'ਚ ਨਸ਼ਾ ਮੁਕਤੀ ਸਮਾਜ ਸਿਰਜਣਾ ਦਾ ਸੰਦੇਸ਼ ਦੇਣ ਲਈ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਫ਼ਰੀਦਕੋਟ ਦੇ ਫਿਲਮ ਡਾਇਰੈਕਟਰ ਸਰਬਜੀਤ ਸਿੰਘ ਟੀਟੂ ਦੀ ਸ਼ਾਰਟ ਫਿਲਮ 'ਦਲਦਲ' ਵਿਖਾਈ ਗਈ। ਇਸ ਮੌਕੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਦੇ ਵਾਈਸ ਚਾਂਸਲਰ ਡਾ. ਰਾਜੀਵ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ 'ਚ ਗੁਰੂ ਗੋਬਿੰਦ ਸਿੰਘ ਮੈਡੀਕਲ ਤੇ ਬਾਬਾ ਫਰੀਦ ਯੂਨੀਵਰਸਿਟੀ ਦਾ ਸਟਾਫ, ਪ੍ਰਿੰਸੀਪਲ ਡਾ. ਸੰਜੇ ਗੁਪਤਾ, ਵਾਈਸ ਪ੍ਰਿੰਸੀਪਲ ਡਾ. ਸਰਿਤਾ, ਡਾ. ਗਗਨਪ੍ਰੀਤ ਸਿੰਘ, ਡਾ. ਵਿਸ਼ਾਲ ਸ਼ਰਮਾ ਐੱਚ ਓ ਡੀ, ਫਾਰਮਾਕੋਲੋਜੀ ਡਾ. ਰਾਜ ਕੁਮਾਰ ਐੱਚ ਓ ਡੀ ਐਨਾਟੋਮੀ ਡਾ. ਮੀਨਾਕਸ਼ੀ ਦੇ ਫੈਕਲਟੀ ਤੇ ਵਿਦਿਆਰਥੀ ਜੀ.ਜੀ.ਐੱਸ.ਐੱਮ.ਸੀ. ਯੂਨੀਵਰਸਿਟੀ ਕਾਲਜ ਆਫ ਨਰਸਿੰਗ ਯੂਨੀਵਰਸਿਟੀ ਕਾਲਜ ਆਫ ਫਿਜੀਓਥਰੈਪੀ, ਯੂਨੀਵਰਸਿਟੀ ਕਾਲਜ ਆਫ ਫਾਰਮਾਕੋਲੋਜ ਸਾਰੇ ਡਾਕਟਰ ਸਾਹਿਬਾਨ ਤੇ ਵਿਦਿਆਰਥੀਆਂ ਨੇ ਦਲਦਲ ਫਿਲਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦੇਖਿਆ। ਫਿਲਮ ਦੇਖਣ ਤੋਂ ਬਾਅਦ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮਨੋਰੰਜਨ ਦੇ ਮਾਧਿਅਮ ਨਾਲ ਅਸੀਂ ਆਪਣੀ ਗੱਲ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਸਮਝਾ ਸਕਦੇ ਹਾਂ।

ਮਨੋ ਮਨੋਵਿਗਿਆਨ ਤੇ ਕਮਿਊਨਿਟੀ ਮੈਡੀਸਨ ਦੇ ਡਾ. ਪੀ. ਡੀ. ਬਾਂਸਲ ਐੱਚ.ਓ.ਡੀ. ਮਨਰੋਗ ਤੇ ਹਾਜ਼ਰੀਨ ਨੂੰ ਭਾਰਤ ਤੇ ਪੰਜਾਬ ਅੰਦਰ ਨਸ਼ਿਆਂ ਦੀ ਸਮੱਸਿਆ ਤੇ ਸਰਕਾਰ ਦੀਆਂ ਵੱਖ-ਵੱਖ ਪਹਿਲ ਕਦਮੀਆਂ ਬਾਰੇ ਦੱਸਿਆ। ਡਾ. ਮਮਤਾ ਕਲੀਨਿਕਲ ਮਨੋਵਿਗਿਆਨੀ ਨੇ ਨੌਜਵਾਨਾਂ ਤੇ ਹੋਰਨਾਂ ਦੇ ਨਸ਼ੇ 'ਚ ਫਸਣ ਦੇ ਕਾਰਨ ਬਾਰੇ ਦੱਸਿਆ। ਇਸ ਮੌਕੇ ਸਰਬਜੀਤ ਸਿੰਘ ਟੀਟੂ ਨੂੰ ਡਾ. ਰਾਜੀਵ ਸੂਦ ਵਾਈਸ ਚਾਂਸਲਰ, ਡਾ. ਸੰਜੇ ਗੁਪਤਾ ਪ੍ਰਿੰਸੀਪਲ ਨੇ ਸਨਮਾਨਤ ਕੀਤਾ। ਇਸ ਮੌਕੇ ਨਿਰਦੇਸ਼ਕ ਸਰਬਜੀਤ ਟੀਟੂ ਨੇ ਦੱਸਿਆ ਕਿ ਮੈਂ ਸਮਾਜਿਕ ਬੁਰਾਈਆਂ ਦੇ ਖਾਤਮੇ ਵਾਸਤੇ ਹੁਣ ਤੱਕ 35 ਟੈਲੀਫ਼ਿਲਮ ਫਿਲਮਾਂ ਬਣਾਈਆਂ ਹਨ, ਪਰ ਸਭ ਤੋਂ ਜ਼ਿਆਦਾ ਮੇਰੀ ਫ਼ਿਲਮ 'ਦਲਦਲ' ਨੂੰ ਹਰ ਪਾਸਿਓਂ ਪਿਆਰ ਮਿਲਿਆ ਹੈ। ਇਸ ਮੌਕੇ ਕੈਨੇਡਾ ਤੋਂ ਲਖਵਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਬਰਾੜ, ਹਰਪਾਲ ਸਿੰਘ ਪਾਲੀ, ਪੇਸ਼ਕਾਰ ਮਨਜਿੰਦਰ ਗੋਲੀ, ਸ਼ਾਇਰ ਜੀਤ ਕੰਮੇਆਣਾ ਤੇ ਹੋਰ ਵੀ ਬਹੁਤ ਸਾਰੀਆਂ ਹਸਤੀਆਂ ਹਾਜ਼ਰ ਸਨ।

## ਸੜਕ ਹਾਦਸੇ 'ਚ ਇੱਕ ਦੀ ਮੌਤ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ ਸੜਕ ਹਾਦਸੇ ਵਿੱਚ ਇਕ ਵਿਅਕਤੀ ਦੀ ਮੌਤ ਹੋ ਜਾਣ 'ਤੇ ਅਣਪਛਾਤੇ ਵਾਹਨ ਚਾਲਕ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਹਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਢਾਬ ਖੁਸ਼ਹਾਲ ਜੋਇਆ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਸ ਦਾ ਪਿਤਾ ਜਰਨੈਲ ਸਿੰਘ 29 ਫਰਵਰੀ 2024 ਨੂੰ ਦੇਰ ਸ਼ਾਮ ਕਰੀਬ 8 ਵਜੇ ਘਰ ਨੂੰ ਆ ਰਿਹਾ ਸੀ ਤੇ ਰਸਤੇ ਵਿੱਚ ਇਨੋਵੇਟਿਵ ਸਕੂਲ ਤੇ ਬਾਬਾ ਦੀ ਸਮਾਧ ਦੇ ਕੋਲ ਕਿਸੇ ਆਣਪਛਾਤੇ ਵਾਹਨ ਦੇ ਚਾਲਕ ਨੇ ਟੱਕ ਮਾਰ ਕੇ ਸੁੱਟ ਦਿੱਤਾ ਸੀ, ਇਸ ਸਬੰਧੀ ਆਸ ਪਾਸ ਦੇ ਲੋਕਾਂ ਨੇ ਉਸ ਦਾ ਇਤਲਾਹ ਦਿੱਤੀ, ਉਸ ਦੇ ਪਿਤਾ ਦੇ ਸਿਰ ਦੀ ਸੱਟ ਹੋਣ ਕਾਰਨ ਸਰਕਾਰੀ ਹਸਪਤਾਲ ਜਲਾਲਾਬਾਦ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੇ ਪਿਤਾ ਦੀ ਮੌਤ ਹੋ ਗਈ ਹੈ।

## ਅਦਾਲਤ 'ਚ ਹਾਜ਼ਰ ਨਾ ਹੋਣ 'ਤੇ ਇਕ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਦੀ ਪੁਲਸ ਵੱਲੋਂ ਅਦਾਲਤ ਵਿੱਚ ਹਾਜ਼ਰ ਨਾ ਹੋਣ 'ਤੇ ਇੱਕ ਵਿਅਕਤੀ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਸਥਾਨਕ ਮਾਨਯੋਗ ਅਦਾਲਤ ਵੱਲੋਂ ਇਕ ਅਰਡਰ ਜਾਰੀ ਕੀਤਾ ਗਿਆ ਸੀ ਕਿ ਕਰਨ ਨਾਰੰਗ ਉਰਫ ਬੰਟੀ ਪੁੱਤਰ ਕ੍ਰਿਸ਼ਨ ਕੁਮਾਰ ਵਾਸੀ 982 ਮੰਦਿਰ ਸਟ੍ਰੀਟ ਓ.ਪੀ.ਪੀ. ਕਮਿਉਨਿਟੀ ਹਾਲ ਜਲਾਲਾਬਾਦ ਉਕਤ ਅਦਾਲਤ ਵਿੱਚ ਹਾਜ਼ਰ ਨਹੀਂ ਹੋਇਆ ਹੈ, ਜਿਸ 'ਤੇ ਥਾਣਾ ਸਿਟੀ ਦੀ ਪੁਲਸ ਵੱਲੋਂ ਕਰਨ ਨਾਰੰਗ ਖਿਲਾਫ ਧਾਰਾ 174-ਏ ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸ਼ੈਲਰ ਮਾਲਕਾਂ ਵੱਲੋਂ ਐੱਫ ਸੀ ਆਈ ਪ੍ਰਬੰਧਕਾਂ ਖਿਲਾਫ਼ ਧਰਨਾ



**ਧੂਰੀ (ਸੁਖਦੇਵ ਧੂਰ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਧੂਰੀ ਰਾਈਸ ਮਿੱਲਰਜ਼ ਐਸੋਸੀਏਸ਼ਨ ਵੱਲੋਂ ਚੌਲਾਂ ਦੀ ਡੰਪਿੰਗ ਨੂੰ ਲੈ ਕੇ ਐੱਫ.ਸੀ.ਆਈ. ਬਫਰ ਕੰਪਲੈਕਸ ਵਿਖੇ ਐੱਫ.ਸੀ.ਆਈ. ਅਧਿਕਾਰੀਆਂ ਵੱਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸ਼ੈਲਰ ਐਸੋਸੀਏਸ਼ਨ ਦੇ ਆਗੂ ਬਲਵਿੰਦਰ ਸਿੰਘ ਬਿੱਲੂ, ਵਿਜੈ ਬਾਂਸਲ ਅਸ਼ੋਕ ਜਿੰਦਲ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਧੂਰੀ ਸ਼ੈਲਰ ਟਰੇਡ ਨੂੰ ਚਾਵਲ ਲਗਾਉਣ ਲਈ 2500 ਗੱਡੀਆਂ ਦੀ ਜਗ੍ਹਾ ਦੀ ਲੋੜ ਹੈ, ਪਰ ਜਗ੍ਹਾ ਬਹੁਤ ਘੱਟ ਹੈ। ਉਸ ਦੇ ਬਾਵਜੂਦ ਐੱਫ.ਸੀ.ਆਈ. ਦੇ ਅਧਿਕਾਰੀ ਮਿਲੀਭੁਗਤ ਨਾਲ ਬਾਹਰਲੇ ਸ਼ੈਲਰ ਮਾਲਕ ਦੀਆਂ ਗੱਡੀਆਂ ਲਗਵਾ ਰਹੇ ਹਨ, ਜਿਹੜਾ ਕਿ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਾਰ ਵਾਰ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੇ ਬਾਵਜੂਦ ਉਨ੍ਹਾਂ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਸਾਡੇ ਮਸਲੇ 'ਤੇ ਧਿਆਨ ਨਹੀਂ ਦਿੱਤਾ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਸੰਬੰਧੀ ਜਦੋਂ ਐੱਫ.ਸੀ.ਆਈ. ਦੇ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਸਾਰਾ ਕੰਮ ਆਨਲਾਈਨ ਹੋ ਰਿਹਾ ਹੈ। ਇਸ ਦੇ ਬਾਵਜੂਦ ਇਹ ਮਸਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

ਇਸ ਮੌਕੇ ਰੋਮੀ ਸਿੰਗਲਾ, ਮੁਕੇਸ਼ ਕੁਮਾਰ ਸਿੰਗਲਾ, ਸੋਨੀ ਸ਼ੇਰਪੁਰ, ਰੋਕੀ ਸ਼ੇਰਪੁਰ, ਕੁਲਦੀਪ, ਹਰਦੀਪ ਢਢੋਗਲ, ਸਮੀਰ ਕੁਮਾਰ, ਬੇਅੰਤ ਸਿੰਘ, ਹਰਬੰਸ ਸਿੰਘ ਪ੍ਰਧਾਨ ਇੰਪਲਾਈਜ਼ ਯੂਨੀਅਨ ਰਾਈਸ ਮਿੱਲਰਜ਼ ਤੇ ਹੋਰ ਹਾਜ਼ਰ ਸਨ।

3-MAR-PAGE-5.qxd 3/2/2024 11:42 PM Page 2



# ਚੋਰੀ ਕੀਤੀਆਂ ਗੰਨਾਂ ਬਰਾਮਦ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਅਸ਼ਵਨੀ ਕਪੂਰ ਆਈਪੀਐੱਸ/ਐੱਸਐੱਸਪੀ ਤਰਨ ਤਾਰਨ ਵੱਲੋਂ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਅਜੇ ਰਾਜ ਸਿੰਘ ਪੀਪੀ ਐੱਸਐੱਸਪੀ ਇਨਵੈਸਟੀਗੇਸ਼ਨ ਤਰਨ ਤਾਰਨ ਦੀ ਨਿਗਰਾਨੀ ਹੇਠ ਡੀਐੱਸਪੀਡੀ ਤਰਨ ਤਾਰਨ ਰਿਸ਼ਬ ਭੋਲਾ ਆਈਪੀਐਸ/ਅੰਡਰ ਟਰੇਨਿੰਗ ਥਾਣਾ ਸਿਟੀ ਤ.ਤਾ ਅਤੇ ਇੰਚਾਰਜ ਸੀਆਈਏ ਸਟਾਫ ਤਰਨ ਤਾਰਨ ਦੀ ਪੁਲਸ ਟੀਮ ਵੱਲੋਂ ਅਤੇ ਏਜੀਟੀਐੱਫ ਟੀਮ ਅੰਮ੍ਰਿਤਸਰ ਦੇ ਸਾਂਝੇ ਅਪਰੇਸ਼ਨ ਦੌਰਾਨ ਮੀਤ ਗੰਨ ਹਾਊਸ, ਅੰਮ੍ਰਿਤਸਰ ਬਾਈਪਾਸ ਤਰਨ ਤਾਰਨ ਵਿੱਚ ਹੋਈ ਚੋਰੀ ਨੂੰ ਟਰੇਸ ਕਰਦੇ ਹੋਏ 2 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਸੀਆਈਏ ਸਟਾਫ ਦੀ ਟੀਮ ਵੱਲੋਂ ਉਕਤ ਮੁਕੱਦਮੇ ਨੂੰ ਟਰੇਸ ਕਰਦੇ ਹੋਏ ਦੋਸ਼ੀ ਚਰਨਜੀਤ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਕੱਕਾ ਕੰਡਿਆਲਾ ਅਤੇ ਕ੍ਰਿਸ਼ਨ ਸਿੰਘ ਉਰਫ ਗੋਰਾ ਪੁੱਤਰ ਬਲਵਿੰਦਰ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ ਤਰਨ ਤਾਰਨ ਨੂੰ ਕਾਬੂ ਕਰਕੇ ਚਰਨਜੀਤ ਸਿੰਘ ਦੀ ਨਿਸ਼ਾਨਦੇਹੀ 'ਤੇ ਗੰਨ ਹਾਊਸ ਵਿੱਚੋਂ ਚੋਰੀ ਹੋਈਆਂ 12 ਬੋਰ ਗੰਨਾਂ ਬ੍ਰਾਮਦ ਕੀਤੀਆਂ ਗਈਆਂ। ਦੋਸ਼ੀਆਂ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਦੌਰਾਨੇ ਤਫਤੀਸ਼ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਜ਼ੋਨ ਬਾਬਾ ਦੀਪ ਸਿੰਘ ਪਿੰਡਾਂ 'ਚ ਚੱਲ ਰਹੇ ਮੋਰਚੇ ਦੀਆਂ ਤਿਆਰੀਆਂ 'ਚ ਜੁਟਿਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਆਗੂ ਬਲਜੀਤ ਸਿੰਘ ਰਟੌਲ ਦੀ ਅਗਵਾਈ ਵਿੱਚ ਜ਼ੋਨ ਪਿੰਡਾਂ ਵਿੱਚ ਚੱਲ ਰਹੇ ਮੋਰਚੇ ਦੀਆਂ ਤਿਆਰੀਆਂ ਕਰਵਾਈਆਂ ਗਈਆਂ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਹਾਜ਼ਰੀ ਭਰੀ। ਇਸ ਮੌਕੇ ਕਿਸਾਨ ਆਗੂਆਂ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ, ਮਜ਼ਦੂਰਾਂ ਦੀ ਆਵਾਜ਼ ਨੂੰ ਦਬਾਉਣ ਲਈ ਮੋਦੀ ਸਰਕਾਰ ਦੀ ਕਰੂਰ ਨੀਤੀ ਜਗ ਜ਼ਾਹਿਰ ਹੋ ਚੁੱਕੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਆਪਣੀ ਰਾਜਧਾਨੀ ਦਿੱਲੀ ਨਹੀਂ ਜਾ ਸਕਦੇ। ਕਿਸਾਨ ਸਾਰੇ ਦੇਸ਼ ਦਾ ਢਿੱਡ ਭਰਦੇ ਹਨ, ਕੇਵਲ ਢਿੱਡ ਹੀ ਨਹੀਂ ਭਰਦੇ ਸਰਕਾਰ ਨੂੰ ਟੈਕਸ ਵੀ ਦਿੰਦੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਐੱਮਐੱਸਪੀ ਦੇ ਗਾਰੰਟੀ ਕਾਨੂੰਨ ਨੂੰ ਤੁਰੰਤ ਲਾਗੂ ਕਰੇ। ਕਿਸਾਨ ਆਗੂਆਂ ਜ਼ੋਨ ਦੇ ਸਾਰੇ ਪਿੰਡਾਂ ਨੂੰ ਮੋਰਚੇ ਵਿੱਚ ਵੱਧ-ਚੜ੍ਹ ਕੇ ਸ਼ਾਮਿਲ ਹੋਣ ਲਈ ਲਾਮਬੰਦ ਕੀਤਾ।

# ਮਾਨ ਤੇ ਕੇਜਰੀਵਾਲ ਵੱਲੋਂ 165 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ




ਜਲੰਧਰ, (ਸ਼ੈਲੀ ਐਲਬਰਟ/ਸੁਰਿੰਦਰ ਕੁਮਾਰ/ਇਕਬਾਲ ਸਿੰਘ ਉੱਭੀ )-ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਸੂਬੇ ਵਿੱਚ 165 ਹੋਰ ਆਮ ਆਦਮੀ ਕਲੀਨਿਕ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤੇ, ਜਿਸ ਨਾਲ ਪੰਜਾਬ ਭਰ ਵਿੱਚ ਕੁੱਲ 829 ਕਲੀਨਿਕਾਂ ਦੇ ਕਾਰਜਸ਼ੀਲ ਹੋਣ ਨਾਲ ਨਵੀਂ ਸਿਹਤ ਕ੍ਰਾਂਤੀ ਦਾ ਆਗਾਜ਼ ਹੋਇਆ। ਦੋਵਾਂ ਮੁੱਖ ਮੰਤਰੀਆਂ ਨੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਇੱਕੋ-ਇੱਕ ਉਦੇਸ਼ ਨਾਲ ਕਲੀਨਿਕਾਂ ਨੂੰ ਸਮਰਪਿਤ ਕੀਤਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਹੁਣ ਸੂਬੇ ਵਿੱਚ 829 ਆਮ ਆਦਮੀ ਕਲੀਨਿਕ ਲੋਕਾਂ ਨੂੰ ਮੁਫਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕਾਰਜਸ਼ੀਲ ਹਨ। ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਗਏ ਇਹ ਕਲੀਨਿਕ ਉਨ੍ਹਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਇਹ ਕਲੀਨਿਕ ਪਹਿਲਾਂ ਹੀ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਨ ਵਿੱਚ ਬਹੁਤ ਸਹਾਈ ਸਿੱਧ ਹੋਏ ਹਨ। ਅਤਿ-ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਇਹ ਕਲੀਨਿਕ ਲੋਕਾਂ ਨੂੰ ਵਿਸ਼ਵ ਪੱਧਰੀ ਇਲਾਜ ਅਤੇ ਜਾਂਚ ਦੀਆਂ ਸਹੂਲਤਾਂ ਮੁਫਤ ਪ੍ਰਦਾਨ ਕਰ ਰਹੇ ਹਨ। ਹੁਣ ਤੱਕ ਸੂਬੇ ਭਰ ਵਿੱਚ ਇਕ ਕਰੋੜ ਤੋਂ ਵੱਧ ਮਰੀਜ਼ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਇਲਾਜ ਕਰਵਾ ਚੁੱਕੇ ਹਨ। ਮਾਨ ਨੇ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ ਕੁੱਲ 41 ਕਿਸਮ ਦੇ ਜਾਂਚ ਟੈਸਟ ਮੁਫਤ ਕੀਤੇ ਜਾ ਰਹੇ ਹਨ। ਸਭ ਤੋਂ ਵੱਧ ਇਨ੍ਹਾਂ ਕਲੀਨਿਕਾਂ ਨੇ ਸੂਬੇ ਵਿੱਚ ਪ੍ਰਚੱਲਤ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕਰਨ ਅਤੇ ਇਨ੍ਹਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਡਾਟਾਬੇਸ ਤਿਆਰ ਕਰਨ ਵਿੱਚ ਸਰਕਾਰ ਦੀ ਮਦਦ ਕੀਤੀ ਹੈ। ਇਨ੍ਹਾਂ ਕਲੀਨਿਕਾਂ ਵਿੱਚ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾ ਕਿਹਾ ਕਿ ਜ਼ਿਲ੍ਹੇ ਵਿੱਚ 283 ਕਰੋੜ ਰੁਪਏ ਦੇ ਵਿਕਾਸ ਕਾਰਜ ਆਰੰਭੇ ਜਾ ਚੁੱਕੇ ਹਨ ਅਤੇ ਕਈ ਹੋਰ ਵੀ ਪ੍ਰਕਿਰਿਆ ਅਧੀਨ ਹਨ। ਸੂਬੇ ਦੀਆਂ ਸਾਰੀਆਂ 13 ਸੀਟਾਂ ਜਿੱਤਣ ਤੋਂ ਬਾਅਦ ਸੂਬੇ ਦੇ ਸੰਸਦ ਮੈਂਬਰ ਕੇਂਦਰ ਸਰਕਾਰ ਨੂੰ ਸੂਬੇ ਦੇ ਕਿਸੇ ਵੀ ਫੰਡ 'ਤੇ ਰੋਕ ਨਹੀਂ ਲੱਗਣ ਦੇਣਗੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਇਤਿਹਾਸਕ ਪਹਿਲਕਦਮੀ ਲਈ ਸੂਬਾ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾ ਕਿਹਾ ਕਿ ਇਹ ਬਹੁਤ ਵੱਡੀ ਗੱਲ ਹੈ, ਕਿਉਂਕਿ ਪੰਜਾਬੀਆਂ ਨੇ ਸਿਹਤ ਖੇਤਰ ਵਿੱਚ ਅਜਿਹੀ ਕ੍ਰਾਂਤੀ ਕਦੇ ਨਹੀਂ ਦੇਖੀ। ਕੇਜਰੀਵਾਲ ਨੇ ਕਿਹਾ ਕਿ ਇਸ ਨੂੰ ਪਹਿਲਾਂ ਦਿੱਲੀ ਵਿੱਚ ਲਾਗੂ ਕੀਤਾ ਗਿਆ ਸੀ, ਹੁਣ ਲੋਕਾਂ ਵੱਲੋਂ ਮੌਕਾ ਦਿੱਤੇ ਜਾਣ ਤੋਂ ਬਾਅਦ ਇਸ ਨੂੰ ਪੰਜਾਬ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਗਿਆ ਹੈ। ਉਹਨਾ ਕਿਹਾ ਕਿ ਪੰਜਾਬ ਨੇ ਪਿਛਲੇ 75 ਸਾਲਾਂ ਵਿੱਚ ਪਹਿਲੀ ਵਾਰ ਅਜਿਹਾ ਇਨਕਲਾਬ ਦੇਖਿਆ ਹੈ।

ਆਮ ਆਦਮੀ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਅਜਿਹੇ ਹੋਰ ਫੈਸਲੇ ਵੀ ਲਏ ਜਾ ਰਹੇ ਹਨ। ਦਿੱਲੀ ਦੇ ਮੁੱਖ ਮੰਤਰੀ ਨੇ ਸੂਬੇ ਵਿੱਚ ਕਈ ਲੋਕ-ਪੱਖੀ ਅਤੇ ਵਿਕਾਸਮੁਖੀ ਪਹਿਲਕਦਮੀਆਂ ਕਰਨ ਲਈ ਸੂਬਾ ਸਰਕਾਰ ਦੀ ਸ਼ਲਾਘਾ ਕੀਤੀ।

# ਮੋਹਨਪੁਰਾ ਵਿਖੇ 'ਆਮ ਆਦਮੀ ਕਲੀਨਿਕ' ਦਾ ਉਦਘਾਟਨ



ਚੋਹਲਾ ਸਾਹਿਬ (ਰਮਨ ਚੱਢਾ)- ਕਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਅਧੀਨ ਆਉਂਦੇ ਸਬ ਸੈਂਟਰ ਮੋਹਨਪੁਰਾ ਵਿਖੇ ਆਮ ਆਦਮੀਂ ਕਲੀਨਿਕ ਦਾ ਉਦਘਾਟਨ ਕੀਤਾ ਗਿਆ। ਡੀਸੀ ਤਰਨ ਤਾਰਨ ਸਨਦੀਪ ਕੁਮਾਰ ਅਤੇ ਸਿਵਲ ਸਰਜਨ ਡਾ. ਕਮਲਪਾਲ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਇਸ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਜਰਨਲ ਸਕੱਤਰ ਅਵਤਾਰ ਸਿੰਘ ਮਠਾੜੂ ਵੱਲੋਂ ਰਿਬਨ ਕੱਟ ਕੇ ਕਲੀਨਿਕ ਦਾ ਉਦਘਾਟਨ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾ. ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਥਿ 80 ਤਰ੍ਹਾਂ ਦੀਆਂ ਦਵਾਈਆਂ ਮਿਲਣਗੀਆਂ ਅਤੇ ਲੈਬ ਟੈਸਟ ਮੁਫ਼ਤ ਕੀਤੇ ਜਾਣਗੇ।

ਇਸ ਸਮੇਂ ਡਾ. ਗੁਰਮਿੰਦਰ ਸਿੰਘ, ਇੰਦਰਜੀਤ ਸਿੰਘ ਹੈਰੀ ਗਿੱਲ, ਬਾਬਾ ਗੁਰਵਿੰਦਰ ਸਿੰਘ, ਹਰਦੀਪ ਸਿੰਘ ਸੰਧੂ ਬੀਈਈ, ਮਨਦੀਪ ਸਿੰਘ, ਵਿਸ਼ਾਲ ਕੁਮਾਰ, ਸੰਦੀਪ ਕੌਰ ਸੀਐੱਚਓ, ਪਰਮਜੀਤ ਸਿੰਘ ਰਿਟਾ ਫਾਰਮੇਸੀ ਅਫਸਰ, ਅਮਨਦੀਪ ਕੌਰ, ਤੇਜਿੰਦਰ ਸਿੰਘ, ਨਰਿੰਦਰ ਕੁਮਾਰ, ਰਣਜੀਤ ਸਿੰਘ, ਮਹਿੰਦਰ ਸਿੰਘ, ਪਰਮਜੀਤ ਸਿੰਘ, ਹਰਜਿੰਦਰ ਕੌਰ ਆਸ਼ਾ ਫਸਿਲੀਟੇਟਰ, ਮਨਜੀਤ ਕੌਰ, ਜਸਬੀਰ ਕੌਰ, ਮਨਜੀਤ ਕੌਰ, ਕੁਲਬੀਰ ਕੌਰ, ਬਲਵਿੰਦਰ ਕੌਰ, ਜਸਵੀਰ ਕੌਰ ਆਦਿ ਹਾਜ਼ਰ ਸਨ।

# ਘਰ 'ਚ ਅੱਗ ਲੱਗਣ ਨਾਲ ਕੀਮਤੀ ਸਾਮਾਨ ਸੜ ਕੇ ਸਵਾਹ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵਾਰਡ ਨੰਬਰ ਪੰਜ ਅਦਰਸ਼ ਕਲੋਨੀ 'ਚ ਇੱਕ ਘਰ ਵਿੱਚ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ। ਜਾਣਕਾਰੀ ਦਿੰਦੇ ਹੋਏ ਨਿਹਾਲ ਸਿੰਘ ਨੇ ਦੱਸਿਆ ਕਿ ਘਰ ਦੇ ਸਟੋਰ ਵਿੱਚ ਅਚਾਨਕ ਅੱਗ ਲੱਗ ਗਈ ਜਿਸ ਨਾਲ ਰਸੋਈ ਵਿੱਚ ਰੱਖਿਆ ਗੈਸ ਸਲੰਡਰ ਵੀ ਫਟ ਗਿਆ।

ਸਾਰਾ ਕੀਮਤੀ ਸਾਮਾਨ ਸੜ ਕੇ ਸੁਆਹ ਹੋ ਗਿਆ ਜਿਵੇਂ ਬੈੱਡ, ਅਲਮਾਰੀ, ਫਰਿਜ, ਐੱਲਸੀਡੀ, ਕੂਲਰ, ਪੇਟੀ, ਬਿਸਤਰੇ ਆਦਿ। ਕੀਮਤ ਲੱਗਭਗ 8 ਲੱਖ ਦੇ ਕਰੀਬ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 18 ਹਜ਼ਾਰ ਰੁਪਏ ਘਰ 'ਚ ਰੱਖੇ ਹੋਏ ਸੀ ਜੋ ਅੱਗ ਦੀ ਭੇਟ ਚੜ੍ਹ ਗਏ। ਕੰਧਾਂ ਤੇ ਛੱਤ 'ਚ ਤਰੇੜਾਂ ਵੀ ਆ ਗਈਆਂ। ਅੱਗ ਨੂੰ ਬੁਝਾਉਣ ਲਈ ਮੁਹੱਲੇ ਵਾਲਿਆਂ ਬਥੇਰੀ ਕੋਸ਼ਿਸ਼ ਕੀਤੀ ਪਰ ਕਾਬੂ ਨਹੀਂ ਪਾ ਸਕੇ। ਫਾਇਰ ਬ੍ਰਿਗੇਡ ਨੂੰ ਵੀ ਬੁਲਾਇਆ ਪਰ ਫਾਇਰ ਬ੍ਰਿਗੇਡ ਦੀ ਗੱਡੀ ਪਹੁੰਚਣ ਤਕ ਸਭ ਸੁਆਹ ਹੋ ਚੁੱਕਾ ਸੀ। ਪੀੜਤ ਪਰਿਵਾਰ ਨੇ ਪ੍ਰਸ਼ਾਸਨ ਤੋਂ ਮਦਦ ਦੀ ਮੰਗ ਕੀਤੀ ਹੈ।

## ਦੇਸ਼ ਦਾ ਸਿਆਸੀ ਵਾਤਾਵਰਨ...

ਸਫਾ 3 ਦੀ ਬਾਕੀ

ਉਨ੍ਹਾ ਕਿਹਾ ਕਿ ਸਭਾ ਦਾ ਇਹ ਇਤਿਹਾਸ ਰਿਹਾ ਹੈ ਕਿ ਜਦੋਂ ਵੀ ਕੋਈ ਸੰਗਠਨ ਅੰਦਰ ਸੰਕਟ ਆਇਆ ਹੈ, ਉਸ ਨੂੰ ਲੀਡਰਸ਼ਿਪ ਨੇ ਠੀਕ ਢੰਗ ਨਾਲ ਨਜਿੱਠਿਆ ਹੈ।

ਨਿਰਮਲ ਨੇ ਕਿਹਾ ਕਿ 2011 ਦੀ ਜਨਗਣਨਾ ਵਿੱਚ ਕਿਹਾ ਗਿਆ ਹੈ ਕਿ ਹਰ ਤੀਸਰਾ ਪ੍ਰਵਾਰ ਭੂਮੀ ਹੀਣ ਹੈ। ਦੂਸਰੇ ਪਾਸੇ ਦੇਸ਼ ਵਿੱਚ ਜ਼ਮੀਨ ਏਨੀ ਹੈ ਕਿ ਹਰ ਪਰਵਾਰ ਨੂੰ ਜ਼ਮੀਨ ਦਿੱਤੀ ਜਾ ਸਕਦੀ ਹੈ। ਇਤਿਹਾਸ ਵੱਲ ਪਿਛਲਝਾਤ ਮਾਰਦਿਆਂ ਉਹਨਾ ਕਿਹਾ ਕਿ ਕਿ ਭੂਮੀਹੀਣਾਂ ਵਿੱਚ ਜ਼ਮੀਨ ਵੰਡਣ ਦਾ ਕੰਮ ਜੰਮੂ-ਕਸ਼ਮੀਰ ਦੇ ਉਸ ਵੇਲੇ ਦੇ ਮੁੱਖ ਮੰਤਰੀ ਸ਼ੇਖ ਅਬਦੁੱਲਾ ਨੇ ਕੀਤਾ ਸੀ। ਇਸ ਕੰਮ ਬਦਲੇ ਵੇਲੇ ਦੇ ਗ੍ਰਹਿ ਮੰਤਰੀ ਵਲਭ ਭਾਈ ਪਟੇਲ ਨੇ ਸ਼ੇਖ ਅਬਦੁੱਲਾ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਸੀ। ਇਸੇ ਪਟੇਲ ਨੂੰ ਭਾਜਪਾ ਹੀਰੋ ਮੰਨਦੀ ਹੈ। ਉਸ ਦਾ ਕਹਿਣਾ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਦੀ ਥਾਂ ਪਟੇਲ ਪ੍ਰਧਾਨ ਮੰਤਰੀ ਹੋਣੇ ਚਾਹੀਦੇ ਸਨ।

ਸੂਬਾ ਵਰਕਿੰਗ ਕਮੇਟੀ ਅੱਗੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਫਰੀਦਕੋਟ ਵਿਖੇ ਹੋਈ ਸੂਬਾ ਕਾਨਫਰੰਸ ਦੀ ਰਿਪੋਰਟ ਪੇਸ਼ ਕੀਤੀ। ਰਿਪੋਰਟ 'ਤੇ ਵਿਸਥਾਰ ਨਾਲ ਚਰਚਾ ਉਪਰੰਤ ਸਰਬਸੰਮਤੀ ਨਾਲ ਰਿਪੋਰਟ ਪਾਸ ਹੋ ਗਈ। ਰਿਪੋਰਟ 'ਤੇ ਹੋਈ ਚਰਚਾ ਵਿੱਚ ਗੁਰਨਾਮ ਸਿੰਘ ਫਰੀਦਕੋਟ, ਗ੍ਰਿਸ਼ੀਪਾਲ ਫਾਜ਼ਿਲਕਾ, ਨਿਰੰਜਣ ਸਿੰਘ ਸੰਗਰੂਰ, ਕੁਲਵੰਤ ਸਿੰਘ ਲੁਧਿਆਣਾ, ਸੁਖਦੇਵ ਸਿੰਘ ਤਰਨ ਤਾਰਨ, ਮੰਗਲ ਸਿੰਘ ਅੰਮ੍ਰਿਤਸਰ, ਸੁਰਜੀਤ ਸਿੰਘ ਸੋਹੀ ਬਠਿੰਡਾ, ਬਲਬੀਰ ਸਿੰਘ ਮੱਲ੍ਹੀ ਗੁਰਦਾਸਪੁਰ, ਹਰਦੇਵ ਸਿੰਘ ਫਤਿਹਗੜ੍ਹ ਸਾਹਿਬ, ਨਿਰੰਜਣ ਦਾਸ ਮੇਹਲੀ, ਨਾਨਕ ਚੰਦ ਮੁਕਤਸਰ, ਜੋਗਿੰਦਰ ਸਿੰਘ ਵਲਟੋਹਾ, ਭਰਪੂਰ ਸਿੰਘ ਫਾਜ਼ਿਲਕਾ, ਗਿਆਨ ਸਿੰਘ ਜਲੰਧਰ ਅਤੇ ਸੁਰਜੀਤ ਸਿੰਘ ਸਰਦਾਰਗੜ੍ਹ (ਬਠਿੰਡਾ) ਨੇ ਹਿੱਸਾ ਲਿਆ। ਇਸ ਮੌਕੇ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਫਰੀਦਕੋਟ ਸੂਬਾ ਕਾਨਫਰੰਸ ਲਈ ਇਕੱਤਰ ਕੀਤੇ ਫੰਡ ਤੇ ਖਰਚ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ, ਜੋ ਮੀਟਿੰਗ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਈ।

ਮੀਟਿੰਗ ਦੇ ਸ਼ੁਰੂ ਵਿੱਚ ਵਿਛੋੜਾ ਦੇ ਗਏ ਸਾਥੀਆਂ, ਜਿਨ੍ਹਾਂ ਵਿੱਚ ਪੂਰਨ ਸਿੰਘ ਨਾਰੰਗਵਾਲ, ਗਿਆਨ ਸਿੰਘ ਚੌਟਾਨਾ, ਰਘਬੀਰ ਸਿੰਘ ਚੁਨਾਗਰਾ ਅਤੇ ਸ਼ਹੀਦ ਸ਼ੁਭਕਰਨ ਸਿੰਘ ਸ਼ਾਮਲ ਹਨ, ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਮੇਜਰ ਸਿੰਘ ਦਾਰਾਪੁਰ, ਲਾਲ ਸਿੰਘ ਵਲਟੋਹਾ, ਰਛਪਾਲ ਸਿੰਘ ਘੁਰਕਵਿੰਡ, ਹੀਰਾ ਸਿੰਘ ਖਡੂਰ ਸਾਹਿਬ, ਜਸਵੀਰ ਕੌਰ ਬਠਿੰਡਾ, ਮਿੱਠੂ ਸਿੰਘ, ਦਰਸ਼ਨ ਸਿੰਘ ਗੁਰਦਾਸਪੁਰ, ਮੁਖਤਿਆਰ ਸਿੰਘ, ਅਮਰਜੀਤ ਕੌਰ ਗੋਰੀਆ, ਗੁਰਨਛੱਤਰ ਸਿੰਘ, ਸੰਤੋਖ ਪਾਲ, ਗੁਰਬਖਸ਼ ਕੌਰ, ਮੁਕੰਦ ਲਾਲ ਨਵਾਂ ਸ਼ਹਿਰ, ਭਰਪੂਰ ਸਿੰਘ ਤੇ ਸ਼ੰਕਰ ਰਾਮ ਸ਼ਾਮਲ ਸਨ।

# ਬੀਬੀ ਗੁਰਪ੍ਰੀਤ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਘੇ ਸਿੱਖ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਦੀ ਲੜਕੀ ਬੀਬਾ ਗੁਰਪ੍ਰੀਤ ਕੌਰ ਦੇ ਅਕਾਲ ਚਲਾਣੇ 'ਤੇ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ। ਐਡਵੋਕੇਟ ਧਾਮੀ ਭਾਈ ਗੁਰਇਕਬਾਲ ਸਿੰਘ ਦੇ ਗ੍ਰਹਿ ਵਿਖੇ ਪੁੱਜੇ ਅਤੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ। ਉਨ੍ਹਾਂ ਨੇ ਬੀਬਾ ਗੁਰਪ੍ਰੀਤ ਕੌਰ ਦੇ ਚਲਾਣੇ ਨੂੰ ਪਰਿਵਾਰ ਲਈ ਵੱਡਾ ਘਾਟਾ ਕਰਾਰ ਦਿੰਦਿਆਂ ਕਿਹਾ ਕਿ ਬੇਸ਼ੱਕ ਜੀਵਨ ਅਤੇ ਮੌਤ ਕਰਤਾ ਪੁਰਖ ਦੇ ਹੱਥ ਹੈ, ਪਰੰਤੂ ਸੰਸਾਰਕ ਰਿਸ਼ਤਿਆਂ ਕਾਰਨ ਕਿਸੇ ਪਰਿਵਾਰਕ ਮੈਂਬਰ ਦਾ ਤੁਰ ਜਾਣਾ ਗਹਿਰੀ ਮਾਨਸਿਕ ਪੀੜਾ ਦਿੰਦਾ ਹੈ। ਉਨ੍ਹਾਂ ਵਿਛੜੀ ਰੂਹ ਨਮਿਤ ਅਰਦਾਸ ਕਰਦਿਆਂ ਆਖਿਆ ਕਿ ਅਕਾਲ ਪੁਰਖ ਵਾਹਿਗੁਰੂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ, ਮੈਨੇਜਰ ਹਰਪ੍ਰੀਤ ਸਿੰਘ ਆਦਿ ਮੌਜੂਦ ਸਨ।

## ਗੈਸ ਏਜੰਸੀ ਮਾਲਕ ਅਮਰਜੀਤ ਸਿੰਘ ਸੱਗੂ ਦਾ ਦਿਹਾਂਤ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਸਥਾਨਕ ਮਹਾਰਾਜਾ ਗੈਸ ਸਰਵਿਸ ਦੇ ਮਾਲਕ ਅਮਰਜੀਤ ਸਿੰਘ ਦਾ ਅੱਜ ਸਵੇਰੇ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਉਹ ਪਿਛਲੇ ਇੱਕ ਮਹੀਨੇ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾਂ ਨੇ ਸਵੇਰੇ 10 ਵਜੇ ਅੰਤਿਮ ਸਾਹ ਲਿਆ। ਜ਼ਿਕਰਯੋਗ ਹੈ ਕਿ ਅਮਰਜੀਤ ਸਿੰਘ ਇਲਾਕੇ ਵਿੱਚ ਜਾਣੀ ਪਹਿਚਾਣੀ ਸ਼ਖ਼ਸੀਅਤ ਸਨ ਅਤੇ ਉਹ ਪਿਛਲੇ ਦੋ ਦਹਾਕਿਆਂ ਤੋਂ ਗੈਸ ਏਜੰਸੀ ਚਲਾ ਰਹੇ ਸਨ।

# ਫੌਜ 'ਚ ਭਰਤੀ ਹੋਣ ਲਈ ਆਨਲਾਈਨ ਫਾਰਮ ਭਰਨ ਦਾ ਸਮਾਂ 22 ਤੱਕ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਭਾਰਤੀ ਫੌਜ ਵਿੱਚ ਭਰਤੀ ਲਈ ਰਜਿਸਟਰੇਸ਼ਨ ਕਰਨ ਲਈ ਨੋਟਿਫਿਕੇਸ਼ਨ ਜਾਰੀ ਹੋ ਗਿਆ ਹੈ। ਇਸ ਦਾ ਪ੍ਰਗਟਾਵਾ ਨਰੇਸ਼ ਕੁਮਾਰ ਰੋਜ਼ਗਾਰ ਅਫਸਰ ਅੰਮ੍ਰਿਤਸਰ ਨੇ ਕੀਤਾ। ਉਨ੍ਹਾਂ ਕਿਹਾ ਕਿ ਫੌਜ ਵਿੱਚ ਭਰਤੀ ਹੋਣ ਲਈ ਰਜਿਸਟਰੇਸ਼ਨ ਕਰਨ ਦਾ ਨੋਟਿਫਿਕੇਸ਼ਨ ਾਾ.ਜੌਨਿਨਦਿਓਨਓਰਮੇ.ਨਿਰਚ.ਨ ਵੈੱਬਸਾਇਟ ਤੇ ਜਾਰੀ ਕੀਤਾ ਗਿਆ ਹੈ ਅਤੇ ਭਰਤੀ ਹੋਣ ਦੇ ਚਾਹਵਾਨ ਪ੍ਰਾਰਥੀ 22 ਮਾਰਚ 2024 ਤੱਕ ਆਨਲਾਈਨ ਫਾਰਮ ਰਜਿਸਟਰ ਕਰ ਸਕਦੇ ਹਨ। ਜਿਹੜੇ ਪ੍ਰਾਰਥੀਆਂ ਦੀ ਉਮਰ 21 ਸਾਲ, ਕੱਦ 170 ਸੈਂਟੀਮੀਟਰ, ਛਾਤੀ 77/82 ਸੈਂਟੀਮੀਟਰ, ਭਾਰ 50 ਕਿੱਲੋ ਅਤੇ ਵਿਦਿਅਕ ਯੋਗਤਾ ਘੱਟ ਘੱਟ 10ਵੀਂ ਪਾਸ ਹੈ, ਉਹ ਰਜਿਸਟਰੇਸ਼ਨ ਲਈ ਫੌਜ ਦੀ ਵੈੱਬਸਾਇਟ 'ਤੇ ਰਜਿਸਟਰ ਕਰ ਸਕਦੇ ਹਨ।

# ਸ਼ਹੀਦ ਊਧਮ ਸਿੰਘ ਨਗਰ 'ਚ ਨਵੇਂ ਵਾਟਰ ਪੰਪਾਂ ਦਾ ਉਦਘਾਟਨ

ਫਗਵਾੜਾ ( ਇੰਦਰਜੀਤ ਸਿੰਘ ਮਠਾੜੂ ) ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸ਼ਹਿਰ ਦੇ ਮੁਹੱਲਾ ਸ਼ਹੀਦ ਊਧਮ ਸਿੰਘ ਨਗਰ ਅਤੇ ਇੰਡਸਟਰੀਅਲ ਏਰੀਆ ਵਿੱਚ ਨਿਗਮ ਵੱਲੋਂ ਲਗਾਏ ਗਏ ਨਵੇਂ ਸਬਮਰਸੀਬਲ ਵਾਟਰ ਪੰਪਾਂ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਇਨ੍ਹਾਂ ਇਲਾਕਿਆਂ ਦੇ ਲੋਕਾਂ ਲਈ ਪੀਣ ਵਾਲੇ ਪਾਣੀ ਦੀ ਵੱਡੀ ਸਮੱਸਿਆ ਬਣੀ ਹੋਈ ਸੀ, ਕਿਉਂਕਿ ਪਾਣੀ ਦੀਆਂ ਪਾਈਪ ਲਾਈਨਾਂ ਹੋਰਨਾਂ ਇਲਾਕਿਆਂ ਨਾਲ ਜੁੜੀਆਂ ਹੋਣ ਕਾਰਨ ਪ੍ਰੈਸ਼ਰ ਬਹੁਤ ਘੱਟ ਸੀ ਅਤੇ ਪਾਣੀ ਉਪਰਲੀਆਂ ਮੰਜ਼ਲਾਂ ਤੱਕ ਨਹੀਂ ਪਹੁੰਚਦਾ ਸੀ।

ਨਗਰ ਨਿਗਮ ਪ੍ਰਸ਼ਾਸਨ ਵੱਲੋਂ 42 ਲੱਖ ਰੁਪਏ ਦੀ ਲਾਗਤ ਨਾਲ ਦੋਵਾਂ ਖੇਤਰਾਂ ਵਿੱਚ ਨਵੇਂ ਵਾਟਰ ਪੰਪ ਲਗਾਏ ਗਏ ਹਨ ਅਤੇ ਲੋਕਾਂ ਨੂੰ ਲੰਬੇ ਸਮੇਂ ਤੋਂ ਆ ਰਹੀ ਸਮੱਸਿਆ ਦਾ ਹੱਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਹਰ ਕਿਸੇ ਨੂੰ ਬਿਜਲੀ, ਪਾਣੀ, ਸੀਵਰੇਜ, ਸੜਕਾਂ, ਗਲੀਆਂ, ਨਾਲੀਆਂ ਅਤੇ ਸਟਰੀਟ ਲਾਈਟਾਂ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਕੋਈ ਵੀ ਵਾਰਡ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।

ਇਸ ਮੌਕੇ ਹਰਮੇਸ਼ ਪਾਠਕ, ਵਿਨੈ ਜੋਸ਼ੀ, ਨਰੇਸ਼ ਸ਼ਰਮਾ, ਰਵਿੰਦਰ ਗੁਪਤਾ, ਸਮਰ ਗੁਪਤਾ, ਸਰਬਜੀਤ ਸਿੰਘ ਲੁਬਾਣਾ, ਰਵਿੰਦਰ ਰਵੀ ਸਾਬਕਾ ਕੌਂਸਲਰ, ਰਘਬੀਰ ਕੌਰ, ਚਮਨ ਲਾਲ, ਪ੍ਰਿਤਪਾਲ ਕੌਰ ਤੁਲੀ, ਰਣਜੀਤ ਪਾਲ ਪਾਬਲਾ, ਨਿਰਮਲ ਸਿੰਘ, ਅਨਿਲ ਪਾਂਡੇ, ਕੇ.ਕੇ. ਸ਼ਰਮਾ, ਚਰਨਜੀਤ ਟੋਨੀ, ਇੰਦਰਜੀਤ ਸਿੰਘ, ਗੁਰਜੀਤ ਸਿੰਘ ਗੁਰੀ, ਰਾਜੇਸ਼ ਚੱਢਾ ਐਸ.ਸੀ. ਤੋਂ ਇਲਾਵਾ ਜੇ.ਈ. ਦਵਿੰਦਰ ਕੁਮਾਰ ਅਤੇ ਰਾਕੇਸ਼ ਕੁਮਾਰ ਸਮੇਤ ਹੋਰ ਪਤਵੰਤੇ ਹਾਜਰ ਸਨ।

# ਸਵੈ-ਰੋਜ਼ਗਾਰ ਲਈ ਜੰਡਿਆਲਾ ਗੁਰੂ ਵਿਖੇ ਕੈਂਪ 7 ਨੂੰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ।

ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਦੀ ਅਗਵਾਈ ਹੇਠ ਅੰਮ੍ਰਿਤਸਰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਮੁਹੱਈਆ ਕਰਵਾਉਣ ਲਈ 7 ਮਾਰਚ ਦਿਨ ਵੀਰਵਾਰ ਨੂੰ ਸਵੇਰੇ 9.00 ਵਜੇ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਕੈਂਪ ਉਨ੍ਹਾਂ ਦੇ ਪਾਰਟੀ ਦਫਤਰ ਜੁਬਲੀ ਰੋਡ ਜੈ ਰਿਜ਼ੋਰਟ ਦੇ ਸਾਹਮਣੇ ਜੰਡਿਆਲਾ ਗੁਰੂ ਵਿਖੇ ਲਗਾਇਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਪੰਜਾਬ ਦੇ ਸਵੈ-ਰੋਜ਼ਗਾਰ ਵਿਭਾਗ ਜਿਵੇਂ ਕਿ ਪੇਂਡੂ ਸਵੈ-ਰੁਜ਼ਗਾਰ ਤਕਨੀਕੀ ਸੰਸਥਾ, ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ, ਜ਼ਿਲ੍ਹਾ ਉਦਯੋਗ ਕੇਂਦਰ, ਐੱਸਸੀ ਕਾਰਪੋਰੇਸ਼ਨ ਅਤੇ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਵੱਲੋਂ ਭਾਗ ਲਿਆ ਜਾਣਾ ਹੈ ਤੇ ਪਲੇਸਮੈਂਟ ਕੈਂਪ ਵਿੱਚ ਐੱਸਬੀਆਈ ਕ੍ਰੈਡਿਟ ਕਾਰਡ (ਟੀਮ ਲੀਜ਼), ਪੇਟੀਐੱਮ, ਸਵਿਫਟ ਸਕਿਓਰਿਟੀ, ਆਧਾਨ ਸਲੂਸ਼ਨ ਪ੍ਰਾਈਵੇਟ ਲਿਮਿ, ਮੈਕਸੀਕਸ ਕੋਚਰ ਟੇਕ ਆਦਿ ਕੰਪਨੀਆਂ ਵੱਲੋਂ ਭਾਗ ਲਿਆ ਜਾਣਾ ਹੈ ਜਿਸ ਵਿੱਚ ਦਸਵੀਂ ਤੋਂ ਲੈ ਕੇ ਗਰੈਜੂਏਸ਼ਨ ਪਾਸ ਬੱਚਿਆਂ ਨੂੰ ਨੌਕਰੀਆਂ ਮੁਹੱਈਆ ਕਰਵਾਈਆਂ ਜਾਣਗੀਆਂ।

ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਟੈਲੀਗ੍ਰਾਮ ਚੈਨਲ ਡੀਬੀਈਈ ਅੰਮ੍ਰਿਤਸਰ ਤੇ ਜਾਂ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰ ਆ ਕੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਇਸ ਕੈਂਪ ਦਾ ਲਾਭ ਉਠਾਉਣ ਦੀ ਅਪੀਲ ਕੀਤੀ।

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ, ਸੁਖਵਿੰਦਰ ਸਿੰਘ ਸੋਢੀ ਪੁੱਤਰ ਗੁਰਮੇਲ ਸਿੰਘ, ਵਾਸੀ ਪਿੰਡ ਰਣੀਕੇ, ਜਿਲ੍ਹਾ ਸੰਗਰੂਰ ਸੂਚਿਤ ਕਰਦਾ ਹਾਂ ਕਿ ਮੇਰਾ, ਮੇਰੇ ਪਿਤਾ, ਮਾਤਾ, ਭੈਣ-ਭਰਾ, ਜੀਜਾ, ਪਤਨੀ , ਬੱਚੇ ਅਤੇ ਕਿਸੇ ਵੀ ਪਰਿਵਾਰਕ ਮੈਂਬਰ ਦਾ ਮੇਰੇ ਚਾਚਾ ਨਿਹਾਲ ਸਿੰਘ ਪੁੱਤਰ ਲਛਮਣ ਸਿੰਘ, ਉਸਦੇ ਪੁੱਤਰ ਰਣਵੀਰ ਸਿੰਘ ਪੁੱਤਰ ਲਛਮਣ ਸਿੰਘ, ਵਾਸੀਆਨ ਪਿੰਡ ਰਣੀਕੇ (ਸੰਗਰੂਰ) ਨਾਲ ਕੋਈ ਵੀ ਤਅਲਕ ਵਾਸਤਾ ਨਹੀਂ ਹੈ। ਉਨ੍ਹਾਂ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ। ਮੈਂ ਜਾਂ ਮੇਰਾ ਪਰਿਵਾਰ ਉਨ੍ਹਾਂ ਦੇ ਕਿਸੇ ਵੀ ਕੰਮਕਾਰ ਦੇ ਜਿੰਮੇਵਾਰ ਨਹੀਂ ਹੋਵਾਂਗੇ।

ਖ਼ਾਤਾ ਨੰਬਰ AP 31/0045 ਨਰਿੰਦਰ ਸਿੰਘ ਪੁੱਤਰ ਜਗੀਰ ਸਿੰਘ ਖ਼ਾਨਪੁਰ ਰਾਜਪੂਤਾਂ ਟਿਊਬਵੈੱਲ ਕੁਨੈਕਸ਼ਨ ਉੱਪ ਮੰਡਲ ਮਲਸੀਆਂ PSPC ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਕੇਵਲ ਸਿੰਘ ਪੁੱਤਰ ਜਗੀਰ ਸਿੰਘ ਖ਼ਾਨਪੁਰ ਰਾਜਪੂਤਾਂ ਦੇ ਨਾਂ ਤਬਦੀਲ ਕੀਤਾ ਜਾਣਾ ਹੈ। ਇਤਰਾਜ਼ ਲਿਖਤੀ ਰੂਪ ਵਿਚ ਉੱਪ ਮੰਡਲ ਮਲਸੀਆਂ ਵਿਖੇ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕੀਤਾ ਜਾ ਸਕਦਾ ਹੈ।

ਮੈਂ, ਗੁਰਸੇਵਕ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਦੇ ਨਾਂਅ ਪਿੰਡ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿੱਚ ਚੱਲਦਾ ਮੋਟਰ ਕੁਨੈਕਸ਼ਨ ਨੰਬਰ ਏ ਪੀ 04/385, 15 ਬੀ ਐੱਚ ਪੀ, ਜੋ ਕਿ ਅਮਨਦੀਪ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਨਿਹਾਲ ਸਿੰਘ ਵਾਲਾ ਦੇ ਨਾਂਅ ਕਰਨਾ ਹੈ, ਜਿਸ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਅੰਦਰ ਪੀ ਐੱਸ ਪੀ ਸੀ ਐੱਲ ਦਫਤਰ ਬੱਧਨੀ ਕਲਾਂ ਵਿਖੇ ਦੱਸੇ।

ਮੈਂ, ਪਵਨ ਕੁਮਾਰ ਪੁੱਤਰ ਲੇਟ ਬਿਸ਼ਨ ਦਾਸ ਵਾਸੀ ਪਿੰਡ ਮੁਨਣਾਵਾਲੀ, ਡਾਕਖਾਨਾ ਦੋਦਵਾਂ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰੀ ਵੱਡੀ ਭੈਣ ਜਗੀਰੋ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੇਰਾ ਆਪਣੀ ਭੈਣ ਨਾਲ ਕੋਈ ਰਿਸ਼ਤਾ ਨਹੀਂ ਰਿਹਾ। ਅਸੀਂ ਇਸ ਨਾਲ ਲੈਣ-ਦੇਣ ਨਹੀਂ ਰੱਖਣਾ ਚਾਹੁੰਦੇ।

## ਬੇਦਖਲੀ ਨੋਟਿਸ

ਮੈਂ, ਬਲਵਿੰਦਰ ਸਿੰਘ ਪੁੱਤਰ ਸਾਉਣ ਸਿੰਘ, ਵਾਸੀ ਰਾਮ ਨਗਰ ਬਸਤੀ ਧੂਰੀ ਪਿੰਡ (ਸੰਗਰੂਰ) ਆਪਣੇ ਲੜਕੇ ਗੁਰਮੁੱਖ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ। (ਸੀ ਆਰ ਪੀ)

ਮੈਂ, ਗੁਰਚਰਨ ਸਿੰਘ ਪੁੱਤਰ ਠਾਕਰ ਸਿੰਘ ਵਾਸੀ ਵਾਰਡ ਨੰ. 13, ਚੁਨਾਗਰਾ ਰੋਡ, ਪਾਤੜਾਂ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਸੂਚਿਤ ਕਰਦਾ ਹਾਂ ਕਿ ਮੇਰੀ ਪੁੱਤਰੀ ਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਡੂਮਣ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਢਾਣੀ ਫੂਲਾ ਸਿੰਘ ਦਾਖਲੀ, ਢੰਡੀ ਖੁਰਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਰੂਪ ਰਾਣੀ ਅਤੇ ਮੇਰਾ ਜਵਾਈ ਲਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮਨਜੀਤ ਕੌਰ ਪਤਨੀ ਲੇਟ ਮੇਲਾ ਸਿੰਘ ਵਾਸੀ ਮਕਾਨ ਨੰ. 11, ਗਲੀ ਨੰ. 3-ਏ, ਗੋਕੁਲ ਨਗਰ, ਮਜੀਠਾ ਰੋਡ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਮਨਦੀਪ ਸਿੰਘ, ਉਸ ਦੀ ਪਤਨੀ ਅਮਨਦੀਪ ਕੌਰ ਅਤੇ ਇਨ੍ਹਾਂ ਦੇ ਬੱਚੇ ਗੁਰਨੂਰ ਕੌਰ ਅਤੇ ਅਵੀਜੋਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਦੇਵ ਪੁੱਤਰ ਮਹਿੰਦਰ ਰਾਮ ਵਾਸੀ ਪਿੰਡ ਫੋਲੜੀਵਾਲ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਬੇਟੀ ਸਨਦੀਪ, ਮੇਰਾ ਬੇਟਾ ਲਵਪ੍ਰੀਤ ਅਤੇ ਜਵਾਈ ਬੱਬੂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਸੁਖਵਿੰਦਰ ਸਿੰਘ ਚੁੱਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਕਾਲੇਵਾਲ ਤਹਿਸੀਲ ਖਮਾਣੋਂ ਜਿਲਾ ਫਤਿਹਗੜ੍ਹ ਸਾਹਿਬ ਦਾ ਹਾਂ। ਮੈਂ ਆਪਣਾ ਨਾਂ ਬਦਲ ਕੇ ਸੁਖਵਿੰਦਰ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ। (ਸੇਠ)

ਮੈਂ, ਅਜਾਦਵੀਰ ਸਿੱਧੂ ਪੁੱਤਰ ਕਰਨਜੀਤ ਸਿੰਘ, ਪਿੰਡ ਰੁਲਦੂ ਸਿੰਘ ਵਾਲਾ, ਜਿਲ੍ਹਾ ਸੰਗਰੂਰ ਨੇ ਆਪਣਾ ਨਾਮ ਬਦਲ ਕੇ ਅਜਾਦਵੀਰ ਸਿੰਘ ਸਿੱਧੂ ਰੱਖ ਲਿਆ ਹੈ।

ਮੈਂ, ਕਰਨਜੀਤ ਸਿੰਘ ਸਿੱਧੂ ਪੁੱਤਰ ਦਲਜੀਤ ਸਿੰਘ, ਪਿੰਡ ਰੁਲਦੂ ਸਿੰਘ ਵਾਲਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਕਰਨਜੀਤ ਸਿੰਘ ਰੱਖ ਲਿਆ ਹੈ।

ਮੈਂ, ਅਨੰਤਪ੍ਰੀਤ ਕੌਰ ਸਿੱਧੂ ਪਤਨੀ ਕਰਨਜੀਤ ਸਿੰਘ, ਪਿੰਡ ਰੁਲਦੂ ਸਿੰਘ ਵਾਲਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਅਨੰਤਪ੍ਰੀਤ ਕੌਰ ਰੱਖ ਲਿਆ ਹੈ।

ਮੈਂ, ਜਸਪਿੰਦਰ ਕੌਰ ਪਤਨੀ ਤਰਵਿੰਦਰਜੀਤ ਸਿੰਘ ਵਾਸੀ ਮਕਾਨ ਨੰ. 77, ਵਾਰਡ ਨੰ. 4, ਗੁਰੂ ਨਾਨਕ ਨਗਰ, ਭੋਗਪੁਰ, ਜਲੰਧਰ, ਪੰਜਾਬ-144201 ਨੇ ਆਪਣਾ ਨਾਂਅ ਜਸਪਿੰਦਰ ਕੌਰ ਤੋਂ ਬਦਲ ਕੇ ਜਸਪਿੰਦਰ ਨੂੰ ਦਿੱਤਾ ਗਿਆ ਨਾਂਅ (Given name) ਅਤੇ ਕੌਰ ਨੂੰ ਉਪਨਾਮ (Surname) ਕਰ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਤਰਵਿੰਦਰਜੀਤ ਸਿੰਘ ਪੁੱਤਰ ਹਰਵਿੰਦਰ ਸਿੰਘ ਵਾਸੀ ਮਕਾਨ ਨੰ. 77, ਵਾਰਡ ਨੰ. 4, ਸੁਵਿਧਾ ਸੈਂਟਰ ਦੇ ਨੇੜੇ, ਗੁਰੂ ਨਾਨਕ ਨਗਰ, ਭੋਗਪੁਰ, ਜਲੰਧਰ, ਪੰਜਾਬ-144201, ਨੇ ਆਪਣਾ ਨਾਂਅ ਤਰਵਿੰਦਰਜੀਤ ਸਿੰਘ ਤੋਂ ਬਦਲ ਕੇ ਤਰਵਿੰਦਰਜੀਤ ਨੂੰ ਦਿੱਤਾ ਗਿਆ ਨਾਂਅ (Given name) ਅਤੇ ਸਿੰਘ ਨੂੰ ਉਪਨਾਮ (Surname) ਕਰ ਲਿਆ ਹੈ।

## Change of Name

I, Veer Pal S/o Kehar Singh R/o Ward No. 50, Mohalla Neel Kanth, Tanda Road, Distt. Hoshiarpur Punjab have changed my name from Veer Pal to Veer Pal Singh. Concerned note.

I, Nisha W/o Ajay Chandok R/o House Number 425, Tilak Nagar, Bhayian Da Shiwala, Near Tikoni Park, Amritsar, Punjab have changed my name after marriage from Nisha to Nisha Chandok.

I, Balraj Singh S/o Prabhu Singh R/o Village Boparai, P.O Nava Tanel, Tehsil Baba Bakala, Distt. Amritsar, Punjab, India have changed my name from Balraj Singh to Singh is my surname and Balraj is my given name.

I, Babaljit Singh S/o Jagtar Singh R/o Village Khella, Tehsil Khadur Sahib, Distt. Tarn Taran, Punjab, India have changed my name from Babaljit Singh to Singh is my surname and Babaljit is my given name.

I, Gurnam Singh Gill S/o Balkar Singh R/o V.P.O. Jhinger Kalan, Teh. Dasuya, Distt. Hoshiarpur (Pb.) India have changed my name Gurnam Singh Gill to Gurnam Singh.

I,Manoj Kumar S/O Labh Chand Kapoor R/O H.No.31,Laxmi Avenue,Near SBI Bank O/S Gate Bhagtan Wala,Amritsar,Punjab have changed my name from Manoj Kumar to Manoj Kapoor.Concerned note.

I,Lakhbir Singh S/O Bachan Singh Randhawa R/O B-293,New Amritsar,Amritsar, Punjab have changed my name from Lakhbir Singh to Lakhbir Singh Randhawa. Concerned note.

I,Amritpal Singh S/O Tarsem Singh R/O Meshsampur,Amritsar, Punjab have changed my name from Amritpal Singh to Amritpal as my Given name and Singh as my Surname.Concerned note.

I Rakesh Kumar S/o Tarlok Nath Anand, R/O 324 Dilbagh Nagar Ext. Jalandhar Have Changed my Name to Rakesh Anand. Please Note

I, Sardar Harjinder Singh Rajput S/o Late Balvinder Singh R/o L-1/649, Plot No.74, Gurnam Nagar, Akali Colony, Sultanwind Road, Amritsar have changed my name to Harjinder Singh

I, Kawaljit Kaur W/o Gurjit Singh R/o H.No.L-3/179, Gali No.2, Jaspal Nagar, Sultanwind Road, Amritsar have changed my name from Kawaljit Kaur to Kawaljeet Kaur

I Kanwaljit Kaur W/O Baldev Singh R/O Vpo Akalgarh Dhapian Tehsil And Distt.amritsar Have Changed My Name To Kawaljit Kaur.

I, Talwinder Singh S/o Nachhattar Singh R/o VPO Ahrana Kalan, Distt. Hoshiarpur Punjab declare that I Talwinder Singh and Talvinder Singh is one and the same person. Concerned note.

I, Lakhwinder Lal S/o Ram Dhan R/o Village Pandori Phangurian Distt. Hoshiarpur Punjab have changed the name of my daughter from Navkiran to Nav Kiran. Concerned note.

I, Parmjit kaur w /o Ravinder Singh H No 454 mohalla seenpura kapurthala I Have changed my name parmjit kaur to paramjit kaur please note all concern

I, Harish Saini S/o Wattan Singh R/o Kothi Jahajawali, NB-301, Hoshiarpur Road, New Laxmi pura, Jalandhar-144004, Punjab, have changed my name from Harish Saini to Harish Chander. All concerned please note.

I, Gulzar Singh S/o Sudarshan Singh R/o Bhaini Millwan, P.O. Saidowal Kalan, Tehsil/Distt. Gurdaspur, Punjab, have changed my name from Gulzar Singh to Guljar Singh.

I, Darshan Singh S/o Nek Ram R/o Bhaini Millwan, P.O. Saidowal Kalan, Tehsil/Distt. Gurdaspur, Punjab, have changed my name from Darshan Singh to Sudarshan Singh

## Change of Name

I, Balwinder Singh Khark S/o Shankar Singh R/o H.No. 80, Guru Ram Dass Nagar, Basti Bawa Khel, Jalandhar, Punjab, India have changed my name from Balwinder Singh Khark to Balwinder Singh. All concerned please note.

I, Rajinder Kumar S/o Balram resident of VPO. Raipur Rasulpur, Jalandhar, Punjab-144012, India have changed my name from Rajinder Kumar to Kumar Rajinder. All concerned please note.

## ਨੋਟਿਸ

ਅਸੀ ਸੈਕਰਡ ਹਾਰਟ ਹਸਪਤਾਲ ਮੈਨਜਮੈਂਟ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਹਸਪਤਾਲ ਦੇ ਮਰੀਜ਼ਾਂ ਦਾ ਮੌਤ ਮੈਡੀਕਲ ਰਿਕਾਰਡਜ਼ ਅਨੁਸਾਰ 10 ਸਾਲ ਤੱਕ ਮਿਤੀ 01-01-2013 ਤੋਂ 31-12-2013 ਹਸਪਤਾਲ ਦੇ ਮੌਤ ਹੋਏ ਮਰੀਜ਼ਾਂ ਦਾ ਰਿਕਾਰਡਜ਼ ਦੀ ਰੀਟੇਨਸ਼ਨ ਸਮਾਂ ਖਤਮ ਹੋ ਚੁੱਕਾ ਹੈ। ਕਿਰਪਾ ਕਰਕੇ ਜੇਕਰ ਕੋਈ ਵੀ ਵਿਅਕਤੀ ਆਪਣੇ ਮਰੀਜ਼ ਦੇ ਮੌਤ ਦਾ ਰਿਕਾਰਡਜ਼ ਹਸਪਤਾਲ ਵਿੱਚ ਸੰਭਾਲਣਾ (ਰੱਖਣਾ) ਚਾਹੁੰਦੇ ਹਨ, ਤਾਂ ਇੱਕ ਮਹੀਨੇ ਅੰਦਰ ਅੰਦਰ 8054516699 ਨੰਬਰ ਤੇ ਸੰਪਰਕ ਕਰੋ।

SACRED HEART HOSPITAL
Maqsudan, G.T. Road, Jalandhar

## ਈ-ਨਿਲਾਮੀ ਨੋਟਿਸ (ਅਚਾਨਕ ਨੁਕਸਾਨੇ ਲੈਮੀਨੇਟਸ)

ਚਾਹਵਾਨ ਖਰੀਦਦਾਰਾਂ ਕੋਲੋਂ ਪੇਸ਼ ਸਮੱਗਰੀ/ਕਬਾੜ ਦੇ ਨਿਪਟਾਰੇ ਵਾਸਤੇ "ਜਿਵੇਂ ਹੈ ਜਿੱਥੇ ਹੈ" ਦੇ ਅਧਾਰ 'ਤੇ ਹੀ ਨਿਪਟਾਰੇ ਲਈ ਈ-ਨਿਲਾਮੀ ਫਾਰਮਾਂ ਦੀ ਮੰਗ ਕੀਤੀ ਜਾਂਦੀ ਹੈ, ਜੋ ਮੈਸ: ਸਟਾਈਲਮ ਇੰਡਸਟਰੀਜ਼ ਲਿਮਟਿਡ ਦੀ ਇਮਾਰਤ ਰਾਏਪੁਰ ਰਾਣੀ ਰੋਡ, ਨੇੜੇ ਮੱਠਾ ਵਾਲਾ ਚੌਂਕ, ਮਾਣਕ ਤਬਰਾ, ਜ਼ਿਲ੍ਹਾ ਪੰਚਕੂਲਾ, ਰਾਏਪੁਰ ਰਾਣੀ, ਹਰਿਆਣਾ-134204 ਵਿਖੇ ਪਿਆ ਹੋਇਆ ਹੈ। ਪੇਸ਼ ਵਸਤਾਂ ਦਾ ਨਿਰੀਖਣ ਸ੍ਰੀ ਪ੍ਰਦੀਪ ਚੌਧਰੀ-9876552174 ਤੋਂ ਅਗਾਊਂ ਨਿਯੁਕਤੀ ਲੈ ਕੇ 03.03.2024 ਤੋਂ 10.03.2024 ਤੱਕ ਕੀਤਾ ਜਾ ਸਕਦਾ ਹੈ। ਉਪਰੋਕਤ 11.03.2024 ਨੂੰ ਹੋਣ ਵਾਲੀ ਈ-ਨਿਲਾਮੀ 'ਚ ਹਿੱਸਾ ਲੈਣ ਲਈ ਕਿਰਪਾ ਕਰਕੇ ਕੁਮਾਰੀ ਸਾਜਿਦਾ ਬੇਗ 8178027913, ਸਾਲਵੇਜ ਸੈਟਲਰਜ਼ ਪ੍ਰਾਈਵੇਟ ਲਿਮਟਿਡ (ਨਿਲਾਮੀਕਰਤਾ) ਯੂਨਿਟ ਨੰ. ਐੱਲ ਜੀ-2 ਸੀ ਏ ਐੱਨ ਅਗਰਵਾਲ ਸਾਈਬਰ ਪਲਾਜ਼ਾ ਸੀ-4,5, 6 ਨੇਤਾ ਜੀ ਸੁਭਾਸ਼ ਪਲੇਸ ਪੀਤਮਪੁਰਾ, ਨਵੀਂ ਦਿੱਲੀ-110034 ਨਾਲ ਸੰਪਰਕ ਕੀਤਾ ਜਾਵੇ ਜਾਂ ਵੈੱਬਸਾਈਟ www.salvageSettlers.com. ਡਾਊਨਲੋਡ ਕੀਤਾ ਜਾਵੇ। ਈ-ਨਿਲਾਮੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 11.03.2024 ਦੁਪਹਿਰ 12.00 ਵਜੇ ਤੋਂ ਪਹਿਲਾਂ ਹੈ।

## Public Notice

I, Kulwant w/o Sawarna R/o Factory Area, Near Nakodar Chungi, District Kapurthala, Punjab, India dis-inherit my daughter Rajni w/o Bachitar Singh from my entire movable and immovable property. If anybody deals with her, he/she will be responsible for it himself/herself.

## ਨੋਟਿਸ

ਅਸੀ ਸੈਕਰਡ ਹਾਰਟ ਹਸਪਤਾਲ ਮੈਨਜਮੈਂਟ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਹਸਪਤਾਲ ਦੇ ਮਰੀਜ਼ਾਂ ਦੇ ਓ.ਪੀ ਅਤੇ ਆਈ.ਪੀ. ਡੀ ਮੈਡੀਕਲ ਰਿਕਾਰਡਜ਼ ਅਨੁਸਾਰ 5 ਸਾਲ ਤੱਕ ਮਿਤੀ 01-01-2013 ਤੋਂ 31-12-2013 ਹਸਪਤਾਲ ਓ.ਪੀ ਅਤੇ ਆਈ.ਪੀ. ਡੀ ਮਰੀਜ਼ਾਂ ਦਾ ਰਿਕਾਰਡਜ਼ ਦੀ ਰੀਟੇਨਸ਼ਨ ਸਮਾਂ ਖਤਮ ਹੋ ਚੁੱਕਾ ਹੈ। ਕਿਰਪਾ ਕਰਕੇ ਜੇਕਰ ਕੋਈ ਵੀ ਵਿਅਕਤੀ ਆਪਣੇ ਮਰੀਜ਼ ਦਾ ਰਿਕਾਰਡਜ਼ ਹਸਪਤਾਲ ਵਿੱਚ ਸੰਭਾਲਣਾ (ਰੱਖਣਾ) ਚਾਹੁੰਦੇ ਹਨ, ਤਾਂ ਇੱਕ ਮਹੀਨੇ ਅੰਦਰ ਅੰਦਰ 8054516699 ਨੰਬਰ ਤੇ ਸੰਪਰਕ ਕਰੋ।

SACRED HEART HOSPITAL
Maqsudan, G.T. Road, Jalandhar

National Institute for Entrepreneurship and Small Business Development
(Ministry of Skill Development and Entrepreneurship)
Entrepreneurship Development Program for Self Employment
(अपना व्यवसाय शुरू करने का सुनहरा अवसर)
Qualification: Unemployed / Drop out / Women / Ex – Service men/ SHGs of age group 18 to 50
Selection date for benificiaries : Tuesday, 05 March 2024, 05 March 2024
Place: Hargobind Pura, Wadali Road, Chheharta Amritsar, Punjab, PIN - 143105
Call Us: 9419112329 LIMITED SEATS: 120
Sponsored by : Ministry of Skill Development and Entrepreneurship
Skill acquisition and knowledge awareness for livelihood promotion (SANKALP)
For more information Contact us:
National Institute for Entrepreneurship and Small Business Development (NIESBUD)
A-23, Sector-62, Institutional Area, Noida, Gautam Buddha Nagar, Uttar Pradesh, India - 201309
Course Director: Sanjay Bartwal Mob No. 8755270777 email – sanjayddn@niesbud.gov.in
Website: www.niesbud.nic.in

"ਦੀ ਬਟਾਲਾ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮਟਿਡ" Shastri Nagar,Thl Batala, District Gurdaspur, Pin-143505, Punjab, Ph no 01871-240396, Email :- padbbatala1@gmail.com

## ਆਮ ਇਜਲਾਸ ਲਈ ਸੂਚਨਾ ਨੋਟਿਸ

ਦੀ ਬਟਾਲਾਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਬਟਾਲਾਦੇ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਏ.ਡੀ.ਬੀ. ਬਟਾਲਾ ਦਾ ਆਮ ਇਜਲਾਸ ਮਿਤੀ 20.03.2024 ਦਿਨਬੁੱਧਵਾਰ ਨੂੰ ਸਵੇਰੇ 11:30 ਵਜੇਪੀ.ਏ.ਡੀ.ਬੀ. ਬਟਾਲਾਵਿਖੇ ਹੋ ਰਿਹਾ ਹੈ ਸਮੂਹ ਏ ਕਲਾਸ ਮੈਂਬਰਾਂ ਨੂੰ ਇਸ ਆਮ ਇਜਲਾਸ ਵਿੱਚ ਸਮੇਂ ਸਿਰ ਹਾਜਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ ।

ਇਸ ਆਮ ਇਜਲਾਸ ਵਿਚ ਹੇਠ ਲਿਖਿਆ ਏਜੰਡਾ ਵਿਚਾਰਿਆ ਜਾਵੇਗਾ ।

(1) ਪਿਛਲੇ ਆਮ ਇਜਲਾਸ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ। (2) ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜੀ ਵੱਲੋਂ ਬੈਂਕ ਦੇ ਬਾਇਲਾਜ਼ ਵਿੱਚ ਸਮੇਂ-ਸਮੇਂ ਕੀਤੀਆਂ ਸੋਧਾਂ ਦੀ ਪ੍ਰਵਾਨਗੀ ਦੇਣ ਤੇ ਵਿਚਾਰ। (3) ਬੈਂਕ ਦੀ ਵਿੱਤੀ ਸਾਲ2022-23 ਦੀਆਂ ਸਾਲਾਨਾ ਰਿਪੋਰਟਾਂ,ਆਡਿਟ ਰਿਪੋਰਟਾਂ ਸਮੇਤ ਬੈਲੰਸ ਸ਼ੀਟਾਂ ਅਤੇ ਲਾਭ ਹਾਨੀ ਚਿੱਠਾ ਜੋ ਕਿ ਸਟੈਚੂਟਰੀ ਆਡੀਟਰ ਵੱਲੋਂ ਤਸਦੀਕ ਕੀਤਾ ਗਿਆ ਹੈ ਨੂੰ ਵਾਚਣ ਅਤੇ ਪ੍ਰਵਾਨ ਕਰਨ ਤੇ ਵਿਚਾਰ। (4) ਬੈਂਕ ਦੇ ਸਾਲ 2022-23 ਦੌਰਾਨ ਬੈਂਕ ਦੇ ਕੰਮ ਕਾਜ ਸਬੰਧੀ ਕੀਤੇ ਗਏ ਖਰਚੇ ਪ੍ਰਵਾਨਗੀ ਤੇ ਵਿਚਾਰ। (5) ਐਸ.ਏ.ਡੀ.ਬੀ.ਚੰਡੀਗੜ੍ਹ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਬੈਂਕ ਦੇ ਅਗਲੇ ਤਿੰਨ ਸਾਲਾਂ 2023-24, 2024-25, 2025-26 ਤੱਕ ਸਟੈਚੂਟਰੀ ਆਡਿਟ ਕਰਵਾਉਣ ਲਈ ਚਾਰਟਰਡ ਅਕਾਉਟੈਂਟਾਂ ਦੇ ਪੈਨਲ ਵਿਚੋ ਇੱਕ ਦੀ ਚੋਣ ਕਰਨ ਤੇ ਵਿਚਾਰ। (6) ਆਮ ਇਜਲਾਸ ਕਰਵਾਉਣ ਤੇ ਹੋਏ ਖਰਚੇ ਨੂੰ ਪ੍ਰਵਾਨਗੀ ਦੇਣ ਤੇ ਵਿਚਾਰ। (7) ਬੈਂਕ ਦੇ ਸਾਲ 1.4.2022 ਤੋਂ 31.3.2023 ਤੱਕ ਦੇ ਲਾਭ/ਹਾਨੀ ਆਦਿ ਐਲੋਕੇਟ ਕਰਨ ਤੇ ਵਿਚਾਰ। (8.) ਪਿਛਲੇ ਆਮ ਇਜਲਾਸ ਤੋਂ ਲੈ ਕੇ ਤਾ-ਤਰੀਖ ਤੱਕ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤੇ ਗਏ ਮਤਿਆ ਦੀ ਪ੍ਰਵਾਨਗੀ ਅਤੇ ਪੁਸਟੀ ਕਰਨ ਤੇ ਵਿਚਾਰ।

REF. PADB/ 956 Dated 01-03-2024 ਮੈਨੇਜਰ ਪੀ.ਏ.ਡੀ.ਬੀ ਬਟਾਲਾ

## Public Notice

I, Koshalya Devi W/o Harbhajan Lal of Vill. Khabra, Teh. Garhshankar, Distt. Hoshiarpur, (Pb.) India, also R/o 43 Johan Street, Ettingshall, Wolverhampton WV2 21S, West Midlands, England, presently in india declare that general public is hereby notified that I have cancelled my power of attorney dated 02.01.2020, countersigned at consulate General of India, Birmingham, UK vide No. C0002220 dated 03.01.2020, embossed with the office of Financial Commissioner Revenue, Punjab vide No. 60 dated 17.01.2020, given to Vishal Singh Anand s/o Tarsem Lal R/o Near Old Post Office, Vill. Aur Teh. Nawanshahr, Distt. Shaheed Bhagat Singh Nagar. He is no more my attorney. Any on dealing with him will be doing so at his own risk and responsibility.

## ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਗੁਰਦਾਸਪੁਰ (ਚੋਣ ਨੋਟਿਸ)

ਦੀ ਰਣੀਆ ਬਹੁ-ਮੰਤਵੀ ਸਹਿਕਾਰੀ ਸਭਾ ਲਿਮ. ਰਣੀਆ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਸੰਬੰਧੀ ਜ਼ੋਨਾਂ ਦੀਆਂ ਲਿਸਟਾਂ ਨਿਮਨਹਸਤਾਖਰ ਦੇ ਦਫਤਰ ਵਿੱਚ ਮਨਜ਼ੂਰੀ ਲਈ ਪ੍ਰਾਪਤ ਹੋਈਆਂ ਹਨ। ਨਵੀਆਂ ਜ਼ੋਨ ਗਾਈਡਲਾਈਨਾਂ ਦੇ ਮੁਤਾਬਕ ਸਭਾ ਦੇ ਜ਼ੋਨ ਤਿਆਰ ਕੀਤੇ ਗਏ ਹਨ। ਇਨ੍ਹਾਂ ਜ਼ੋਨਾਂ ਦੀਆਂ ਸੂਚੀਆਂ ਨਿਮਨਹਸਤਾਖਰ ਦੇ ਦਫਤਰ ਵਿੱਚ ਮੌਜੂਦ ਹਨ। ਜੇਕਰ ਇਨ੍ਹਾਂ ਜ਼ੋਨ ਲਿਸਟਾਂ 'ਤੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਲਿਖਤੀ ਰੂਪ ਵਿੱਚ ਮਿਤੀ 21.03.2024 ਨੂੰ ਸ਼ਾਮ ਦਫਤਰੀ ਸਮੇਂ ਤੱਕ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਗੁਰਦਾਸਪੁਰ ਦੇ ਦਫਤਰ ਆ ਸਕਦਾ ਹੈ। ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 22.03.2024 ਨੂੰ 11.00 ਵਜੇ ਸਵੇਰੇ ਇਸ ਦਫਤਰ ਦੇ ਕਮਰਾ ਨੰਬਰ 411, ਬੀ-ਬਲਾਕ, ਤੀਜੀ ਮੰਜ਼ਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਕੀਤੀ ਜਾਵੇਗੀ। ਨਿਯਤ ਮਿਤੀ ਉਪਰੰਤ ਪ੍ਰਾਪਤ ਹੋਣ ਵਾਲੇ ਇਤਰਾਜ਼ਾਂ ਨੂੰ ਵਿਚਾਰਿਆ ਨਹੀਂ ਜਾਵੇਗਾ। ਇਹ ਜ਼ੋਨ ਸੂਚੀਆਂ ਕਿਸੇ ਕੰਮ ਵਾਲੇ ਦਿਨ ਸਭਾ ਦੇ ਦਫਤਰ ਅਤੇ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਗੁਰਦਾਸਪੁਰ ਦੇ ਦਫਤਰ ਆ ਕੇ ਵੇਖੀਆਂ ਜਾ ਸਕਦੀਆਂ ਹਨ। ਇਤਰਾਜ਼ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਹੋਵੇ, ਅਗਰ ਕਿਸੇ ਦਾ ਕੋਈ ਇਤਰਾਜ਼ ਨਾ ਹੋਇਆ ਤਾਂ ਉਸੇ ਦਿਨ ਹੀ ਜ਼ੋਨ ਲਿਸਟਾਂ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

ਇਹ ਨੋਟਿਸ ਅੱਜ ਮਿਤੀ 22.02.2024 ਨੂੰ ਨਿਮਨਹਸਤਾਖਰ ਦੇ ਹਸਤਾਖਰਾਂ ਨਾਲ ਜਾਰੀ ਕੀਤਾ ਗਿਆ।

ਸਹੀ/- (ਰੋਹਿਤ ਗਿੱਲ) ਪੀ ਸੀ ਐੱਸ-2,
ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਗੁਰਦਾਸਪੁਰ।

## PUBLIC NOTICE

It is for general public to note that vide agreement dated 28th February, 2023, M/s J.B. & Co., a partnership firm of Sh. Manpreet Singh Juneja and Sh. Manmohan Singh Chawla, which was having office at 47-C, Model Town Extension, Ludhiana, Punjab, stood taken over/merged/subsumed into M/s JBCO Infratech Private Limited, CIN U4520PB2022PTC057091 and having its registered office at 298, Chak Hussain, Deep Nagar, Chogitti, Jalandhar-I, Punjab- 144009. As per the provisions of the companies Act, agreement dated 28th February, 2023, has been duly filed and uploaded with the ROC/MCA. Therefore, M/s J.B. & Co., a partnership firm of Sh. Manpreet Singh Juneja and Sh. Manmohan Singh Chawla does not exists in consequence to the agreement dated 28.02.2023 and any agreement, transaction or business whatsoever with the Partnership firm J.B. & Co., would be treated as null and void being illegal, as to which M/s JBCO Infratech Private Limited shall not be responsible in any manner.

Board of Directors
M/s JBCO Infratech Private Limited

## ਇੰਡੀਅਨ ਬੈਂਕ Indian Bank

ਇਲਾਹਾਬਾਦ ALLAHABAD

Zonal Office: S.C.F. 88, Urban Estate, Phase -1, Dugri, Ludhiana.
EMAIL: zoludhiana@indianbank.co.in

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ ਬੈਂਕ ਵੱਲੋਂ ਪ੍ਰਾਪਤ ਕੀਤੀਆਂ ਗਈਆਂ ਕਰਜ਼ਾ ਸਹੂਲਤਾਂ ਦਾ ਮੂਲ ਅਤੇ ਵਿਆਜ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ 'ਚ ਤਬਦੀਲ ਹੋ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਸੀ। ਬੇਸ਼ੱਕ ਕੁਝ ਕੇਸਾਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਅਤੇ ਹੋਰ ਕੇਸਾਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

| ਸ਼ਾਖਾ, ਕਰਜ਼ਦਾਰਾਂ/ਗਰੰਟਰਾਂ/ਭਾਈਵਾਲਾਂ/ ਰਹਿਣਕਾਰਾਂ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਨਾਨ ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਐੱਸ ਐੱਮ ਈ ਫਾਇਨਾਂਸ, ਸੁੰਦਰ ਨਗਰ, ਲੁਧਿਆਣਾ | ਜਾਇਦਾਦ ਰਕਬਾ | 28-07-2021 | 12-02-2024 | 11.02.2024 ਨੂੰ, ਰੁ. 8, 80,225/- (ਅੱਠ ਲੱਖ ਅੱਸੀ ਹਜ਼ਾਰ ਦੋ ਸੌ ਪੱਚੀ ਰੁਪਏ ਸਿਰਫ) ਅਤੇ 08.02.2024 ਤੋਂ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ |
| 1. (ਕਰਜ਼ਦਾਰ ਅਤੇ ਗਰੰਟਰ) :- ਸ੍ਰੀ ਨਰੇਸ਼ ਕੁਮਾਰ ਪੁੱਤਰ ਖਰੈਤੀ ਲਾਲ, ਪਤਾ (1) ਮਕਾਨ ਨੰ. 3977, ਗਲੀ ਨੰ. 4, ਗਗਨਦੀਪ ਕਾਲੋਨੀ, ਬਸਤੀ ਜੋਧੇਵਾਲ, ਕਾਕੋਵਾਲ ਰੋਡ, ਲੁਧਿਆਣਾ-141007 ਪਤਾ (2) ਬੀ-32-905/ਏ, ਪਲਾਟ ਨੰ. 115 ਮਿਨ, ਗਲੀ ਨੰ. 4, ਗ੍ਰੀਨ ਸਿਟੀ, ਕੈਲਾਸ਼ ਨਗਰ ਰੋਡ, ਕਾਕੋਵਾਲ, ਲੁਧਿਆਣਾ-141007 (2) (ਗਰੰਟਰ) ਸ੍ਰੀਮਤੀ ਅੰਜੂ ਬਾਲਾ ਪਤਨੀ ਨਰੇਸ਼ ਕੁਮਾਰ, ਪਤਾ (1) ਮਕਾਨ ਨੰ. 3977, ਗਲੀ ਨੰ. 4, ਗਗਨਦੀਪ ਕਾਲੋਨੀ, ਬਸਤੀ ਜੋਧੇਵਾਲ, ਕਾਕੋਵਾਲ ਰੋਡ, ਲੁਧਿਆਣਾ-141007, ਪਤਾ (2) ਬੀ-32-905/ਏ ਪਲਾਟ ਨੰ. 115 ਮਿਨ, ਗਲੀ ਨੰ. 4, ਗ੍ਰੀਨ ਸਿਟੀ, ਕੈਲਾਸ਼ ਨਗਰ ਰੋਡ, ਕਾਕੋਵਾਲ, ਲੁਧਿਆਣਾ-141007 | 44.44 ਵਰਗ ਗਜ਼, ਐੱਮ ਸੀ ਨੰ. ਬੀ-XXXII-905/ਏ ਅਤੇ ਪਲਾਟ ਨੰ. 115 ਮਿਨ, ਗਲੀ ਨੰ. 4, ਗ੍ਰੀਨ ਸਿਟੀ, ਕੈਲਾਸ਼ ਨਗਰ ਰੋਡ, ਲੁਧਿਆਣਾ, ਖਸਰਾ ਨੰ. 18//13/2, 25,13/1, 26,16, 17, 18,14, ਖੱਤਾ ਨੰ. 422/440, 424/442, 437/455, 438/456, 440/458, ਜਮਾਂਬੰਦੀ ਸਾਲ 2005-2006, ਪਿੰਡ ਕਾਕੋਵਾਲ, ਹਦਬਸਤ ਨੰ. 80, ਬੈਨਾਮਾ ਵਸੀਕਾ ਨੰ.16871 ਮਿਤੀ 13-12-2017 ਹੱਦਾਂ : ਪੂਰਬ : ਗੁਆਂਢ10'-00", ਪੱਛਮ : ਗਲੀ 20' ਚੌੜੀ, 10'-00", ਉੱਤਰ : ਗੁਆਂਢ 40'-00", ਦੱਖਣ : ਗੁਆਂਢ 40'-00", | | | |

ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਦੀਆਂ ਵਿਵਸਥਾਵਾਂ ਤਹਿਤ ਤੁਹਾਨੂੰ ਛੁਟਕਾਰੇ ਦਾ ਅਧਿਕਾਰ ਪ੍ਰਾਪਤ ਹੈ, ਬੈਂਕ ਦੇ ਸਾਰੇ ਬਕਾਏ ਸਮੇਤ ਬੈਂਕ ਵੱਲੋਂ ਸਹਿਣ ਕੀਤੀਆਂ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ, ਕਿਸੇ ਵੀ ਸਮੇਂ ਜਨਤਕ ਨਿਲਾਮੀ ਜਾਂ ਕੁਟੇਸ਼ਨਾਂ ਦੇ ਸੱਦੇ ਜਾਂ ਜਨਤਕ ਜਾਂ ਨਿੱਜੀ ਸੰਧੀ ਤਹਿਤ ਲੀਜ਼ ਰਾਹੀਂ ਤਬਾਦਲਾ, ਸਪੁਰਦਗੀ ਜਾਂ ਸਕਿਓਰਡ ਐੱਸਟ ਦੀ ਵਿਕਰੀ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਅਦਾ ਕਰ ਦਿੱਤੇ ਜਾਣ। ਉਪਰੋਕਤ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕੀਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੀਆਂ ਵਿਵਸਥਾਵਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ।

ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ, ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਬੈਂਕ ਦੀ ਅਗਾਊਂ ਮਨਜ਼ੂਰੀ ਨਾਲ ਕਾਰੋਬਾਰ ਦੇ ਆਮ ਕੋਰਸ ਤੋਂ ਬਿਨਾਂ ਤੁਹਾਡੇ 'ਤੇ ਪਾਬੰਦੀ ਹੈ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ ਦੀ ਕਾਪੀ ਸੰਬੰਧਤ ਸ਼ਾਖਾ ਤੋਂ ਹਾਸਲ ਕੀਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 02.02. 2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਮੌਤ



ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)- ਕਪੂਰਥਲਾ ਸ਼ਹਿਰ ਵਿਚ ਵੱਡੀ ਵਾਰਦਾਤ ਹੋਣ ਦੀ ਖਬਰ ਸਾਹਮਣੇ ਆਈ ਹੈ। ਇਥੋਂ ਦੇ ਸਿਵਲ ਹਸਪਤਾਲ ਵਿੱਚ ਐਮਰਜੈਂਸੀ ਵਾਰਡ ਦੇ ਬਾਹਰ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੇ ਇਕ ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਕਪੂਰਥਲਾ ਦੇ ਪਿੰਡ ਤਲਵੰਡੀ ਮਹਿਮਾ ਵਿੱਚ ਪੁਰਾਣੀ ਰੰਜਿਸ਼ ਦੇ ਚਲਦਿਆਂ ਦੇਰ ਸ਼ਾਮ ਦੋ ਧਿਰਾਂ ਵਿੱਚ ਲੜਾਈ ਹੋ ਗਈ ਸੀ, ਜਿਸ ਵਿਚ ਰਾਜਕੁਮਾਰ ਦੇ ਸਿਰ 'ਤੇ ਸੱਟਾਂ ਲੱਗਣ ਕਾਰਨ ਉਸ ਦਾ ਮੁੰਡਾ ਜਸਪ੍ਰੀਤ ਸਿੰਘ ਆਪਣੇ ਪਿਤਾ ਦੇ ਸਿਵਲ ਹਸਪਤਾਲ ਕਪੂਰਥਲਾ ਐਮਰਜੈਂਸੀ ਵਾਰਡ ਵਿੱਚ ਪੱਟੀਆਂ ਕਰਵਾਉਣ ਆਇਆ ਸੀ। ਇਸੇ ਦੌਰਾਨ ਅੱਧੀ ਦਰਜਨ ਤੋਂ ਵੱਧ ਨੌਜਵਾਨ ਨੇ ਜਸਪ੍ਰੀਤ ਸਿੰਘ 'ਤੇ ਉਸ ਵੇਲੇ ਹਮਲਾ ਕਰ ਦਿੱਤਾ ਜਦ ਉਹ ਕਾਰ ਵਿੱਚ ਐਮਰਜੈਂਸੀ ਵਾਰਡ ਦੇ ਬਾਹਰ ਬੈਠਾ ਸੀ। ਦੱਸਿਆ ਜਾਂਦਾ ਹੈ ਕਿ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੀ ਗਰਦਨ 'ਤੇ ਵਾਰ ਕੀਤੇ, ਜਿਸ ਕਾਰਨ ਜਸਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਟੀ ਅਰਬਨ ਸਟੇਟ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾ ਘਰ ਵਿਚ ਰਖਵਾ ਦਿੱਤਾ ਹੈ ਅਤੇ ਪਰਵਾਰਕ ਮੈਂਬਰਾਂ ਦੇ ਬਿਆਨ ਲਏ ਜਾ ਰਹੇ ਸਨ। ਪੁਲਸ ਪ੍ਰਸ਼ਾਸਨ ਤੋਂ ਕਈ ਵਾਰ ਸਿਹਤ ਵਿਭਾਗ ਦੇ ਅਧਿਕਾਰੀ, ਰਾਜਨੀਤਿਕ ਆਗੂ ਅਤੇ ਆਮ ਲੋਕ ਮੰਗ ਕਰਦੇ ਆ ਰਹੇ ਹਨ ਕਿ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਬਾਹਰ 24 ਘੰਟੇ ਪੁਲਸ ਤਾਇਨਾਤ ਕੀਤੀ ਜਾਵੇ ਪਰ ਇਥੇ ਪੁਲਸ ਦੀ ਨਲਾਇਕੀ ਕਾਰਨ ਇਕ ਨੌਜਵਾਨ ਦਾ ਕਤਲ ਹੋ ਗਿਆ। ਜੇਕਰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਦੇ ਬਾਹਰ ਪੁਲਸ ਤਾਇਨਾਤ ਹੁੰਦੀ ਤਾਂ ਇਹ ਘਟਨਾ ਸ਼ਾਇਦ ਨਾ ਵਾਪਰਦੀ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਫੈਂਸੀ ਡਰੈੱਸ ਪ੍ਰਤੀਯੋਗਤਾ



ਸੁਲਤਾਨਪੁਰ ਲੋਧੀ (ਹਨੀ )-ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਹੇਠ ਕਿੰਡਰਗਾਰਡਨ ਦੇ ਵਿਦਿਆਰਥੀਆਂ ਦਰਮਿਆਨ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ। ਸਮਾਗਮ ਵਿਚ ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਮੁੱਖ ਮਹਿਮਾਨ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਜ਼ੋਰਦਾਰ ਸਵਾਗਤ ਕੀਤਾ। 'ਕਮਿਊਨਿਟੀ ਹੈਲਪਰ' ਦੇ ਥੀਮ ਤੇ ਅਧਾਰਿਤ ਇਸ ਮੁਕਾਬਲੇ ਵਿੱਚ ਜਮਾਤ ਨਰਸਰੀ ਅਤੇ ਐਲ.ਕੇ.ਜੀ ਦੇ ਵਿਦਿਆਰਥੀਆਂ ਨੇ ਬਹੁਤ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਆਪਣੀ ਬੇਹਤਰੀਨ ਪ੍ਰਤਿਭਾ ਰਾਹੀਂ ਹਾਜਰੀਨ ਦਾ ਮਨ ਮੋਹ ਲਿਆ। ਨਰਸਰੀ ਜਮਾਤ ਵਿੱਚੋਂ ਜਿਆਨਪ੍ਰੀਤ ਸਿੰਘ ਨੇ ਪਹਿਲਾ, ਨਵਰੀਤ ਕੌਰ ਨੇ ਦੂਸਰਾ ਅਤੇ ਨਾਇਰਾ ਨੇ ਤੀਸਰਾ ਸਥਾਨ ਹਾਸਲ ਕੀਤਾ । ਐਲ.ਕੇ.ਜੀ ਜਮਾਤ 'ਚੋਂ ਐਸ਼ਮੀਤ ਕੌਰ ਨੇ ਪਹਿਲਾ, ਜੁਝਾਰ ਸਿੰਘ ਨੇ ਦੂਸਰਾ ਅਤੇ ਰਿਆਨ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਪੁੱਜੇ ਮਹਿਮਾਨਾਂ ਨੂੰ ਸੰਬੋਧਿਤ ਹੁੰਦੇ ਹੋਏ ਦੱਸਿਆ ਕਿ ਅਜਿਹੇ ਮੁਕਾਬਲੇ ਜਿੱਥੇ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਦੇ ਹਨ, ਉੱਥੇ ਹੀ ਉਨ੍ਹਾਂ ਅੰਦਰਲੀ ਪ੍ਰਤਿਭਾ ਵੀ ਨਿਖਰ ਕੇ ਸਾਹਮਣੇ ਆਉਂਦੀ ਹੈ। ਸਮਾਗਮ ਦੇ ਅੰਤ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੈਕਸ਼ਨ ਇੰਚਾਰਜ ਸੁਨੀਤਾ ਗੁਜਰਾਲ, ਸ਼ੀਲਾ ਸ਼ਰਮਾ, ਰੁਪਿੰਦਰਜੀਤ ਕੌਰ, ਅਮਨਦੀਪ ਕੌਰ, ਪ੍ਰਿੰਅਕਾ, ਸ਼ਾਲਿਨੀ, ਸੁੱਚਾ ਸਿੰਘ, ਮਨਪ੍ਰੀਤ ਕੌਰ, ਸੋਨੀਆ, ਕਵਿਤਾ ਆਦਿ ਸਟਾਫ ਮੈਂਬਰ ਹਾਜਰ ਸਨ ।

# ਸ਼ਹਿਰ ਦੇ ਵਿਕਾਸ ਲਈ ਵੱਖ-ਵੱਖ ਮਤੇ ਕੀਤੇ ਗਏ ਪਾਸ : ਮੇਅਰ



ਹੁਸ਼ਿਆਰਪੁਰ, : (ਓ ਪੀ ਰਾਣਾ )-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ ਅਤੇ ਇਸ ਦੀ ਨੁਹਾਰ ਬਦਲਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਕੌਂਸਲਰਾਂ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਹੁਸ਼ਿਆਰਪੁਰ ਨੂੰ ਸਵੱਛ ਅਤੇ ਸੁੰਦਰ ਸ਼ਹਿਰਾਂ ਦੀ ਕਤਾਰ ਵਿਚ ਖੜ੍ਹਾ ਕੀਤਾ ਜਾਵੇਗਾ। ਉਹ ਨਗਰ ਨਿਗਮ ਹੁਸ਼ਿਆਰਪੁਰ ਦੀ ਹਾਊਸ ਦੀ ਬੈਠਕ ਵਿਚ ਸ਼ਿਰਕਤ ਕਰਨ ਤੋਂ ਬਾਅਦ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਹਾਊਸ ਦੀ ਬੈਠਕ ਵਿਚ ਲੋਕ ਹਿੱਤ ਅਤੇ ਸ਼ਹਿਰ ਦੀ ਬਿਹਤਰੀ ਲਈ ਵੱਖ-ਵੱਖ ਮਤੇ ਪਾਸ ਹੋਏ ਹਨ। ਹਾਊਸ ਦੀ ਇਸ ਬੈਠਕ ਵਿਚ ਕਮਿਸ਼ਨਰ ਨਗਰ ਨਿਗਮ ਜਿਓਤੀ ਬਾਲਾ ਮੱਟੂ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਿੱਤ ਤੇ ਠੇਕਾ ਕਮੇਟੀ ਦੇ ਚੇਅਰਮੈਨ ਬਲਵਿੰਦਰ ਕੁਮਾਰ ਤੋਂ ਇਲਾਵਾ ਵੱਖ-ਵੱਖ ਵਾਰਡਾਂ ਦੇ ਕੌਂਸਲਰ ਅਤੇ ਨਗਰ ਨਿਗਮ ਦੇ ਅਧਿਕਾਰੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਨਗਰ ਨਿਗਮ ਦੀਆਂ ਖਾਲੀ ਥਾਵਾਂ ਨੂੰ ਗਰੀਨ ਬੈਲਟ ਦੇ ਤੌਰ 'ਤੇ ਵਿਕਸਿਤ ਕੀਤਾ ਜਾਵੇਗਾ ਅਤੇ ਫੂਡ ਸਟਰੀਟ ਦੀ ਤਰਜ਼ 'ਤੇ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਨੂੰ ਸੰਵਾਰਿਆ ਜਾਵੇਗਾ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਵਿਚ ਉਹ ਨਗਰ ਨਿਗਮ ਨੂੰ ਸਹਿਯੋਗ ਦੇਣ ਤਾਂ ਜੋ ਹੁਸ਼ਿਆਰਪੁਰ ਨੂੰ ਪੰਜਾਬ ਦਾ ਸਭ ਤੋਂ ਸੋਹਣਾ ਸ਼ਹਿਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਹੁਸ਼ਿਆਰਪੁਰ ਸ਼ਹਿਰ ਵਾਸੀਆਂ ਨੂੰ 100 ਫੀਸਦੀ ਬੁਨਿਆਦੀ ਸਹੂਲਤਾਂ ਦੇਣ ਲਈ ਬਿਹਤਰੀਨ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਜਲ ਸਪਲਾਈ ਅਤੇ ਸੀਵਰੇਜ ਦੀਆਂ ਪੁਖ਼ਤਾ ਸਹੂਲਤਾਂ ਦੇਣ ਲਈ ਸਮੇਂ-ਸਮੇਂ 'ਤੇ ਨਗਰ ਨਿਗਮ ਵੱਲੋਂ ਹਾਊਸ ਦੀਆਂ ਮੀਟਿੰਗਾਂ ਦੌਰਾਨ ਮਤੇ ਪਾਸ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰੇਕ ਵਾਰਡ ਦਾ ਬਿਨਾਂ ਕਿਸੇ ਭੇਦਭਾਵ ਤੋਂ ਵਿਕਾਸ ਕਰਵਾਇਆ ਜਾਵੇਗਾ।

ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ ਨੇ ਹਾਊਸ ਦੀ ਬੈਠਕ ਸਬੰਧੀ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਨਗਰ ਨਿਗਮ ਹਾਊਸ ਦੀ ਅੱਜ ਦੀ ਬੈਠਕ ਵਿਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚ ਸੜਕਾਂ ਦੇ ਵਿਕਾਸ ਲਈ 1 ਕਰੋੜ 17 ਲੱਖ ਦੇ ਕੰਮ ਪਾਸ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਬਾਰਿਸ਼ ਮੌਕੇ ਓਵਰਫਲੋਅ ਹੋਣ ਕਾਰਨ ਕਈ ਮੁਹੱਲਿਆਂ ਦੇ ਮਕਾਨਾਂ ਵਿਚ ਪਾਣੀ ਭਰਨ ਦਾ ਮਾਮਲਾ ਆਮ ਦੇਖਣ ਨੂੰ ਮਿਲਦਾ ਹੈ। ਇਸ ਲਈ ਨਗਰ ਨਿਗਮ ਵੱਲੋਂ ਪਹਿਲਕਦਮੀ ਕਰਦਿਆਂ ਅਗੇਤੇ ਤੌਰ 'ਤੇ ਸ਼ਹਿਰ ਅੰਦਰ ਪੈਂਦੇ 12 ਨਾਲਿਆਂ ਦੀ ਸਫ਼ਾਈ ਲਈ 10.25 ਲੱਖ ਰੁਪਏ ਦਾ ਖ਼ਰਚਾ ਪ੍ਰਵਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੀਵਰੇਜ ਚੈਂਬਰ ਸੀਵਰ ਲਾਈਨ ਦੀ ਰਿਪੇਅਰ ਕਰਾਉਣ ਲਈ 24.99 ਲੱਖ ਰੁਪਏ ਦਾ ਖ਼ਰਚਾ ਪ੍ਰਵਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਲੋੜ ਅਨੁਸਾਰ ਪਾਣੀ ਦੀਆਂ ਪਾਈਪਾਂ ਪਾਉਣ ਅਤੇ ਪੁਰਾਣੀਆਂ ਜਲ ਸਪਲਾਈ ਪਾਈਪਾਂ ਨੂੰ ਪੁਖਤਾ ਕਰਨ ਲਈ 11.25 ਲੱਖ ਰੁਪਏ ਦਾ ਤਖ਼ਮੀਨਾ ਪਾਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਹਮੇਸ਼ਾ ਹੀ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਂਦਾ ਰਹੇਗਾ ਅਤੇ ਭਵਿੱਖ ਵਿਚ ਵੀ ਸ਼ਹਿਰ ਦੇ ਵਿਕਾਸ ਲਈ ਸਰਕਾਰ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਦਾ ਰਹੇਗਾ। ਉਨ੍ਹਾਂ ਦਸਿਆ ਕਿ ਮੀਟਿੰਗ ਵਿਚ ਬਿਨਾਂ ਕਿਸੇ ਭੇਦਭਾਵ ਦੇ ਹਰੇਕ ਵਾਰਡ ਵਿਚ ਵੱਖ-ਵੱਖ ਤਰ੍ਹਾਂ ਦੇ ਕੰਮਾਂ ਲਈ ਹਰੇਕ ਕੌਂਸਲਰ ਲਈ 15-15 ਲੱਖ ਰੁਪਏ ਦਾ ਖ਼ਰਚਾ ਪ੍ਰਵਾਨ ਕੀਤਾ ਗਿਆ।

## ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਦੀ ਮੀਟਿੰਗ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਸ਼੍ਰੋਮਣੀ ਅਕਾਲੀ ਬਾਦਲ ਸਰਕਲ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਮਾਂਗਟ ਮੋਟਰਜ਼ ਵਿਖੇ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਸਿਆਸੀ ਸਕੱਤਰ ਅਮਨਦੀਪ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਹੋਈ , ਜਿਸ ਵਿੱਚ ਹਲਕਾ ਇੰਚਾਰਜ ਕਰਨ ਸਿੰਘ ਡੀ ਟੀ ਓ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਮਾਂਗਟ ਨੇ ਦੱਸਿਆ ਕਿ ਮੀਟਿੰਗ ਦੌਰਾਨ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਿਚਾਰ ਚਰਚਾ ਕੀਤੀ ਗਈ ਅਤੇ ਆਉਂਦੇ ਦਿਨਾਂ ਦੀ ਰੂਪ ਰੇਖਾ ਵੀ ਤਿਆਰ ਕੀਤੀ ਗਈ । ਇਸ ਤੋਂ ਬਾਅਦ ਸਮੂਹ ਮੈਂਬਰਾਂ ਨੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੇ ਸਹੁਰਾ ਸਾਹਿਬ ਅਮਰ ਸਿੰਘ ਦੀ ਹੋਈ ਮੌਤ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ । ਇਸ ਮੌਕੇ ਸੂਬਾ ਆਗੂ ਬਲਦੇਵ ਸਿੰਘ ਹਾਫਿਜਾਬਾਦ, ਬਾਈ ਪਰਮਿੰਦਰ ਸਿੰਘ ਸੇਖੋਂ, ਯੂਥ ਆਗੂ ਲਖਵੀਰ ਸਿੰਘ ਲੱਖੀ, ਕਰਨੈਲ ਸਿੰਘ ਸੈਦਪੁਰ, ਜਗੀਰ ਸਿੰਘ, ਗੁਰਵਿੰਦਰ ਸਿੰਘ, ਹਰਵਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ ।

## ਜਿੰਪਾ ਵੱਲੋਂ ਪਿੰਡਾਂ ਨੂੰ ਨਹਿਰੀ ਪਾਣੀ ਪ੍ਰੋਜੈਕਟ ਮੁਹੱਈਆ ਕਰਵਾਉਣ ਦੀ ਹਦਾਇਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸੂਬਾ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਹੁਸ਼ਿਆਰਪੁਰ ਸਹਿਰ ਅਤੇ ਨਾਲ ਲੱਗਦੇ ਕੰਢੀ ਖੇਤਰਾਂ ਦੇ ਪਿੰਡਾਂ ਨੂੰ ਨਹਿਰੀ ਪਾਣੀ ਪ੍ਰੋਜੈਕਟ ਮੁਹੱਇਆ ਕਰਵਾਉਣ ਲਈ ਕਿਹਾ ਹੈ। ਜਿੰਪਾ ਵੱਲੋਂ ਨਹਿਰੀ ਪਾਣੀ ਪ੍ਰੋਜੈਕਟ ਦੀ ਤਜਵੀਜ ਨੂੰ ਸਥਾਨਕ ਸਰਕਾਰਾਂ, ਜਲ ਸ੍ਰੋਤ ਵਿਭਾਗ ਅਤੇ ਜਲ ਸਪਲਾਈ ਵਿਭਾਗ ਨਾਲ ਵਿਸਥਾਰਪੂਰਵਕ ਵਿਚਾਰਿਆ ਗਿਆ ਅਤੇ ਇਸਨੂੰ ਜਲਦ ਅਮਲੀ ਜਾਮਾ ਪਹਿਨਾਉਣ ਲਈ ਵੀ ਕਿਹਾ ਗਿਆ। ਮੀਟਿੰਗ ਦੌਰਾਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਨੀਲਕੰਠ ਅਵਹਾੜ, ਵਿਭਾਗ ਮੁਖੀ ਅਮਿਤ ਤਲਵਾੜ, ਸਥਾਨਕ ਸਰਕਾਰ ਵਿਭਾਗ ਦੀ ਪ੍ਰਮੁੱਖ ਸਕੱਤਰ ਦੀਪਤੀ ਉੱਪਲ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਮੁੱਖ ਇੰਜੀਨੀਅਰ (ਉੱਤਰ) ਜਸਬੀਰ ਸਿੰਘ ਅਤੇ ਜਲ ਸ੍ਰੋਤ ਵਿਭਾਗ ਦੇ ਮੁੱਖ ਇੰਜੀਨੀਅਰ ਸ਼ੇਰ ਸਿੰਘ ਸਮੇਤ ਵੱਖ-ਵੱਖ ਅਧਿਕਾਰੀ ਸ਼ਾਮਿਲ ਸਨ।

## ਸ਼ੋਭਾ ਯਾਤਰਾ 8 ਨੂੰ



**ਨਕੋਦਰ (ਰੀਨਾ ਸ਼ਰਮਾ)** : ਮਹਾਂ ਸ਼ਿਵਰਾਤਰੀ ਉਤਸਵ ਕਮੇਟੀ (ਰਜਿ.) ਨਕੋਦਰ ਵੱਲੋਂ 8 ਮਾਰਚ ਨੂੰ ਵਿਸ਼ਾਲ ਸ਼ੋਭਾ ਯਾਤਰਾ ਸ਼ਹੀਦ ਅਜੈ ਚੌਂਕ (ਸਬਜੀ ਮੰਡੀ) ਨਕੋਦਰ ਤੋਂ ਕੱਢੀ ਜਾ ਰਹੀ ਹੈ। ਇਸ ਸਬੰਧ 'ਚ ਨਵਨੀਤ ਐਰੀ ਨੀਤਾ ਪ੍ਰਧਾਨ ਨਗਰ ਕੌਂਸਲ ਨਕੋਦਰ ਅਤੇ ਰਮੇਸ਼ ਸੋਂਧੀ ਕੌਂਸਲਰ ਨੂੰ ਸੱਦਾ ਪੱਤਰ (ਕਾਰਡ) ਦਿੱਤਾ ਗਿਆ। ਸ਼ੋਭਾ ਯਾਤਰਾ 'ਚ ਨਵਨੀਤ ਐਰੀ ਨੀਤਾ ਪ੍ਰਧਾਨ ਨਗਰ ਕੌਂਸਲ ਸ਼ਹੀਦ ਅਜੈ ਚੌਂਕ 'ਚ ਝੰਡੇ ਦੀ ਰਸਮ ਅਦਾ ਕਰਨਗੇ। ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕਰਨਗੇ।

## ਚਰਚਿਤ ਨਾਟ-ਕਰਮੀਆਂ ਸੰਜੀਵਨ ਦੀ ਹਮਾਇਤ ਦਾ ਐਲਾਨ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਸਾਲ (2024-26) ਲਈ ਅਹੁਦੇਦਾਰਾਂ ਅਤੇ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਦੀ 3 ਮਾਰਚ ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਹੋਣ ਵਾਲੀ ਵਿਚ ਪ੍ਰਬੰਧਕੀ ਬੋਰਡ ਦੇ ਮੈਂਬਰ ਵਜੋਂ ਚੋਣ ਪਿੜ ਵਿਚ ਉੱਤਰੇ ਨਾਟਕਕਾਰ ਤੇ ਨਾਟ-ਨਿਰਦੇਸ਼ਕ ਅਤੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਦੀ ਹਮਾਇਤ ਦਾ ਐਲਾਨ ਕਰਦਿਆਂ ਇਪਟਾ ਪੰਜਾਬ ਦੇ ਮੁਢਲੇ ਕਾਰਕੁਨ ਡਾ. ਰਾਜਵੰਤ ਕੌਰ 'ਪ੍ਰੀਤ ਮਾਨ' ਪਤਨੀ (ਪ੍ਰੋਫੈਸਰ ਨਿਰੰਜਣ ਸਿੰਘ ਮਾਨ), ਸਵਰਣ ਸਿੰਘ ਸੰਧੂ, ਇਪਟਾ, ਪੰਜਾਬ ਦੇ ਸਾਬਕਾ ਪ੍ਰਧਾਨ ਦਵਿੰਦਰ ਦਮਨ, ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਧੀ ਲੋਕ-ਗਾਇਕਾ ਡੋਲੀ ਗੁਲੇਰੀਆ, ਲੋਕ-ਗਾਇਕ ਗੁਰਦਿਆਲ ਨਿਰਮਾਣ, ਚਰਚਿੱਤ ਨਾਟ-ਕਰਮੀ ਕੇਵਲ ਧਾਲੀਵਾਲ, ਪਾਲੀ ਭੁਪਿੰਦਰ, ਦਿਲਬਾਰ ਸਿੰਘ ਚੱਠੇ ਸੇਖਵਾਂ ਅਤੇ ਡਾ. ਸਹਿਬ ਸਿੰਘ ਨੇ ਕਿਹਾ ਕਿ ਸੰਜੀਵਨ ਪਿਛਲੇ ਤਕਰੀਬਨ ਸਾਢੇ ਚਾਰ ਦਹਾਕਿਆਂ ਤੋਂ ਰੰਗਮੰਚ, ਸਾਹਿਤ ਤੇ ਸੱਭਿਆਚਾਰ ਦੇ ਖੇਤਰ 'ਚ ਸਰਗਰਮ ਹਨ। ਉਨ੍ਹਾਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮੈਂਬਰਾਂ ਨੂੰ ਪ੍ਰਬੰਧਕੀ ਬੋਰਡ ਦੇ ਮੈਂਬਰ ਦੇ ਉਮੀਦਵਾਰ ਵਜੋਂ ਚੋਣ ਪਿੜ ਵਿਚ ਉੱਤਰੇ ਸੰਜੀਵਨ ਸਿੰਘ ਲਈ ਵੋਟ ਅਤੇ ਸਮਰਥਨ ਦੀ ਅਪੀਲ ਕੀਤੀ ਹੈ।

## ਸੈਦੂਪੁਰ 'ਚ ਲਗਾਇਆ ਜਨ-ਸੁਵਿਧਾ ਕੈਂਪ

**ਨਕੋਦਰ, (ਰੀਨਾ ਸ਼ਰਮਾ)** : ਪੰਜਾਬ ਦੀ ਮਾਨ ਸਰਕਾਰ ਤਰਫੋਂ ਸਰਕਾਰ ਆਪ ਦੇ ਦੁਆਰ ਪ੍ਰੋਗਰਾਮ ਦੇ ਤਹਿਤ ਪਿੰਡ ਸੈਦੂਪੁਰ ਵਿਖੇ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿੱਚ ਜਨ ਸੁਵਿਧਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀ ਪਹੁੰਚੇ ਜਿਨਾਂ ਮੌਕੇ 'ਤੇ ਹੀ ਲੋਕਾਂ ਨੂੰ ਵੱਖ ਵੱਖ ਸਰਟੀਫਿਕੇਟ ਜਾਰੀ ਕੀਤੇ, ਪੈਨਸ਼ਨ ਲਗਵਾਈ, ਹਸਪਤਾਲਾਂ ਵਿੱਚ ਮੁਫਤ ਇਲਾਜ ਦੇ ਕਾਰਡ ਬਣਾ ਕੇ ਦਿੱਤੇ । ਇਸ ਕੈਂਪ ਵਿੱਚ ਪਿੰਡ ਸੈਦੂਪੁਰ ਦੇ ਸਕੱਤਰ ਅਤੇ ਆਪ ਆਗੂ ਸੰਨੀ ਢਿੱਲੋਂ ਮੌਜੂਦ ਰਹੇ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਐਸ ਸੀ ਵਿੰਗ ਦੇ ਪੰਜਾਬ ਪ੍ਰਧਾਨ ਅਤੇ ਹਲਕਾ ਕੁਆਡੀਨੇਟਰ ਜਸਵੀਰ ਜਲਾਲਪੁਰੀ, ਬਲਾਕ ਪ੍ਰਧਾਨ ਅਰਜਨ ਹੁੰਦਲ, ਮੀਡੀਆ ਇੰਚਾਰਜ ਨਰਿੰਦਰ ਚੂਹੜ, ਹਰਪ੍ਰੀਤ ਹੈਪੀ ਤਲਵੰਡੀ ਭਰੋ, ਸਰਪੰਚ ਹਰਵਿੰਦਰ ਸਿੰਘ, ਹੰਸ ਰਾਜ, ਚੰਦਰਸ਼ੇਖਰ ਅਤੇ ਹਰਨੇਕ ਹੇਅਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਕੈਂਪ ਵਿੱਚ ਨਾ ਸਿਰਫ ਸੈਦੂਪੁਰ ਬਲਕਿ ਆਸ ਪਾਸ ਦੇ ਪਿੰਡਾਂ ਦੇ ਲੋਕ ਵੀ ਫਾਇਦਾ ਲੈ ਕੇ ਗਏ ਜਿਨ੍ਹਾਂ ਨੇ ਇਸ ਤਰ੍ਹਾਂ ਦੇ ਪਿੰਡ ਪਿੰਡ ਵਿੱਚ ਜਨ ਸੁਵਿਧਾ ਲਈ ਲਗਾਏ ਜਾ ਰਹੇ ਕੈਂਪਾਂ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਅਤੇ ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਇੱਕ ਵਧੀਆ ਪਹਿਲ ਕਦਮੀ ਦੱਸਿਆ।

## ਐੱਸ.ਡੀ.ਐੱਮ ਵੱਲੋਂ ਈ.ਵੀ.ਐੱਮ ਜਾਗਰੂਕਤਾ ਵੈਨ ਝੰਡੀ ਦਿਖਾ ਕੇ ਰਵਾਨਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਮੁੱਖ ਚੋਣ ਅਫਸਰ ਪੰਜਾਬ ਵੱਲੋਂ ਭੇਜੀ ਗਈ ਈ.ਵੀ.ਐਮ ਜਾਗਰੂਕਤਾ ਵੈਨ ਨੂੰ ਹਰਜੋਤ ਕੌਰ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਸਬੰਧੀ ਉਹਨਾਂ ਕਿਹਾ ਕਿ ਇਹ ਜਾਗਰੂਕਤਾ ਵੈਨ 3 ਮਾਰਚ ਤੱਕ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਹਿੱਸਿਆਂ ਵਿੱਚ ਘੁੰਮੇਗੀ ਅਤੇ ਇਸ ਵਿੱਚ ਲੱਗੀ ਐਲਈਡੀ ਰਾਹੀਂ ਆਮ ਲੋਕਾਂ ਨੂੰ ਈਵੀਐਮ ਸਬੰਧੀ ਜਾਗਰੂਕ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਦੋ ਹੋਰ ਈਵੀਐਮ ਜਾਗਰੂਕਤਾ ਵੈਨਾਂ ਵੀ ਈਵੀਐਮ ਸਬੰਧੀ ਜਾਣਕਾਰੀ ਦੇਣ ਲਈ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ 171 ਤੋਂ ਵੱਧ ਥਾਵਾਂ ਉੱਤੇ ਘੁੰਮ ਰਹੀਆਂ ਹਨ। ਇਹਨਾਂ ਵੈਨਾਂ ਵਿੱਚ ਈਵੀਐਮ ਮਸੀਨਾਂ ਰੱਖੀਆਂ ਗਈਆਂ ਹਨ ਅਤੇ ਆਮ ਲੋਕ ਇਹਨਾਂ ਮਸ਼ੀਨਾਂ ਰਾਹੀਂ ਆਪਣੇ ਵੋਟ ਨੂੰ ਪਾਉਣ ਦਾ ਤਰੀਕਾ ਅਤੇ ਵੀਵੀਪੈਟ ਰਾਹੀਂ ਵੋਟ ਕਿਸ ਨੂੰ ਪਈ ਹੈ ਚੈੱਕ ਕਰ ਸਕਦੇ ਹਨ। ਇਹ ਈਵੀਐਮ ਜਾਗਰੂਕਤਾ ਅਭਿਆਨ 7 ਮਾਰਚ ਤੱਕ ਚੱਲੇਗਾ। ਉਹਨਾਂ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵੋਟਰਾਂ ਨੂੰ ਇਹ ਅਪੀਲ ਕੀਤੀ ਕਿ ਉਹ ਇਹਨਾਂ ਜਾਗਰੂਕਤਾ ਵੈਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਅਤੇ ਵੋਟਿੰਗ ਪ੍ਰਕ੍ਰਿਆ ਨੂੰ ਸਮਝਣ ਤਾਂ ਜੋ ਵੋਟ ਪਾਉਣ ਵਾਲੇ ਦਿਨ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਵੀਪ ਨੋਡਲ ਅਫਸਰ ਰਣਜੀਤ ਸਿੰਘ, ਜਤਿੰਦਰ ਸਿੰਘ ਇੰਚਾਰਜ ਚੋਣਾਂ, ਜਸਦੀਪ ਸਿੰਘ ਜੂਨੀਅਰ ਸਹਾਇਕ, ਚੰਦਰ ਸੇਖਰ, ਤੇਜਿੰਦਰਪਾਲ ਸਿੰਘ ਲਾਡੀ ਹਾਜਰ ਸਨ।

## ਆਲ ਬੀ ਬੀ ਐੱਮ ਬੀ ਰਿਟਾਇਰੀਜ਼ ਯੂਨੀਅਨ ਨੰਗਲ ਦੀ ਮੀਟਿੰਗ

**ਭਲਾਣ,ਨੰਗਲ (ਹਰਭਜਨ ਢਿੱਲੋਂ)**-ਅੱਜ ਆਲ ਬੀ ਬੀ ਐਮ ਬੀ ਰੀਟਾਇਰੀਜ਼ ਯੂਨੀਅਨ ਨੰਗਲ ਦੀ ਮੀਟਿੰਗ ਸਾਥੀ ਮੋਹਨ ਲਾਲ ਵਰਮਾ ਦੀ ਪ੍ਰਧਾਨਗੀ ਹੇਠ ਸਵਾਰਘਾਟ (ਹਿ. ਪ.) ਬਿਲਾਸਪੁਰ ਵਿਖੇ ਹੋਈ ਜਿਸ ਵਿੱਚ ਰੀਟਾਇਰੀਜ਼ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਨੂੰ ਗੁਰਨਾਮ ਸਿੰਘ ਔਲਖ ਜਨਰਲ ਸਕੱਤਰ ਅਤੇ ਮੋਹਨ ਲਾਲ ਵਰਮਾ ਪ੍ਰਧਾਨ ਤੋਂ ਇਲਾਵਾ ਸਾਥੀ ਅਸ਼ੋਕ ਕੁਮਾਰ ਤਲਵਾੜਾ ਪ੍ਰਧਾਨ, ਮੋਹਨ ਲਾਲ ਸੈਣੀ ਖਜ਼ਾਨਚੀ, ਰਾਮ ਸਿੰਘ, ਚੇਤ ਰਾਮ, ਪ੍ਰਕਾਸ਼ ਸਿੰਘ, ਬੁੱਧ ਰਾਮ, ਰਾਮ ਸਰੂਪ, ਗਿਆਨ ਚੰਦ ਆਦਿ ਨੇ ਸੰਬੋਧਨ ਕੀਤਾ। ਸਾਥੀ ਮੋਹਨ ਲਾਲ ਵਰਮਾ ਨੇ ਜਥੇਬੰਦੀ ਦੀਆਂ ਲੰਘੇ ਸਮੇਂ ਵਿੱਚ ਗਤੀਵਿਧੀਆਂ ਉਪਰ ਚਾਨਣਾ ਪਾਇਆ ਅਤੇ ਬੀ ਬੀ ਐਮ ਬੀ ਰੀਟਾਇਰੀਜ ਅਤੇ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਚੈਅਰਮੈਨ ਬੀ ਬੀ ਐਮ ਬੀ ਚੰਡੀਗੜ੍ਹ ਨਾਲ 27 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਬੋਰਡ ਦੇ ਹਾਂ ਪੱਖੀ ਰਵੱਈਏ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਬੁਲਾਰਿਆਂ ਨੇ ਚੈਅਰਮੈਨ ਬੀ ਬੀ ਐਮ ਬੀ ਤੋਂ ਮੰਗ ਕੀਤੀ ਕਿ ਮੰਨੀਆਂ ਮੰਗਾਂ ਜਿਵੇਂ ਸੋਧੀਆਂ ਪੈਨਸ਼ਨਾਂ ਅਤੇ ਤਨਖਾਹਾਂ ਦੇ ਏਰੀਅਰ ਦੀ ਅਦਾਇਗੀ, ਕੈਸ਼ ਲੈੱਸ ਮੈਡੀਕਲ ਸਕੀਮ, ਸੋਧੀਆਂ ਦਰਾਂ ਤੇ ਲੀਵ ਇਨਕੈਸ਼ਮੈਂਟ, ਬੀ ਸੀ ਬੀ ਦੀ ਸਰਵਿਸ ਪੈਨਸ਼ਨ ਲਈ ਜੋੜਨਾ, ਇਨਸੈਂਟਿਵ ਦੀ ਅਦਾਇਗੀ ਆਦਿ 'ਤੇ ਫੌਰੀ ਤੌਰ 'ਤੇ ਅਮਲ ਕੀਤਾ ਜਾਏ। ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 2.59 ਦਾ ਗੁਣਨਖੰਡ, 8 ਫੀਸਦੀ ਡੀ ਏ, 1-1-2016 ਤੋਂ ਬਕਾਏ ਦੀ ਅਦਾਇਗੀ ਮੰਗਾਂ ਦਾ ਫੌਰੀ ਤੌਰ 'ਤੇ ਨਿਪਟਾਰਾ ਕੀਤਾ ਜਾਏ। ਇਹ ਵੀ ਫੈਸਲਾ ਕੀਤਾ ਗਿਆ ਕਿ 4 ਮਾਰਚ ਨੂੰ ਪੰਜਾਬ ਸਰਕਾਰ ਖਿਲਾਫ ਚੰਡੀਗੜ੍ਹ ਵਿਖੇ ਪੈਨਸ਼ਨਰਾਂ ਅਤੇ ਕਰਮਚਾਰੀਆਂ ਦੀ ਸਾਂਝੀ ਰੈਲੀ ਵਿੱਚ ਸ਼ਮੂਲੀਅਤ ਕੀਤੀ ਜਾਏਗੀ। ਅਖੀਰ ਵਿੱਚ ਆਲ ਬੀ ਬੀ ਐਮ ਬੀ ਰੀਟਾਇਰੀਜ਼ ਯੂਨੀਅਨ ਨੰਗਲ, ਸਵਾਰਘਾਟ ਯੂਨਟ ਦੀ ਚੋਣ ਕੀਤੀ ਗਈ ਜਿਸ ਵਿੱਚ ਸਰਵਸੰਮਤੀ ਨਾਲ ਸਾਥੀ ਪ੍ਰਕਾਸ਼ ਸਿੰਘ ਪ੍ਰਧਾਨ, ਰਾਮ ਸਿੰਘ ਸਕੱਤਰ, ਚੇਤ ਰਾਮ ਖਜ਼ਾਨਚੀ, ਰਾਮ ਲਾਲ ਸੀ. ਮੀਤ ਪ੍ਰਧਾਨ, ਅਵਤਾਰ ਸਿੰਘ ਜਾਇੰਟ ਸਕੱਤਰ, ਠਾਕੁਰ ਚੇਤ ਰਾਮ ਮੀਤ ਪ੍ਰਧਾਨ ਆਦਿ ਸਮੇਤ 13 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ।

## ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਦੇ ਬੀ.ਕਾਮ ਦਾ ਰਿਜ਼ਲਟ ਸ਼ਾਨਦਾਰ



**ਕਰਤਾਰਪੁਰ, (ਹਰਮੇਸ਼)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਦਾ ਬੀ.ਕਾਮ ਸਮੈਸਟਰ ਤੀਜਾ ਅਤੇ ਪੰਜਵਾਂ ਦਾ ਰਿਜ਼ਲਟ ਸ਼ਾਨਦਾਰ ਰਿਹਾ। ਬੀ.ਕਾਮ ਸਮੈਸਟਰ ਤੀਜਾ ਵਿਚ ਸੁਖਮਨਪ੍ਰੀਤ ਕੌਰ ਨੇ 71.42%, ਸਲੋਨੀ ਨੇ 70.28% ਅਤੇ ਰੀਆ ਨੇ 68.28% ਨੰਬਰ ਅਤੇ ਬੀ.ਕਾਮ ਸਮੈਸਟਰ ਪੰਜਵਾਂ ਵਿਚ ਪ੍ਰਭਜੋਤ ਕੌਰ ਨੇ 78.57%, ਸਿਮਰਨ ਕੌਰ ਨੇ 76.28% ਅਤੇ ਦੀਆ ਨੇ 75.14% ਨੰਬਰ ਲੈ ਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਇਸੇ ਮਿਹਨਤ ਅਤੇ ਸਿਰੜ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

## 1 ਕਿਲੋ ਅਫੀਮ ਸਮੇਤ ਕਾਬੂ



**ਜਲੰਧਰ ( ਸ਼ੈਲੀ ਐਲਬਰਟ)**- ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਇੱਕ ਕਿਲੋ ਅਫੀਮ ਸਮੇਤ ਇੱਕ ਵਿਅਕਤੀ ਨੂੰ ਕਾਬੂ ਕਰਕੇ ਨਸ਼ੇ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਇੱਕ ਇਤਲਾਹ ਦੇ ਆਧਾਰ 'ਤੇ ਚੈਕਿੰਗ ਦੌਰਾਨ ਇੱਕ ਹੌਂਡਾ ਐਕਟਿਵਾ ਸਕੂਟਰ ਪੀ.ਬੀ.39-ਐਲ.ਓ-2321 ਨੂੰ ਰੋਕਿਆ। ਪੁਲਸ ਪਾਰਟੀ ਨੇ ਚੈਕਿੰਗ ਦੌਰਾਨ ਸਕੂਟਰ ਸਵਾਰ ਕੋਲੋਂ ਇੱਕ ਕਿਲੋ ਅਫੀਮ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲਿਸ ਪਾਰਟੀ ਨੇ ਤੁਰੰਤ ਸਕੂਟਰ ਸਵਾਰ ਨੂੰ ਕਾਬੂ ਕਰ ਲਿਆ, ਜਿਸ ਦੀ ਪਹਿਚਾਣ ਗੁਰਨਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ ਥਾਣਾ ਸੁਭਾਨਪੁਰ ਕਪੂਰਥਲਾ ਵਜੋਂ ਹੋਈ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮ ਖਿਲਾਫ ਥਾਣਾ ਬਸਤੀ ਬਾਵਾ ਖੇਲ ਜ਼ਿਲ੍ਹਾ ਜਲੰਧਰ ਵਿਖੇ ਐਫ ਆਈ ਆਰ ਦਰਜ ਕੀਤੀ ਗਈ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮ ਵਿਰੁੱਧ ਹੁਸ਼ਿਆਰਪੁਰ ਅਤੇ ਕਪੂਰਥਲਾ ਵਿਖੇ ਐਨ ਡੀ ਪੀ ਐਸ ਐਕਟ ਅਤੇ ਆਬਕਾਰੀ ਐਕਟ ਦੀਆਂ ਧਾਰਾਵਾਂ ਅਧੀਨ ਦੋ ਐਫ ਆਈ ਆਰ ਪਹਿਲਾਂ ਹੀ ਪੈਂਡਿੰਗ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

# ਸਿਹਤ ਅਧਿਕਾਰੀਆਂ ਵੱਲੋਂ 5 ਸਾਲ ਤੋਂ ਹੇਠਲੇ ਹਰ ਬੱਚੇ ਨੂੰ ਦਵਾਈ ਪਿਲਾਉਣ ਦੀ ਅਪੀਲ

**ਮੋਹਾਲੀ, (ਕ੍ਰਿਸ਼ਨ ਗਰਗ )** ਜ਼ਿਲ੍ਹਾ ਐਸ.ਏ.ਐਸ. ਨਗਰ ਵਿਚ ਪਲਸ ਪੋਲੀਓ ਮੁਹਿੰਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਕਾਰਜਕਾਰੀ ਸਿਵਲ ਸਰਜਨ ਡਾ. ਰੇਨੂੰ ਸਿੰਘ ਅਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ 'ਨੈਸ਼ਨਲ ਇਮੀਉਨਾਈਜ਼ੇਸ਼ਨ ਡੇਅ (ਐਨ.ਆਈ.ਡੀ)' ਮੁਹਿੰਮ 3 ਮਾਰਚ ਤੋਂ 5 ਮਾਰਚ ਤਕ ਚੱਲੇਗੀ, ਜਿਸ ਦੌਰਾਨ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੋਲੀਉ-ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ। ਉਨ੍ਹਾਂ ਦਸਿਆ ਕਿ ਮੁਹਿੰਮ ਦੇ ਪਹਿਲੇ ਦਿਨ ਹਰ ਖੇਤਰ 'ਚ ਸਥਾਪਤ ਬੂਥਾਂ 'ਤੇ ਬੂੰਦਾਂ ਪਿਲਾਈਆਂ ਜਾਣਗੀਆਂ ਜਦਕਿ ਬਾਕੀ ਦੋ ਦਿਨ ਸਿਹਤ ਕਾਮੇ ਘਰ-ਘਰ ਜਾ ਕੇ ਪੋਲੀਉ-ਰੋਕੂ ਦਵਾਈ ਪਿਲਾਉਣਗੇ। ਉਨ੍ਹਾਂ ਦਸਿਆ ਕਿ ਮੁਹਿੰਮ ਦੌਰਾਨ ਘਰਾਂ, ਉਚ-ਜੋਖਮ ਵਾਲੇ ਖੇਤਰਾਂ, ਭੱਠਿਆਂ, ਨਿਰਮਾਣ ਸਥਾਨਾਂ, ਬਸਤੀਆਂ, ਝੁੱਗੀਆਂ, ਡੇਰਿਆਂ ਆਦਿ ਸਮੇਤ ਹਰ ਥਾਂ 'ਤੇ ਰਹਿੰਦੇ ਬੱਚਿਆਂ ਨੂੰ ਕਵਰ ਕੀਤਾ ਜਾਵੇਗਾ। ਜ਼ਿਲ੍ਹੇ 'ਚ ਕੁੱਲ 1,56,830 ਬੱਚਿਆਂ ਨੂੰ ਦਵਾਈ ਪਿਲਾਉਣ ਦਾ ਟੀਚਾ ਹੈ, ਜਿਸ ਲਈ ਕੁੱਲ 1270 ਸਿਹਤ ਟੀਮਾਂ ਬਣਾਈਆਂ ਗਈਆਂ ਹਨ। ਪਹਿਲੇ ਦਿਨ ਜ਼ਿਲ੍ਹੇ 'ਚ ਵੱਖ-ਵੱਖ ਥਾਈਂ 635 ਬੂਥ ਲਗਾਏ ਜਾਣਗੇ। ਇਸ ਤੋਂ ਇਲਾਵਾ ਰੈਗੂਲਰ ਬੂਥ ਚਾਲੂ ਰਹਿਣਗੇ। ਸਿਹਤ ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜ ਸਾਲ ਤੋਂ ਘੱਟ ਉਮਰ ਵਾਲੇ ਅਪਣੇ ਹਰ ਬੱਚੇ ਨੂੰ ਪੋਲੀਉ- ਰੋਕੂ ਦਵਾਈ ਪਿਲਾਉਣ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਨੂੰ ਪਹਿਲਾਂ ਹੀ ਪੋਲੀਉ-ਮੁਕਤ ਐਲਾਨਿਆ ਹੋਇਆ ਹੈ ਪਰ ਪੋਲੀਉ-ਮੁਕਤੀ ਨੂੰ ਕਾਇਮ ਰੱਖਣ ਲਈ ਬੱਚਿਆਂ ਨੂੰ ਲਗਾਤਾਰ ਦਵਾਈ ਪਿਲਾਉਣਾ ਬਹੁਤ ਜ਼ਰੂਰੀ ਹੈ। ਹਰ ਮਾਂ-ਬਾਪ 5 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਦਵਾਈ ਜ਼ਰੂਰ ਪਿਲਾਏ ਭਾਵੇਂ ਬੱਚੇ ਦਾ ਕੁਝ ਘੰਟੇ ਪਹਿਲਾਂ ਹੀ ਜਨਮ ਕਿਉਂ ਨਾ ਹੋਇਆ ਹੋਵੇ ਜਾਂ ਬੇਸ਼ੱਕ ਬੱਚੇ ਨੂੰ ਖੰਘ, ਜ਼ੁਕਾਮ, ਬੁਖ਼ਾਰ, ਦਸਤ ਜਾਂ ਹੋਰ ਕੋਈ ਬੀਮਾਰੀ ਹੋਵੇ ਕਿਉਂਕਿ ਇਹ ਦਵਾਈ ਪੀਣ ਨਾਲ ਕੋਈ ਮਾੜਾ ਅਸਰ ਨਹੀਂ ਹੁੰਦਾ।

## ਜਨ ਹਿੱਤ ਵਿਕਾਸ ਕਮੇਟੀ ਦੇ ਰਣਜੀਤ ਸਿੰਘ ਹੰਸ ਪ੍ਰਧਾਨ ਬਣੇ



**ਖਰੜ (ਹਰਨਾਮ ਸਿੰਘ ਡੱਲਾ)**-ਸ਼ਹਿਰ ਵਿੱਚ ਪਿਛਲੇ 7 ਸਾਲਾਂ ਤੋਂ ਲੋਕ ਹਿੱਤਾਂ ਲਈ ਸ਼ਾਨਦਾਰ ਕੰਮ ਕਰ ਰਹੀ 'ਜਨ ਹਿੱਤ ਵਿਕਾਸ ਕਮੇਟੀ' ਖਰੜ ਨੇ ਹਸਪਤਾਲ ਰੋਡ 'ਤੇ ਹੋਟਲ ਟਾਊਨ ਸੈਂਟਰ ਵਿਖੇ ਲੀਡਰਸ਼ਿਪ ਦੀ ਚੋਣ ਸਬੰਧੀ ਜਨਰਲ ਅਜਲਾਸ ਕੀਤਾ, ਜਿਸ ਦੀ ਅਗਵਾਈ ਮਾਸਟਰ ਅਜੈਬ ਸਿੰਘ ਬੰਤ ਸਿੰਘ ਜੋਗਿੰਦਰ ਸਿੰਘ ਪਾਲ ਸਿੰਘ ਰਜਿੰਦਰ ਕੌਰ ਪੰਜ ਮੈਂਬਰੀ ਪ੍ਰਧਾਨਗੀ ਮੰਡਲ ਨੇ ਕੀਤੀ। ਬੁਲਾਰਿਆਂ ਨੇ ਕਿਹਾ ਕਿ ਇਹ ਸੰਸਥਾ ਮਿਉਂਸਪਲ ਕੌਂਸਲਰ ਮੈਂਬਰਾਂ ਨੂੰ ਵੀ ਜਗਾਉਂਦੀ ਰਹਿੰਦੀ ਹੈ ਅਤੇ ਨਗਰ ਕੌਂਸਲ ਅਧਿਕਾਰੀਆਂ ਤੋਂ ਖਰੜ ਦੀਆਂ ਸਮੱਸਿਆਵਾਂ ਹੱਲ ਕਰਾਉਣ ਵਿੱਚ ਅਤੇ ਵਿਕਾਸ ਦੇ ਕੰਮਾਂ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ। ਇਸ ਤੋਂ ਬਾਅਦ ਤਿੰਨ ਮੈਂਬਰੀ ਚੋਣ ਕਮੇਟੀ ਜਿਸ ਨੂੰ ਚੋਣ ਕਰਾਉਣ ਦੇ ਅਧਿਕਾਰ ਦਿੱਤੇ ਗਏ ਅਤੇ ਰਣਜੀਤ ਸਿੰਘ ਹੰਸ ਨੂੰ ਪ੍ਰਧਾਨ, ਬਿਰਜਮੋਹਨ ਸ਼ਰਮਾ ਨੂੰ ਜਨਰਲ ਸਕੱਤਰ ਲਈ ਜੋਗਿੰਦਰ ਸਿੰਘ ਸੀਨੀਅਰ ਵਾਈਸ ਪ੍ਰਧਾਨ ਲਈ ਰਜਿੰਦਰ ਸਿੰਘ ਸੋਹਲ ਹੈੱਡ ਕੈਸ਼ੀਅਰ ਲਈ ਪਰਮਪ੍ਰੀਤ ਸਿੰਘ ਅਸਿਸਟੈਂਟ ਜਨਰਲ ਸਕੱਤਰ, ਪਾਲ ਸਿੰਘ ਕਰਨੈਲ ਸਿੰਘ ਮੀਤ ਪ੍ਰਧਾਨ ਮਾਸਟਰ ਅਜੈਬ ਸਿੰਘ ਮੁੱਖ ਸਲਾਹਕਾਰ ਸੇਵਾ ਸਿੰਘ ਸਲਾਹਕਾਰ ਰਜਿੰਦਰ ਕੌਰ ਮਨਜੀਤ ਕੌਰ ਸੋਨੂ ਜੁਆਇੰਟ ਸਕੱਤਰ ਜਸਵੀਰ ਸਿੰਘ ਅਸਿਸਟੈਂਟ ਕੈਸ਼ੀਅਰ ਬੰਤ ਸਿੰਘ ਸਚਿਨ ਕੁਮਾਰ ਵਕੀਲ ਕਾਨੂੰਨੀ ਸਲਾਹਕਾਰ ਸਤਵੰਤ ਸਿੰਘ ਅਮਨਦੀਪ ਸਿੰਘ ਬਡਾਲੀ ਪ੍ਰੈਸ ਸਕੱਤਰ ਮੋਹਣ ਸਿੰਘ ਬਲੇਸ ਕੁਮਾਰ ਪ੍ਰੈਸ ਸਕੱਤਰ ਬਲਦੇਵ ਸਿੰਘ ਲਾਡੀ ਕੇਸਰ ਸਿੰਘ ਪ੍ਰਚਾਰ ਸਕੱਤਰ ਬਲਦੇਵ ਸਿੰਘ ਮਾਂਗਟ ਅਡੀਟਰ ਚੁਣੇ ਗਏ।

## ਪ੍ਰਭਾਤ ਫੇਰੀਆਂ ਨਿਕਲਣੀਆਂ ਸ਼ੁਰੂ

**ਲੋਹੀਆਂ ਖਾਸ, (ਯੋਗੇਸ਼ਵਰ)** : ਇਥੇ ਸ਼ਿਵਰਾਤਰੀ ਮੌਕੇ 4 ਮਾਰਚ ਨੂੰ ਨਵਾਂ ਸ਼ਿਵ ਮੰਦਿਰ ਤੋਂ ਸਜਾਈ ਜਾਣ ਵਾਲੀ ਸ਼ੋਭਾ ਯਾਤਰਾ ਲਈ ਪ੍ਰਭਾਤ ਫੇਰੀਆਂ ਕੱਢਣ ਦਾ ਦੌਰ ਸ਼ੁਰੂ ਹੋ ਗਿਆ। ਉਕਤ ਜਾਣਕਾਰੀ ਮਿੰਟੂ ਗੁਪਤਾ, ਨਵਲ ਖੇੜਾ ਤੇ ਪਵਨ ਖੇੜਾ ਨੇ ਦਿੰਦਿਆਂ ਦੱਸਿਆ ਕਿ ਤੜਕੇ ਕੱਢੀ ਗਈ ਪ੍ਰਭਾਤ ਫੇਰੀ ਮੌਕੇ ਸ਼ਿਵ ਭਗਤ ਵੱਡੀ ਗਿਣਤੀ 'ਚ ਸ਼ਾਮਲ ਹੋਏ। ਫੁੱਲਾਂ ਦੀ ਵਰਖਾ ਕੀਤੀ ਗਈ ਤੇ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਮੌਕੇ ਸੁਰਿੰਦਰ ਗੁਪਤਾ, ਕੁਲਵੰਤ ਸ਼ਰਮਾ, ਪਵਨ ਖੇੜਾ, ਅੰਕੁਸ਼ ਖੇੜਾ, ਰਿਸ਼ੂ ਗੁਪਤਾ, ਡਾ. ਵਿਸ਼ਾਲ ਗੁਪਤਾ, ਅੰਕੁਰ ਗੁਪਤਾ, ਰਵੀ ਖੇੜਾ, ਅਤੁਲ ਗੁਪਤਾ, ਅੰਕੁਰ ਖੇੜਾ, ਵਿਨੇ ਪਾਲ ਆਦਿ ਹਾਜਰ ਸਨ।

## ਸ਼ਿਵਰਾਤਰੀ 8 ਨੂੰ

**ਫਿਲੌਰ (ਨਿਰਮਲ)** ਮਹਾਂ ਸ਼ਿਵਰਾਤਰੀ ਦਾ ਪਰਵ ਸ੍ਰੀ ਗੋਪਾਲ ਗਊ ਧਾਮ ਨੇੜੇ ਸਤਲੁਜ ਦਰਿਆ (ਫਿਲੌਰ) ਵਿਖੇ 8 ਮਾਰਚ ਦਿਨ ਸ਼ੁੱਕਰਵਾਰ ਨੂੰ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਜਾਵੇਗਾ। ਪ੍ਰਬੰਧਕ ਕਮੇਟੀ ਦੇ ਆਗੂ ਮਨੋਜ ਭਾਖੜੀ ਜਨਰਲ ਸੈਕਟਰੀ ਨੇ ਦੱਸਿਆ ਕਿ ਸਵੇਰੇ 11 ਵਜੇ ਸ਼ਿਵ ਭਜਨ, ਲੰਗਰ ਦੁਪਹਿਰ 12 ਵਜੇ ਅਤੇ ਮਹਾਂ ਆਰਤੀ ਸ਼ਾਮ 7 ਵਜੇ ਹੋਵੇਗੀ। ਤਿਆਰੀਆਂ ਜੋਰਾਂ ਨਾਲ ਚੱਲ ਰਹੀਆਂ ਹਨ।

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਲਾਏ ਜਾਣਗੇ ਕੈਂਪ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, 1 ਮਾਰਚ: (ਗੁਰਜੀਤ ਬਿੱਲਾ)**-ਸਮਗਰਾ ਸਿੱਖਿਆ ਅਭਿਆਨ ਅਧੀਨ ਚੱਲ ਰਹੇ ਜ਼ਿਲ੍ਹਾ ਪੱਧਰੀ ਰਿਸੋਰਸ ਸੈਂਟਰ ਵਿੱਚ ਅਲਿਮਕੋ ਦੇ ਤਾਲਮੇਲ ਨਾਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 4 ਮਾਰਚ ਤੋਂ 6 ਮਾਰਚ ਤੱਕ ਅਲਿਮਕੋ ਅਸੈਸਮੈਂਟ ਕੈਂਪ ਲਗਾਏ ਜਾ ਰਹੇ ਹਨ। ਸਿੱਖਿਆ ਵਿਭਾਗ ਦੇ ਆਈ ਈ ਡੀ ਕੰਪੋਨੈਂਟ ਅਧੀਨ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਅਗਵਾਈ ਹੇਠ 4 ਮਾਰਚ ਨੂੰ ਕੁਰਾਲੀ, ਮਾਜਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੇੜੇ ਬਸ ਸਟੈਂਡ ਕੁਰਾਲੀ, 5 ਮਾਰਚ ਨੂੰ ਖਰੜ ਬਲਾਕ 1,2,3 ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ 3ਬੀ1 ਮੋਹਾਲੀ ਅਤੇ 6 ਮਾਰਚ ਨੂੰ ਬਲਾਕ ਡੇਰਾਬਸੀ 1, 2 ਅਤੇ ਬਨੂੜ ਸਰਕਾਰੀ ਪ੍ਰਾਇਮਰੀ ਸਕੂਲ ਈਸਾਪੁਰ ਰੋਣੀ ਵਿਖੇ ਇਹ ਕੈਂਪ ਲਗਣਗੇ। ਇਨ੍ਹਾਂ ਕੈਂਪਾਂ ਵਿਚ ਹੱਡੀਆਂ ਦੇ ਮਾਹਰ ਡਾਕਟਰ, ਜਨਰਲ ਡਾਕਟਰ ਅਤੇ ਕੰਨ, ਨੱਕ ਅਤੇ ਗਲੇ ਦੇ ਮਾਹਰ ਡਾਕਟਰਾਂ ਵਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਚੈੱਕਅਪ ਕੀਤਾ ਜਾਵੇਗਾ। ਜ਼ਿਲ੍ਹਾ ਸਿਖਿਆ ਅਫਸਰ ਵਲੋਂ ਦੱਸਿਆ ਗਿਆ ਕਿ ਮਾਹਰ ਡਾਕਟਰ ਇਨ੍ਹਾਂ ਕੈਂਪਾਂ ਵਿਚ ਮੌਜੂਦ ਰਹਿਣਗੇ ਅਤੇ ਕੈਂਪਾਂ ਦਾ ਸਮਾਂ ਸਵੇਰੇ 9:30 ਵਜੇ ਦਾ ਹੋਵੇਗਾ।

## ਪ੍ਰਾਪਰਟੀ ਟੈਕਸ ਦੇ ਵਿਆਜ 'ਤੇ ਹੋਰ ਛੋਟ ਦੀ ਆਖਰੀ ਮਿਤੀ 31 ਮਾਰਚ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਮ ਜਨਤਾ ਦੇ ਹਿੱਤਾਂ ਦਾ ਧਿਆਨ ਰੱਖਦੇ ਹੋਏ ਸੰਪਤੀ ਟੈਕਸ ਪੇਅਰਾਂ ਦੀ ਸਹੂਲਤ ਲਈ ਪ੍ਰਾਪਰਟੀ ਟੈਕਸ ਦੇ ਵਿਆਜ ਤੇ ਹੋਰ ਛੋਟ ਦੀ ਆਖੀਰੀ ਮਿਤੀ ਨੂੰ ਵਧਾ ਕੇ 31 ਮਾਰਚ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ 31 ਮਾਰਚ, 2024 ਤਕ ਮਾਰਚ, 2023 ਤਕ ਦੇ ਪ੍ਰਾਪਰਟੀ ਟੈਕਸ ਦੇ ਵਿਆਜ 'ਤੇ ਸੌ-ਫੀਸਦੀ ਛੋਟ 'ਤੇ ਬਕਾਇਆ ਮੂਲ ਰਕਮ 'ਤੇ 15 ਫੀਸਦੀ ਦੀ ਛੋਟ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 2023 -24 ਦੇ ਪ੍ਰਾਪਰਟੀ ਟੈਕਸ 'ਤੇ 15 ਫੀਸਦੀ ਦੀ ਛੋਟ ਦਿੱਤੀ ਜਾ ਰਹੀ ਹੈ। ਡਾ. ਗੁਪਤਾ ਨੇ ਨਗਰ ਨਿਗਮ ਖੇਤਰ ਵਿਚ ਆਉਣ ਵਾਲੀ ਸਾਰੇ ਸੰਪਤੀ ਟੈਕਸਪੇਅਰਸ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਤੁਰੰਤ ਆਪਣੀ ਪ੍ਰਾਪਰਟੀ ਨੂੰ ਸਵੈ-ਪ੍ਰਥਾਨਿਤ ਕਰ ਕੇ ਇਸ ਛੋਟ ਦਾ ਲਾਭ ਚੁੱਕਣ। ਉਨ੍ਹਾਂ ਨੇ ਕਿਹਾ ਕਿ ਨਗਰ ਨਿਗਮ ਖੇਤਰ ਵਿਚ ਆਉਣ ਵਾਲੇ ਉਨ੍ਹਾਂ ਸੰਪਤੀ ਟੈਕਸਪੇਅਰਸ ਨੂੰ ਨੋਟਿਸ ਦਿੱਤੇ ਜਾ ਰਹੇ ਹਨ, ਜਿਨ੍ਹਾਂ ਨੇ ਕਾਫੀ ਸਮੇਂ ਤੋਂ ਆਪਣਾ ਸੰਪਤੀ ਟੈਕਸ ਨਗਰ ਨਿਗਮ ਕੋਸ਼ ਵਿਚ ਜਮ੍ਹਾਂ ਨਹੀਂ ਕਰਵਾਇਆ ਹੈ। ਨੋਟਿਸ ਦੇ ਬਾਅਦ ਵੀ ਜੇਕਰ ਜੋ ਸੰਪਤੀ ਟੈਕਸਪੇਅਰ ਆਪਣਾ ਸੰਪਤੀ ਟੈਕਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦੀ ਸੰਪਤੀ ਨੂੰ ਨਗਰ ਨਿਗਮ ਐਕਟ 1994 ਧਾਰਾ ਦੇ ਤਹਿਤ ਸੀਲਿੰਗ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਸੰਪਤੀ ਟੈਕਸ ਨਾਲ ਸਬੰਧਿਤ ਵੇਰਵਾ ਜਿਵੇਂ ਨਾਂਅ, ਏਰੀਆ, ਵਰਗ ਆਦਿ ਵਿਚ ਕੋਈ ਗਲਤੀ ਹੈ ਤਾਂ ਉਹ ਆਨਲਾਇਨ ਪੋਰਟਲ ਵਿਚ ਇਤਰਾਜ ਦਰਜ ਕਰਵਾ ਸਕਦੇ ਹਨ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਸਰਕਾਰ ਵੱਲੋਂ ਸੰਪਤੀ ਟੈਕਸਪੇਅ ਨਗਰ ਨਿਗਮ ਏਰੀਆ ਵਿਚ ਆਪਣੀ ਪ੍ਰੋਪਰਟੀ ਡਾਟਾ ਦੀ ਸੰਤੁਸ਼ਟੀ ਕਰ ਕੇ ਸਵੈ-ਪ੍ਰਮਾਣਤ ਕਰਨ 'ਤੇ ਪ੍ਰਾਪਰਟੀ ਟੈਕਸ ਵਿਚ ਛੋਟ ਪ੍ਰਦਾਨ ਕੀਤੀ ਗਈ ਹੈ।

## ਡਿਵਾਈਨ ਪਬਲਿਕ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਗਮ

**ਫਗਵਾੜਾ ( ਇੰਦਰਜੀਤ ਸਿੰਘ ਮਠਾੜੂ )** ਡਿਵਾਇਨ ਪਬਲਿਕ ਸਕੂਲ ਫਗਵਾੜਾ ਵਿਖੇ ਨਰਸਰੀ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਾਲਾਨਾ ਇਨਾਮ ਵੰਡ ਸਮਾਗਮ ਸਕੂਲ ਪ੍ਰਿੰਸੀਪਲ ਰੇਨੂੰ ਠਾਕੁਰ ਦੀ ਅਗਵਾਈ ਹੇਠ ਕਰਵਾਇਆ ਗਿਆ। ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪੰਕਜ ਕਪੂਰ ਆਪਣੇ ਪਰਵਾਰ ਸਮੇਤ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਉਨ੍ਹਾਂ ਸ਼ਮ੍ਹਾਂ ਰੌਸ਼ਨ ਕਰਕੇ ਪ੍ਰੋਗਰਾਮ ਦਾ ਆਗਾਜ ਕੀਤਾ। ਇਸ ਦੌਰਾਨ ਪ੍ਰਿੰਸੀਪਲ ਰੇਨੂ ਠਾਕੁਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ। ਇਸ ਤੋਂ ਇਲਾਵਾ ਸਾਲ 2023-24 ਦੀ ਸਾਲਾਨਾ ਪ੍ਰੀਖਿਆ ਵਿੱਚ ਸਾਰੀਆਂ ਜਮਾਤਾਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਜਮਾਤਾਂ ਵਿੱਚ ਸਭ ਤੋਂ ਵੱਧ ਹਾਜਰੀ ਲਗਾਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਨਾਮ ਵੰਡ ਸਮਾਗਮ ਦੌਰਾਨ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਰਾਹੀਂ ਖ਼ੂਬਸੂਰਤ ਪੇਸ਼ਕਾਰੀਆਂ ਦਿੰਦਿਆਂ ਹਾਜਰੀਨ ਨੂੰ ਕੀਲੀ ਰੱਖਿਆ। ਪ੍ਰੋਗਰਾਮ ਵਿੱਚ ਹਾਜਰ ਪਤਵੰਤਿਆਂ ਵੱਲੋਂ ਬੱਚਿਆਂ ਦੇ ਡਾਂਸ, ਗੀਤ ਅਤੇ ਭੰਗੜੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਸਕੂਲ ਚੇਅਰਮੈਨ ਪੰਕਜ ਕਪੂਰ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇੱਕ ਵਾਰ ਫਿਰ ਤੋਂ ਆਉਣ ਵਾਲੀਆਂ ਪ੍ਰੀਖਿਆਵਾਂ ਵਿੱਚ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਸਾਂਝ ਕੇਂਦਰ 'ਚ ਚੈਰਿਟੀ ਸੈਮੀਨਾਰ ਕੀਤਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )** ਸਾਂਝ ਕੇਂਦਰ ਨੂਰਮਹਿਲ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ । ਸੈਮੀਨਾਰ ਵਿੱਚ ਲੋੜਵੰਦ ਪਰਵਾਰਾਂ ਨੂੰ ਘਰ ਦੀ ਜਰੂਰਤ ਸਬੰਧੀ ਸੁੱਕਾ ਰਾਸਨ ਤਕਸੀਮ ਕੀਤਾ ਗਿਆ। ਇਸ ਮੌਕੇ ਸਾਂਝ ਕੇਂਦਰ ਵੱਲੋਂ ਦਿੱਤੀ ਜਾਣ ਵਾਲੀਆਂ ਸੇਵਾਵਾਂ ,ਔਰਤਾਂ, ਬੱਚਿਆਂ ਅਤੇ ਬਜੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਮੁੱਖ ਅਫਸਰ ਥਾਣਾ ਨੂਰਮਹਿਲ ਵੱਲੋ ਜਾਣਕਾਰੀ ਦਿੱਤੀ ਗਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ। ਸੈਮੀਨਾਰ ਵਿੱਚ ਏ. ਐਸ. ਆਈ .ਪ੍ਰੇਮ ਚੰਦ, ਏ. ਐਸ .ਆਈ ਧਰਮਿੰਦਰ ਸਿੰਘ, ਏ .ਐਸ.ਆਈ ਵਿਜੇ ਕੁਮਾਰ ਹਾਜਰ ਸਨ ।

## ਸਮੂਹ ਪ੍ਰੀਖਿਆ ਕੇਂਦਰਾਂ ਨੇੜੇ ਧਾਰਾ 144 ਲਗਾਉਣ ਦੇ ਹੁਕਮ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਚੇਅਰਪਰਸਨ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ, ਦਿੱਲੀ ਵਲੋਂ ਜਾਰੀ ਪੱਤਰ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਹੁਸ਼ਿਆਰਪੁਰ ਕੋਮਲ ਮਿੱਤਲ ਨੇ 2 ਅਪ੍ਰੈਲ 2024 ਤੱਕ ਚੱਲਣ ਵਾਲੀ ਸੀ.ਬੀ.ਐਸ.ਈ ਦੀ ਦਸਵੀਂ ਤੇ ਬਾਰ੍ਹਵੀਂ ਜਮਾਤ ਦੀ ਅਨੁਪੂਰਕ ਪ੍ਰੀਖਿਆ ਦੌਰਾਨ ਜ਼ਿਲ੍ਹੇ ਦੇ ਸਮੂਹ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਸੀ.ਆਰ.ਪੀ.ਸੀ ਦੀ ਧਾਰਾ 144 ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿਚ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਸੀ.ਬੀ.ਐਸ.ਈ ਦੀ ਦਸਵੀਂ ਤੇ ਬਾਰ੍ਹਵੀਂ ਦੀ ਇਹ ਅਨੁਪੂਰਕ ਪ੍ਰੀਖਿਆ 15 ਫਰਵਰੀ ਤੋਂ 2 ਅਪ੍ਰੈਲ 2024 ਤੱਕ ਜ਼ਿਲ੍ਹੇ ਦੇ 14 ਪ੍ਰੀਖਿਆ ਕੇਂਦਰਾਂ ਵਿਚ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਆਮ ਦੇਖਣ ਵਿਚ ਆਇਆ ਹੈ ਕਿ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਦੇ ਰਿਸ਼ਤੇਦਾਰ ਅਤੇ ਹੋਰ ਵਿਅਕਤੀ ਆਦਿ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਇਕੱਤਰ ਹੋ ਜਾਂਦੇ ਹਨ, ਜਿਸ ਕਾਰਨ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਵਿਚ ਵਿਘਨ ਪੈ ਸਕਦਾ ਹੈ ਅਤੇ ਟ੍ਰੈਫਿਕ ਦੀ ਸਮੱਸਿਆ ਵੀ ਹੋ ਸਕਦੀ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪ੍ਰੀਖਿਆਵਾਂ ਨੂੰ ਸ਼ਾਂਤਮਈ ਅਤੇ ਸੁਚੱਜੇ ਢੰਗ ਨਾਲ ਨਿਪਟਾਉਣ ਲਈ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਸੀ.ਆਰ.ਪੀ.ਸੀ ਦੀ ਧਾਰਾ 144 ਲਗਾਈ ਜਾਵੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਫੌਜਦਾਰੀ ਜ਼ਾਬਤਾ ਸੰਘ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਜ਼ਿਲ੍ਹੇ ਦੀ ਹਦੂਦ ਅੰਦਰ ਸਾਰੇ ਪ੍ਰੀਖਿਆ ਕੇਂਦਰਾਂ ਦੀ ਹਦੂਦ ਅੰਦਰ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਅੰਦਰ 5 ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਤਰ ਹੋਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 2 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

## ਬੀ ਵਾਕ ਇਨ ਬਿਊਟੀ ਕਲਚਰ ਤੇ ਕਾਸਮੈਟੋਲੋਜੀ ਸਮੈਸਟਰ ਤੀਜੇ ਦਾ ਨਤੀਜਾ ਸ਼ਾਨਦਾਰ

**ਜਲੰਧਰ (ਇਕਬਾਲ ਸਿੰਘ ਉੱਭੀ)** ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੇ ਬੀ ਵਾਕ ਇਨ ਬਿਊਟੀ ਕਲਚਰ ਅਤੇ ਕਾਸਮੈਟੋਲੋਜੀ ਸਮੈਸਟਰ ਤੀਜੇ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਤੀਜੇ ਘੋਸ਼ਤ ਕੀਤੇ ਹਨ। ਇਸ ਦੌਰਾਨ ਵਿਦਿਆਰਥਣਾਂ ਨੇ ਆਪਣੇ ਉੱਚ ਪੱਧਰ ਦੇ ਪ੍ਰਦਰਸ਼ਨ ਨਾਲ ਯੂਨੀਵਰਸਿਟੀ ਪ੍ਰੀਖਿਆ ਵਿੱਚ ਆਪਣਾ ਵੱਖਰਾ ਸਥਾਨ ਬਣਾਇਆ। ਸਿਮਰਨਜੀਤ 368/400 ਅੰਕ (92%) ਨਾਲ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ। ਆਸ਼ੂ ਨੇ 360/400 ਅੰਕਾਂ (90%) ਨਾਲ ਯੂਨੀਵਰਸਿਟੀ ਵਿੱਚ ਛੇਵਾਂ ਸਥਾਨ ਪ੍ਰਾਪਤ ਕੀਤਾ। ਪ੍ਰਿਆ ਨੇ 342/400 ਅੰਕ (85.5%) ਨਾਲ ਕਾਲਜ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਰਾਹੋਂ 'ਚ ਗੁਰਮਤਿ ਸਮਗਾਮ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਥਾਨਕ ਗੁਰਦੁਆਰਾ ਸਿੰਘ ਸਭਾ ਅੱਡਾ ਲਾਰੀਆਂ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਨਵਾਂਸ਼ਹਿਰ ਦੇ ਸਹਿਯੋਗ ਨਾਲ ਗੁਰੂ ਹਰਿ ਰਾਇ ਸਾਹਿਬ ਜੀ ਅਤੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਬਹੁਤ ਸ਼ਰਧਾ ਭਾਵਨ ਨਾਲ ਮਨਾਏ ਗਏ। ਇਸ ਸੰਬੰਧ ਵਿਚ ਕਰਵਾਏ ਗਏ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਗੁਰਮਤਿ ਸਮਾਗਮ ਦੌਰਾਨ ਪੰਥ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਭਾਈ ਸਾਹਿਬ ਸਿੰਘ ਕੈਨੇਡਾ ਵਾਲਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਉਨਾ ਨੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਦੌਰਾਨ ਵਾਰ ਵਾਰ ਵਾਹਿਗੁਰੂ ਸਿਮਰਨ ਨਾਲ ਜੋੜਿਆ। ਉਨ੍ਹਾਂ ਤੋਂ ਪਹਿਲਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਦੇ ਜਥੇ ਵਲੋਂ ਅੰਮ੍ਰਿਤਮਈ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਪੰਥ ਪ੍ਰਸਿੱਧ ਵਿਦਵਾਨ ਅਤੇ ਇਲਾਕੇ ਦੀ ਸਿਰਮੌਰ ਸ਼ਖਸੀਅਤ ਗਿਆਨੀ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਵਲੋਂ ਮਾਨਵਤਾ ਦੇ ਭਲੇ ਕੀਤੇ ਜਾ ਰਹੇ ਗੁਰਮਤਿ ਅਤੇ ਸਮਾਜ ਭਲਾਈ ਕਾਰਜਾਂ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਸਮਾਗਮ ਵਿਚ ਪਹੁੰਚੀਆਂ ਦਾ ਧੰਨਵਾਦ ਕੀਤਾ। ਸੁਸਾਇਟੀ ਵਲੋਂ ਇਸ ਮੌਕੇ ਰਾਗੀ ਜਥੇ. ਭਾਈ ਦਵਿੰਦਰ ਸਿੰਘ, ਗਿਆਨੀ ਸਾਹਿਬ ਸਿੰਘ ਕੈਨੇਡਾ ਵਾਲਿਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖਾਲਸਾ, ਬਰਜਿੰਦਰ ਸਿੰਘ ਹੁਸੈਨਪੁਰ, ਤਰਲੋਚਨ ਸਿੰਘ ਦੁਪਾਲਪੁਰ ਸਾਬਕਾ ਮੈਂਬਰ ਐੱਸ ਜੀ ਪੀ ਸੀ, ਗੁਰਦੁਆਰਾ ਪ੍ਰਬੰਧਕ ਕਮੇਟੀ ਅੱਡਾ ਲਾਰੀਆਂ, ਸੁਖਦੇਵ ਸਿੰਘ ਮਾਨ, ਜਸਵੀਰ ਸਿੰਘ ਢਿੱਲੋਂ ਮਾਛੀਵਾੜਾ ਅਤੇ ਜਥੇਦਾਰ ਬਹਾਦਰ ਸਿੰਘ ਭਾਰਟਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਉੱਤਮ ਸਿੰਘ ਸੇਠੀ, ਜਗਦੀਪ ਸਿੰਘ, ਪਰਮਿੰਦਰ ਸਿੰਘ, ਕੁਲਵਿੰਦਰ ਸਿੰਘ ਭੀਣ, ਪਲਵਿੰਦਰ ਸਿੰਘ ਕਰਿਆਮ, ਭੁਪਿੰਦਰ ਸਿੰਘ ਕਲਸੀ ਬੰਗਾ, ਕੁਲਜੀਤ ਸਿੰਘ ਖਾਲਸਾ, ਮਲਕੀਤ ਸਿੰਘ ਕਾਹਲੋਂ, ਸਤਪਾਲ ਸਿੰਘ ਸੈਕਟਰੀ, ਮਨਜੀਤ ਸਿੰਘ ਛੀਨਾ, ਭਾਈ ਹਰਵਿੰਦਰ ਸਿੰਘ ਗ੍ਰੰਥੀ, ਭਾਈ ਬਲਵੀਰ ਸਿੰਘ ਘਾਟੀ ਤੇਲੀਆਂ, ਰਮਣੀਕ ਸਿੰਘ, ਭੁਪਿੰਦਰ ਸਿੰਘ ਪਾਹਵਾ, ਜਗਜੀਤ ਸਿੰਘ ਬਾਟਾ, ਮਾ: ਨਰਿੰਦਰ ਸਿੰਘ ਭਾਰਟਾ, ਸੁਰਿੰਦਰ ਸਿੰਘ ਸੋਇਤਾ, ਗਿਆਨ ਸਿੰਘ, ਹਰਮਿੰਦਰ ਸਿੰਘ ਉਸਮਾਨਪੁਰ, ਮਹਿੰਦਰਪਾਲ ਸਿੰਘ ਜਲਵਾਹਾ, ਬਲਦੀਪ ਸਿੰਘ ਕਾਜਮਪੁਰ, ਪਰਵਿੰਦਰ ਸਿੰਘ ਸੁੱਧਾ ਮਾਜਰਾ, ਕਮਲਜੀਤ ਸਿੰਘ ਵਜੀਦਪੁਰ, ਜਸਕਰਨ ਸਿੰਘ ਹੰਸਰੋਂ, ਭਗਵੰਤ ਸਿੰਘ ਰੁੜਕੀ, ਜੋਗਿੰਦਰ ਸਿੰਘ ਮਹਾਲੋਂ, ਅਮਰੀਕ ਸਿੰਘ ਬਛੌੜੀ, ਕੁਲਵੰਤ ਸਿੰਘ ਹਿਆਲਾ, ਮਨਮੋਹਨ ਸਿੰਘ, ਰਘਵਿੰਦਰ ਸਿੰਘ ਰਵੀ, ਸੁਰਿੰਦਰ ਸਿੰਘ, ਅਮਰਜੀਤ ਸਿੰਘ ਰਾਜੂ, ਬਾਬਾ ਦੀਪ ਸਿੰਘ ਸੇਵਕ ਜਥਾ ਅਤੇ ਮਹਿੰਦਰ ਸਿੰਘ ਜਾਫਰਪੁਰ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ।

# ਸਿਵਲ ਸਰਜਨ ਵੱਲੋਂ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਅੱਜ ਪੋਲੀਓ ਬੂੰਦਾਂ ਪਿਲਾਉਣ ਦੀ ਅਪੀਲ

**ਜਲੰਧਰ ( ਸ਼ੈਲੀ ਐਲਬਰਟ)**-ਸਿਵਲ ਸਰਜਨ ਡਾ. ਜਗਦੀਪ ਚਾਵਲਾ ਦੀ ਪ੍ਰਧਾਨਗੀ ਹੇਠ ਰਾਸ਼ਟਰੀ ਇਮਊਨਾਈਜੇਸ਼ਨ ਡੇ ਤਹਿਤ ਪਲਸ ਪੋਲੀਓ ਰਾਊਂਡ-2024 ਸੰਬੰਧੀ ਵੀਡੀਓ ਕਾਨਫਰੈਂਸ (ਵੀ.ਸੀ.) ਰਾਹੀਂ ਐਸ.ਐਮ.ਓਜ਼ ਅਤੇ ਨੋਡਲ ਅਫ਼ਸਰਾਂ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਸਿਵਲ ਸਰਜਨ ਡਾ. ਜਗਦੀਪ ਚਾਵਲਾ ਵੱਲੋਂ ਸਿਵਲ ਸਰਜਨ ਦਫ਼ਤਰ ਵਿਖੇ ਪਲਸ ਪੋਲੀਓ ਰਾਊਂਡ-2024 ਦਾ ਪੋਸਟਰ ਰਿਲੀਜ਼ ਕੀਤਾ ਗਿਆ ।

ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਚੋਪੜਾ, ਸਰਵਿਲੈਂਸ ਮੈਡੀਕਲ ਅਫ਼ਸਰ ਡਾ. ਗਗਨ ਸ਼ਰਮਾ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਮਨਦੀਪ ਕੌਰ, ਸੁਪਰਡੈਂਟ ਗੁਰਪਿੰਦਰ ਕੌਰ, ਜ਼ਿਲ੍ਹਾ ਡੈਂਟਲ ਸਿਹਤ ਅਫ਼ਸਰ ਡਾ. ਬਲਜੀਤ ਕੌਰ ਰੂਬੀ, ਐਸ.ਐਮ.ਓ. ਕਮਲਜੀਤ ਕੌਰ, ਜ਼ਿਲ੍ਹਾ ਬੀਸੀਸੀ ਕੋਆਰਡੀਨੇਟਰ ਨੀਰਜ ਸ਼ਰਮਾ, ਜ਼ਿਲ੍ਹਾ ਵੈਕਸੀਨ ਸਟੋਰ ਕੀਪਰ ਦੀਪਕ ਰਾਜ ਮੌਜੂਦ ਸਨ । ਡਾ. ਜਗਦੀਪ ਚਾਵਲਾ ਵੱਲੋਂ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਗਈ ਕਿ ਪੋਲੀਓ ਰਾਊਂਡ ਦੌਰਾਨ ਜਨਮ ਤੋਂ ਲੈ ਕੇ 5 ਸਾਲ ਤੱਕ ਦਾ ਕੋਈ ਵੀ ਬੱਚਾ ਪੋਲੀਓ ਦੀ ਖ਼ੁਰਾਕ ਤੋਂ ਵਾਂਝਾ ਨਾ ਰਹੇ, ਇਸ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਹਾਈ ਰਿਸਕ ਖੇਤਰਾਂ, ਸਲੱਮ ਏਰੀਆ, ਝੁੱਗੀਆਂ ਝੌਂਪੜੀਆਂ, ਡੇਰੇ, ਇੰਡਸਟਰੀ ਏਰੀਆ, ਇੱਟਾਂ ਦੇ ਭੱਠੇ ਆਦਿ ਥਾਵਾਂ 'ਤੇ ਖਾਸ ਧਿਆਨ ਦਿੱਤਾ ਜਾਵੇ। ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਕੇਸ਼ ਚੋਪੜਾ ਵੱਲੋਂ ਮਾਈਕ੍ਰੋਪਲਾਨ, ਵੈਕਸੀਨ ਦੀ ਕੋਲਡ ਚੇਨ, ਵੈਕਸੀਨ ਵਾਇਲ ਮੋਨੀਟਰ (ਵੀ.ਵੀ.ਐਮ.) ਬਾਰੇ ਦੱਸਿਆ ਗਿਆ । ਸਿਵਲ ਸਰਜਨ ਡਾ. ਜਗਦੀਪ ਚਾਵਲਾ ਨੇ ਦੱਸਿਆ ਕਿ ਪਲਸ ਪੋਲੀਓ ਰਾਊਂਡ-2024 ਦੌਰਾਨ 3 ਮਾਰਚ ਨੂੰ ਜ਼ਿਲ੍ਹੇ ਵਿੱਚ 1318 ਪੋਲੀਓ ਬੂਥ ਲਗਾਏ ਜਾਣਗੇ। ਜ਼ਿਲ੍ਹੇ ਵਿੱਚ ਕੋਈ ਵੀ ਬੱਚਾ ਪੋਲੀਓ ਦੀ ਖੁਰਾਕ ਤੋਂ ਵਾਂਝਾ ਨਾ ਰਹੇ ਇਸ ਨੂੰ ਯਕੀਨੀ ਬਣਾਉਣ ਲਈ 2241 ਟੀਮਾਂ, 271 ਸੁਪਰਵਾਈਜ਼ਰ ਅਤੇ 55 ਮੋਬਾਈਲ ਟੀਮਾਂ ਗਠਿਤ ਕੀਤੀਆਂ ਗਈਆਂ ਹਨ।

# ਆਈ ਟੀ ਆਈਜ਼ 'ਚ ਕੰਮ ਕਰਦੇ ਠੇਕਾ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਇੱਕ ਮੰਚ ਹੇਠ ਹੋਈਆਂ ਇਕੱਠੀਆਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਦੀਆਂ ਸਰਕਾਰੀ ਆਈ.ਟੀ. ਆਈਜ਼ ਵਿੱਚ ਵੱਖ ਵੱਖ ਸਕੀਮਾਂ (ਪੀ ਪੀ ਪੀ, ਡੀ.ਐਸ.ਟੀ, ਵੈਲਫੇਅਰ, ਹਾਊਸਪਟੈਲਟੀ, ਸੀ.ਟੀ.ਐਸ) ਵਿੱਚ ਕੰਮ ਕਰ ਰਹੇ ਠੇਕਾ ਆਧਾਰ ਇੰਸਟਰਕਟਰਜ਼ ਇੱਕ ਮੰਚ ਹੇਠ ਇਕੱਠੇ ਹੋ ਗਏ ਹਨ। ਇਸ ਦਾ ਪ੍ਰਗਟਾਵਾ ਜੁਆਇੰਟ ਐਕਸ਼ਨ ਕਮੇਟੀ ਦੇ ਸੀਨੀਅਰ ਮੈਂਬਰ ਸੰਦੀਪ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਜੱਥੇਬੰਦੀਆਂ ਦੀ ਮੀਟਿੰਗ ਮਿਤੀ 25 ਫਰਵਰੀ ਨੂੰ ਕੰਪਨੀ ਬਾਗ ਅੰਮ੍ਰਿਤਸਰ ਸਾਹਿਬ ਵਿਖੇ ਹੋਈ। ਜਿਸ ਵਿੱਚ ਸਾਰੀਆਂ ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਉਹ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਤੋਂ ਛੁਟਕਾਰਾ ਪਾਉਣ ਲਈ ਇਕੱਠੇ ਹੋ ਕੇ ਲੜਾਈ ਲੜਨਗੀਆਂ ਅਤੇ 11 ਮੈਂਬਰੀ ਜੁਆਇੰਟ ਐਕਸ਼ਨ ਕਮੇਟੀ ਦੀ ਚੋਣ ਵੀ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਹਰ ਸਾਲ ਲੱਗਭੱਗ 30000 ਨੌਜੁਵਾਨਾਂ ਨੂੰ ਕਿੱਤਾਮੁਖੀ ਸਿੱਖਿਆ ਦੇ ਕੇ ਸਕਿੱਲਡ ਕਾਮਾ ਬਣਾ ਰਹੇ ਹਾਂ। ਜਿਸ ਨਾਲ ਪੰਜਾਬ ਦੀ ਨੌਜੁਵਾਨੀ ਨੂੰ ਨਸ਼ਿਆਂ ਤੋਂ ਰੋਕਿਆ ਜਾ ਰਿਹਾ ਹੈ ਅਤੇ ਬੇਰੁਜ਼ਗਾਰੀ ਦੂਰ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਾਂ ਪ੍ਰੰਤੂ ਸਾਡਾ ਆਪਣਾ ਭਵਿੱਖ ਅੱਜ ਵੀ ਧੁੰਦਲਾ ਹੈ। ਅਸੀਂ ਅੱਜ ਦੇ ਮਹਿਗਾਈ ਭਰੇ ਯੁੱਗ ਵਿੱਚ ਸਿਰਫ 15000 ਪ੍ਰਤੀ ਮਹੀਨੇ ਉੱਪਰ ਆਪਣੇ ਪਰਵਾਰਾਂ ਦਾ ਗੁਜ਼ਾਰਾ ਕਰ ਰਹੇ ਹਾਂ ਅਤੇ ਨਾ ਹੀ ਸਾਡੀ ਸੇਵਾ ਸੁਰੱਖਿਅਤ ਹੈ। ਅਸੀਂ ਪਿਛਲੇ 2 ਸਾਲਾਂ ਤੋਂ ਲਗਾਤਾਰ ਮੁੱਖ ਮੰਤਰੀ ਪੰਜਾਬ ਨੂੰ ਮਿਲਣ ਦੀ ਕੋਸ਼ਿਸ਼ ਕਰ ਰਹੇ ਹਾਂ ਪ੍ਰੰਤੂ ਸਾਨੂੰ ਕਦੇ ਵੀ ਉਨ੍ਹਾਂ ਵੱਲੋਂ ਮਿਲਣ ਦਾ ਸਮਾਂ ਨਹੀਂ ਦਿੱਤਾ ਗਿਆ। ਅਸੀਂ ਆਪਣੇ ਵਿਭਾਗ ਦੇ ਮੰਤਰੀ ਹਰਜੋਤ ਸਿੰਘ ਬੈਂਸ ਜੀ ਨੂੰ ਕਈ ਵਾਰ ਮਿਲੇ ਪ੍ਰੰਤੂ ਉਨ੍ਹਾਂ ਵੱਲੋਂ ਵੀ ਹਮੇਸ਼ਾ ਕਿਹਾ ਜਾਂਦਾ ਹੈ ਕਿ ਸਾਨੂੰ ਥੋੜ੍ਹਾ ਸਮਾਂ ਦਿਓ। ਅੱਜ ਤੱਕ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਗਈ ਅਤੇ ਨਾ ਹੀ ਸਾਨੂੰ ਸੁਣਿਆ ਗਿਆ ਹੈ। ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਸ ਦੇ ਚੱਲਦਿਆਂ ਇਹ ਫੈਸਲਾ ਕੀਤਾ ਕਿ ਜੇਕਰ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੁੱਖ ਮੰਗਾਂ ਨੂੰ ਪੂਰਾ ਨਹੀਂ ਕਰਦੀ ਜਿਵੇਂ ਸੇਵਾ ਨੂੰ ਸੁਰੱਖਿਅਤ ਕਰਨਾ, ਬੇਸਿਕ ਤਨਖਾਹ ਲਾਗੂ ਕਰਨਾ, ਛੁੱਟੀਆਂ ਦਾ ਪ੍ਰਬੰਧ ਅਤੇ ਬਦਲੀ ਦਾ ਮੌਕਾ ਪ੍ਰਦਾਨ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਪਰਵਾਰਾਂ ਸਮੇਤ ਵੱਡੇ ਪੱਧਰ ਦਾ ਸੰਘਰਸ਼ ਕੀਤਾ ਜਾਵੇਗਾ।

## ਬੱਸ-ਬਾਈਕ ਦੀ ਟੱਕਰ 'ਚ ਦੋ ਨੌਜਵਾਨਾਂ ਦੀ ਮੌਤ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੀਤੀ ਦੇਰ ਰਾਤ ਚੱਬੇਵਾਲ ਅਧੀਨ ਪੈਂਦੇ ਪਿੰਡ ਫਲਾਹੀ ਨੇੜੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਇੱਕੋ ਪਿੰਡ ਦੇ ਦੋ ਨੌਜਵਾਨਾਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਮੋਇਆ ਵਾਸੀ ਸੁਖਵਿੰਦਰ ਸਿੰਘ ਪੁੱਤਰ ਬਿੰਦਰ ਸਿੰਘ ਅਤੇ ਜਤਿੰਦਰ ਸਿੰਘ ਪੁੱਤਰ ਸੋਹਣ ਸਿੰਘ ਆਪਣੇ ਮੋਟਰਸਾਈਕਲ ਨੰਬਰ ਪੀਬੀ 07 ਟੀ 7387 'ਤੇ ਸਵਾਰ ਹੋ ਕੇ ਵਾਪਸ ਆਪਣੇ ਪਿੰਡ ਜਾ ਰਹੇ ਸਨ ਕਿ ਜਦੋਂ ਉਹ ਪਿੰਡ ਫਲਾਹੀ ਨੇੜੇ ਪੁੱਜੇ ਤਾਂ ਉਲਟ ਦਿਸ਼ਾ ਤੋਂ ਹੁਸ਼ਿਆਰਪੁਰ ਨੂੰ ਜਾ ਰਹੀ ਮੱਲ੍ਹੀ ਬੱਸ ਕੰਪਨੀ ਦੀ ਮਿਨੀ ਬੱਸ ਨੰਬਰ ਪੀਬੀ 30ਕੇ 9747 ਨਾਲ ਉਨ੍ਹਾਂ ਦੀ ਟੱਕਰ ਹੋ ਗਈ ਅਤੇ ਉਨ੍ਹਾਂ ਦੀ ਬੱਸ ਹੇਠਾਂ ਆਉਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਥਾਣਾ ਮੇਹਟੀਆਣਾ ਦੀ ਪੁਲਸ ਨੇ ਦੋਵੇਂ ਵਾਹਨਾਂ ਨੂੰ ਕਬਜੇ 'ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ 11 ਦੇ ਰੇਲ ਰੋਕੋ ਅੰਦੋਲਨ 'ਚ ਸ਼ਾਮਲ ਹੋਣ ਦਾ ਸੱਦਾ



**ਫਿਲੌਰ, ( ਨਿਰਮਲ )** ਪੇਂਡੂ ਮਜਦੂਰ ਯੂਨੀਅਨ ਦੀ ਅਗਵਾਈ ਵਿੱਚ ਮਜਦੂਰ ਯੂਨੀਅਨ ਦੇ ਵਰਕਰ ਐਸ ਡੀ ਐਮ ਦਫਤਰ ਫਿਲੌਰ ਵਿਖੇ ਇਕੱਠੇ ਹੋਏ ਤੇ ਮੰਗਾਂ ਵਾਸਤੇ 11 ਮਾਰਚ ਨੂੰ ਰੇਲ ਰੋਕੋ ਅੰਦੋਲਨ ਵਿੱਚ ਸ਼ਾਮਿਲ ਹੋਣ ਦੇ ਸਬੰਧ ਵਿੱਚ ਜਥੇਬੰਦੀ ਵੱਲੋਂ ਪੋਸਟਰ ਪਿੰਡਾਂ ਵਿੱਚ ਲਾਉਣ ਲਈ ਰਵਾਨਾ ਹੋਏ। ਮਜਦੂਰ ਜਥੇਬੰਦੀ ਨੇ ਪ੍ਰਸ਼ਾਸਨ ਕੋਲੋਂ ਇਹ ਵੀ ਜੋਰਦਾਰ ਮੰਗ ਕੀਤੀ ਹੈ ਕਿ ਝੰਡੀ ਪੀਰ ਕੜਿਆਣਾ ਅਤੇ ਅਸ਼ਾਹੂਰ ਦੇ ਮਜਦੂਰਾਂ ਨੂੰ ਪਹਿਲਾ ਹੀ ਮਿਲਿਆ ਹੋਇਆ ਕੰਮ ਰੇਤ ਦੀਆਂ ਖੱਡਾਂ ਵਿੱਚ ਟਰਾਲੀਆਂ ਭਰਨ ਦਾ ਕੰਮ ਪੰਚਾਇਤ ਦੀ ਖਹਿਭੇੜ ਕਰਕੇ ਬੰਦ ਕਰ ਦਿੱਤਾ ਗਿਆ ਹੈ। ਜਿਸ ਨਾਲ ਮਜਦੂਰਾਂ ਦਾ ਰੁਜਗਾਰ ਮਾਰਿਆ ਗਿਆ ਹੈ। ਮਨਰੇਗਾ ਦਾ ਕੰਮ ਵੀ ਮਜਦੂਰਾਂ ਨੂੰ ਨਹੀਂ ਦਿੱਤਾ ਜਾ ਰਿਹਾ। ਜਿਸ ਕਰਕੇ ਮਜਦੂਰਾਂ ਵਿੱਚ ਖਾਸਾ ਰੋਸ ਪਾਇਆ ਜਾ ਰਿਹਾ ਹੈ। ਜਥੇਬੰਦੀ ਦੇ ਪਿੰਡ ਪੱਧਰ ਦੇ ਅਹੁਦੇਦਾਰਾਂ ਵੱਲੋ ਬੀ ਡੀ ਪੀ ਉ ਦਫਤਰ ਦੇ ਅਧਿਕਾਰੀਆਂ ਅਤੇ ਮਾਈਨਿੰਗ ਦੇ ਐਸ ਡੀ ਉ ਨਾਲ ਵੀ ਫੋਨ 'ਤੇ ਗੱਲ ਕੀਤੀ ਗਈ ਜਿਨ੍ਹਾਂ ਨੇ ਮਜਦੂਰਾਂ ਨੂੰ ਭਰੋਸਾ ਦੁਆਇਆ ਗਿਆ ਕਿ ਸੋਮਵਾਰ ਨੂੰ ਹਰ ਹਾਲਤ ਵਿੱਚ ਕੰਮ 'ਤੇ ਲਗਾ ਦਿੱਤਾ ਜਾਵੇਗਾ। ਯਾਦ ਰਹੇ ਕਿ ਕੰਮ ਲੈਣ ਸਬੰਧੀ ਪਹਿਲਾਂ ਵੀ ਐਸ ਡੀ ਐਮ ਦੇ ਦਫਤਰ ਤਹਿਸੀਲਦਾਰ ਫਿਲੌਰ ਰਾਹੀਂ ਮੰਗ ਪੱਤਰ ਦੇ ਚੁੱਕੇ ਹਾਂ ਅਤੇ ਗਰਾਮ ਪੰਚਾਇਤ ਕੜਿਆਣਾ ਦੇ ਸਰਪੰਚ ਨੂੰ ਵੀ ਕੰਮ ਲੈਣ ਲਈ ਦਰਖਾਸਤ ਦਿੱਤੀ ਹੈ। ਮਜਦੂਰਾਂ ਨੇ ਕਿਹਾ ਕਿ ਵਾਅਦੇ ਮੁਤਾਬਕ ਕੰਮ ਨਾ ਮਿਲਿਆ ਤਾਂ ਧਰਨਾ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵਾਂਗੇ ਕਿਉਂਕਿ ਅਸੀਂ ਵਿਹਲੇ ਰਹਿ ਕੇ ਪਹਿਲਾਂ ਹੀ ਖੱਜਲ ਖੁਆਰ ਹੋ ਚੁੱਕੇ ਹਾਂ। ਅੱਜ ਦੇ ਇਕੱਠ ਵਿੱਚ ਜਥੇਬੰਦੀ ਦੇ ਪ੍ਰਧਾਨ ਰਾਜ ਕੌਸ਼ਲ, ਸੈਕਟਰੀ ਜਗਜੀਤ ਸਿੰਘ, ਵਾਈਸ ਪਰਧਾਨ ਨਿਰਮਲ ਸਿੰਘ, ਖਜਾਨਚੀ ਹਰਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਜੀਤ ਸਿੰਘ, ਬਲਵਿੰਦਰ ਸਿੰਘ, ਸੰਦੀਪ ਕੁਮਾਰ, ਸੱਤਪਾਲ, ਤਲਵਿੰਦਰ ਸਿੰਘ, ਜਤਿੰਦਰ ਸਿੰਘ, ਕਰਨਪ੍ਰੀਤ ਆਦਿ ਵਰਕਰ ਸ਼ਾਮਲ ਹੋਏ।

## 23 ਦੇ ਸ਼ਹੀਦਾਂ ਨੂੰ ਸਮਰਪਿਤ ਗੀਤ ਤੇ ਨਾਟਕ ਮੇਲਾ ਕਰਵਾਇਆ ਜਾਵੇਗਾ : ਡੱਲਾ

**ਖਰੜ ( ਹਰਨਾਮ ਸਿੰਘ ਡੱਲਾ)**-ਗਦਰੀ ਬਾਬੇ ਵਿਚਾਰ ਧਾਰਕ ਮੰਚ ਖਰੜ ਵਲੋਂ 23 ਮਾਰਚ 1931 ਦੇ ਸ਼ਹੀਦ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਇੱਕ ਨਾਟਕ ਅਤੇ ਗੀਤਾਂ ਭਰੀ ਸ਼ਾਮ ਮਨਾਈ ਜਾਵੇਗੀ। ਮੰਚ ਵੱਲੋਂ ਦੇਸ਼ ਦੇ ਮੌਜੂਦਾ ਹਾਲਾਤ ਉੱਤੇ ਵਿਚਾਰ ਗੋਸ਼ਟੀਆਂ ਕਰਵਾਉਂਣਾ,ਇਨਕਲਾਬੀ ਗੀਤਾਂ ਨਾਟਕਾਂ ਅਤੇ ਸਾਹਿਤਕ ਤੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਚੇਤਨ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਗੀਤ ਅਤੇ ਨਾਟਕ ਮੇਲਾ ਕਰਵਾਏ ਜਾਣ ਦਾ ਮਤਾ ਵੀ ਪਾਸ ਕੀਤਾ ਗਿਆ ਹੈ। ਸਾਥੀ ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸਾਥੀ ਪਿਆਰਾ ਸਿੰਘ ਰਾਹੀ, ਕੁਲਦੀਪ ਸਿੰਘ ਢਿੱਲੋਂ, ਸੁਰਿੰਦਰ ਸਿੰਘ ਬਡਾਲਾ,ਜੰਗ ਸਿੰਘ, ਸੁੱਖਾ ਸਿੰਘ,ਗੁਰਦੇਵ ਅਰਨੀਵਾਲਾ,ਯੋਗ ਰਾਜ,ਪੀ ਪੀ ਸਿੰਘ,ਅਮਰਜੀਤ ਸਿੰਘ,ਕਰਨੈਲ ਸਿੰਘ ਜੀਤ ਅਤੇ ਸੁਖਵਿੰਦਰ ਸਿੰਘ ਦੁੱਮਣਾ ਨੇ ਭਾਗ ਲਿਆ।

# ਜੈਨ ਨੇ ਯੂਨੀਸੈਫ ਰੇਡੀਓ ਫਾਰ ਚਾਈਲਡ ਐਵਾਰਡ-2024 ਜਿੱਤਿਆ



**ਜਲੰਧਰ (ਰਾਜੇਸ਼ ਥਾਪਾ)**-ਆਕਾਸ਼ਵਾਣੀ ਜਲੰਧਰ ਤੋਂ ਪ੍ਰਸਾਰਣ ਕਾਰਜਕਾਰੀ ਅਧਿਕਾਰੀ ਪ੍ਰਤਿਸ਼ਠਾ ਜੈਨ ਨੂੰ ਯੂਨੀਸੈਫ ਵਲੋਂ ਆਯੋਜਿਤ ਰੇਡੀਓ ਫਾਰ ਚਾਈਲਡ ਪ੍ਰੋਗਰਾਮ ਵਿੱਚ ਸਰਵੋਤਮ ਰੇਡੀਓ ਸਪੌਟ ਲਈ ਸਨਮਾਨਤ ਕੀਤਾ ਗਿਆ । ਮੁੰਬਈ ਵਿਖੇ ਬੀਤੇ ਦਿਨੀਂ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਕੌਮੀ ਰਾਜਦੂਤ ਅਤੇ ਉੱਘੇ ਫਿਲਮ ਅਦਾਕਾਰ ਆਯੂਸ਼ਮਾਨ ਖੁਰਾਣਾ ਵੱਲੋਂ ਇਹ ਐਵਾਰਡ ਦਿੱਤਾ ਗਿਆ । ਭਾਰਤ ਦੇ ਕਈ ਸੂਬਿਆਂ ਤੋਂ ਰੇਡੀਓ ਪ੍ਰਤੀਭਾਗੀਆਂ ਨੇ ਇਸ ਐਵਾਰਡ ਲਈ ਆਪੋ-ਆਪਣੀਆਂ ਐਂਟਰੀਆਂ ਨਾਲ ਬਿਨੈ ਕੀਤਾ ਸੀ । ਆਕਾਸ਼ਵਾਣੀ, ਜਲੰਧਰ ਹਮੇਸ਼ਾ ਹੀ ਆਪਣੇ ਪ੍ਰੋਗਰਾਮਾਂ ਰਾਹੀਂ ਲੋਕ ਹਿੱਤਾਂ ਦੀ ਸੇਵਾ ਕਰ ਰਿਹਾ ਹੈ । ਪ੍ਰਤਿਸ਼ਠਾ ਜੈਨ ਦਾ ਕਹਿਣਾ ਹੈ ਕਿ ਇਹ ਜਿੱਤ ਆਕਾਸ਼ਵਾਣੀ ਜਲੰਧਰ ਦੇ ਸਾਰੇ ਮੈਂਬਰਾਂ ਦੀ ਹੈ। ਯੂਨੀਸੈਫ ਇੰਡੀਆ ਰੇਡੀਓ ਫਾਰ ਚਾਈਲਡ ਐਵਾਰਡ ਦੇ 5ਵੇਂ ਐਡੀਸ਼ਨ ਵਿਚ ਨਿਯਮਤ ਟੀਕਾਕਰਨ, ਜਲਵਾਯੂ ਤਬਦੀਲੀ, ਬਾਲ ਸੁਰੱਖਿਆ ਜਿਹੇ ਮੁੱਦਿਆਂ 'ਤੇ ਜਾਗਰੂਕਤਾ ਪੈਦਾ ਕਰਨ ਵਿੱਚ ਬੇਮਿਸਾਲ ਕਾਰਜ ਲਈ ਦੇਸ਼ ਭਰ ਦੇ 22 ਰੇਡੀਓ ਪੇਸ਼ੇਵਰਾਂ ਨੂੰ ਉਨ੍ਹਾਂ ਦੇ ਕੰਮ ਲਈ ਸਨਮਾਨਤ ਕੀਤਾ ਗਿਆ ਹੈ । ਇਸ ਸਾਲ ਦੇ ਅਵਾਰਡ ਤਹਿਤ, ਰੇਡੀਓ ਲਿੰਕ, ਸਪੌਟ, ਜਿੰਗਲ ਅਤੇ ਪਬਲਿਕ ਸਰਵਿਸ ਅਨਾਊਂਸਮੈਂਟ ਦੇ ਰੂਪ ਵਿਚ ਨਵੀਨਤਾਕਾਰੀ ਰੇਡੀਓ ਪ੍ਰੋਗਰਾਮ ਐਂਟਰੀਆਂ ਲਈ ਸੱਦਾ ਦਿੱਤਾ ਗਿਆ ਸੀ । ਪ੍ਰਤਿਸ਼ਠਾ ਜੈਨ ਨੂੰ ਜਲਵਾਯੂ ਪਰਿਵਰਤਨ ਦੇ ਵਿਸ਼ੇ ਦੇ ਤਹਿਤ "ਸਿੰਗਲ ਯੂਜ਼ ਪਲਾਸਟਿਕ" ਵਿਚ ਸਿਰਲੇਖ "ਪਲਾਸਟਿਕ ਤੋਂ ਦੂਰੀ-ਧਰਤੀ ਲਈ ਜ਼ਰੂਰੀ" ਵਾਸਤੇ ਸਨਮਾਨਤ ਕੀਤਾ ਗਿਆ ਹੈ। ਪ੍ਰਤਿਸ਼ਠਾ ਜੈਨ ਨੇ ਇਸ ਦਾ ਸਿਹਰਾ ਆਪਣੇ ਪ੍ਰੋਗਰਾਮ ਹੈੱਡ ਪਰਮਜੀਤ ਸਿੰਘ, ਪ੍ਰੋਗਰਾਮ ਅਫਸਰ ਸੋਹਣ ਕੁਮਾਰ ਅਤੇ ਟੀਮ ਪੂਨਮ ਰਾਣੀ, ਬੀਰੇਂਦਰ ਸਿੰਘ, ਪੰਕਜ ਤੇ ਅਵਤਾਰ ਸਿੰਘ ਢਿੱਲੋਂ ਨੂੰ ਦਿੱਤਾ ਹੈ।

# ਮਾਤਾ ਦਰਸ਼ਨ ਕੌਰ ਨਮਿਤ ਅੰਤਮ ਅਰਦਾਸ ਦੇ ਸ਼ਰਧਾਂਜਲੀ ਸਮਾਗਮ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਮਾਤਾ ਦਰਸ਼ਨ ਕੌਰ ਭਾਵੇਂ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ ਹਨ ਪਰ ਉਨ੍ਹਾਂ ਦੀ ਮਮਤਾ ਅਤੇ ਮੋਹ ਦੀ ਗੂੜ੍ਹੀ ਛਾਂ ਮਾਨਣ ਵਾਲਿਆਂ ਦੇ ਚੇਤਿਆਂ ਵਿੱਚ ਉਹ ਸਦਾ ਵੱਸਦੀ ਰਹੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਤਾ ਦਰਸ਼ਨ ਕੌਰ ਨਮਿੱਤ ਅੰਤਿਮ ਅਰਦਾਸ ਦੇ ਸ਼ਰਧਾਂਜਲੀ ਸਮਾਗਮ ਸਮਾਰੋਹ ਮੌਕੇ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸੱਜਣ ਸਿੰਘ ਚੀਮਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਬੀਬੀ ਦਰਸ਼ਨ ਕੌਰ ਕਿਰਤ ਕਰਨ ਅਤੇ ਨਾਮ ਸਿਮਰਨ ਨੂੰ ਅਹਿਮੀਅਤ ਦੇਣ ਵਾਲੇ ਸਨ। ਇਸ ਮੌਕੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸਮਾਜਿਕ, ਧਾਰਮਿਕ ਅਤੇ ਇਲਾਕਾ ਨਿਵਾਸੀਆਂ ਵੱਲੋਂ ਸਵ. ਮਾਤਾ ਦਰਸਨ ਕੌਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਪੁੱਤਰ ਰੀਡਰ ਰਣਜੀਤ ਸਿੰਘ ਸੈਣੀ, ਜਗਜੀਤ ਸਿੰਘ, ਸਰਬਜੀਤ ਸਿੰਘ, ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਸੱਜਣ ਸਿੰਘ ਚੀਮਾ ਤੋਂ ਇਲਾਵਾ, ਪੀ ਏ ਲਵਪ੍ਰੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਅਬਜ਼ਰਵਰ ਸੁਰਜੀਤ ਸਿੰਘ ਢਿੱਲੋਂ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਗੁਰਜੰਟ ਸਿੰਘ ਸੰਧੂ, ਐਸ ਜੀ ਪੀ ਸੀ ਦੇ ਸੇਵਾ ਮੁਕਤ ਸਕੱਤਰ ਮਹਿੰਦਰ ਸਿੰਘ ਆਹਲੀ, ਡੀ ਸੀ ਦਫਤਰ ਕਰਮਚਾਰੀ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਚੀਮਾ, ਰੀਡਰ ਟੂ ਐਸ ਡੀ ਐਮ ਕਪੂਰਥਲਾ ਕੁਲਜੀਤ ਸਿੰਘ, ਏ ਡੀ ਸੀ ਦਫਤਰ ਕਪੂਰਥਲਾ ਦਵਿੰਦਰਪਾਲ ਸਿੰਘ, ਬਲਦੇਵ ਰਾਜ ਵਧਵਾ, ਕਰਨੈਲ ਸਿੰਘ ਮੰਡ, ਸਾਬਕਾ ਕੌਂਸਲਰ ਗੁਰਨਾਮ ਸਿੰਘ, ਸ਼ਮਿੰਦਰ ਸਿੰਘ ਸੰਧੂ, ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਵਿਕਾਸਦੀਪ ਸਿੰਘ ਨੰਡਾ, ਸਾਬਕਾ ਪ੍ਰਧਾਨ ਸਤਨਾਮ ਸਿੰਘ ਮੋਮੀ, ਐਡਵੋਕੇਟ ਭਪਿੰਦਰ ਸਿੰਘ, ਅਰਸ਼ਦੀਪ ਸਿੰਘ ਬ੍ਰਿਟਿਸ਼ ਵਿਕਟੋਰੀਆ ਸਕੂਲ, ਐਡਵੋਕੇਟ ਗੁਰਮੀਤ ਸਿੰਘ ਢਿੱਲੋਂ, ਐਡਵੋਕੇਟ ਪਰਮਿੰਦਰ ਸਿੰਘ ਨੰਡਾ, ਸਰਪੰਚ ਅਮਰਜੀਤ ਸਿੰਘ ਹੀਰਾ ਕਬੀਰਪੁਰ, ਸਰਪੰਚ ਭੁਪਿੰਦਰ ਸਿੰਘ ਬੂਲੇ, ਫਰੈਂਡਸ ਵੈਲਫੇਅਰ ਕਲੱਬ ਦੇ ਪ੍ਰਧਾਨ ਰਾਜੇਸ਼ ਕੁਮਾਰ ਰਾਜੂ, ਜਗਤਾਰ ਸਿੰਘ ਗੋਰਾਇਆ, ਗੁਰਵਿੰਦਰ ਸਿੰਘ ਵਿਰਕ, ਕਿਸਾਨ ਆਗੂ ਕੁਲਦੀਪ ਸਿੰਘ ਸਾਂਗਰਾ, ਜਤਿੰਦਰ ਸਿੰਘ ਬਿੱਲੂ, ਮੰਗਲ ਸਿੰਘ ਭੱਟੀ ਵਾਈਸ ਚੇਅਰਮੈਨ ਬਲਾਕ ਸੰਮਤੀ, ਕਰਮਜੀਤ ਸਿੰਘ ਕੌੜਾ ਆਪ ਆਗੂ, ਜਰਨੈਲ ਸਿੰਘ ਬਲ੍ਹ ਸਟੋਨ, ਨੰਬਰਦਾਰ ਸੁਰਿੰਦਰਪਾਲ ਸਿੰਘ ਹੈਬਤਪੁਰ, ਸੁਖਪਾਲ ਸਿੰਘ ਹੁੰਦਲ, ਲਖਵਿੰਦਰ ਸਿੰਘ ਮਾਹਲ,ਸੁਖਦੇਵ ਸਿੰਘ ਜੋਸਨ , ਹਰਪ੍ਰੀਤ ਸਿੰਘ ਸੰਧੂ, ਗੁਰਦੀਪ ਸਿੰਘ ਸਹੀਦ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਸੰਗਤਾਂ ਹਾਜ਼ਰ ਸਨ।

# ਬਸਪਾ ਦੇ ਸੰਭਾਵੀ ਉਮੀਦਵਾਰ ਵਜੋਂ ਗੁਰਲਾਲ ਸੈਲਾ ਦਾ ਨਾਂਅ ਵੀ ਸਾਹਮਣੇ ਆਇਆ



**ਹੁਸ਼ਿਆਰਪੁਰ (ਓ ਪੀ ਰਾਣਾ)**- ਲੋਕ ਸਭਾ ਚੋਣਾਂ ਲਈ ਮਾਰਚ ਮਹੀਨੇ ਐਲਾਨ ਹੋਣ ਦੀ ਸੰਭਾਵਨਾ 'ਤੇ ਹੈ ਪਰ ਕਿਸੇ ਵੀ ਰਾਜਨੀਤਕ ਪਾਰਟੀ ਨੇ ਆਪਣੀ ਸਰਗਰਮੀ ਤੇਜ਼ ਨਹੀਂ ਕੀਤੀ ਅਤੇ ਨਾ ਹੀ ਕੋਈ ਸੰਭਾਵੀ ਉਮੀਦਵਾਰ ਬਣ ਕੇ ਸਾਹਮਣੇ ਆ ਰਿਹਾ ਹੈ। ਭਾਵੇਂ ਕਿ ਪਾਰਟੀਆਂ ਨੇ ਅੰਦਰੋਂ ਅੰਦਰ ਉਮੀਦਵਾਰਾਂ ਦੀ ਭਾਲ ਸ਼ੁਰੂ ਕੀਤੀ ਹੋਈ ਹੈ। ਲੋਕ ਸਭਾ ਹੁਸ਼ਿਆਰਪੁਰ ਜਿਥੇ ਭਾਜਪਾ ਦੇ ਰਿਟਾ. ਆਈ ਏ ਐਸ ਅਧਿਕਾਰੀ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਮੌਜੂਦਾ ਮੈਂਬਰ ਪਾਰਲੀਮੈਂਟ ਹਨ। ਇਸ ਵਾਰ ਲੋਕ ਸਭਾ ਚੋਣਾਂ ਵਿਚ ਜੇਕਰ ਆਪ ਤੇ ਕਾਂਗਰਸ ਦਾ ਚੋਣਾਂ ਲਈ ਪੰਜਾਬ ਅੰਦਰ ਗਠਜੋੜ ਹੋ ਜਾਂਦਾ ਹੈ ਤਾਂ ਮੁੱਖ ਮੁਕਾਬਲਾ ਆਪ-ਕਾਂਗਰਸ ਗੱਠਜੋੜ ਤੇ ਭਾਜਪਾ, ਅਕਾਲੀ ਦਲ ਤੇ ਬਸਪਾ ਦਰਮਿਆਨ ਹੋਣ ਦੀ ਸੰਭਾਵਨਾ ਹੈ। ਚੋਣਾਂ ਦੇ ਐਨ ਮੁਹਾਨੇ ਤੇ ਸ਼ੁਰੂ ਹੋਏ ਕਿਸਾਨੀ ਅੰਦੋਲਨ ਨੇ ਅਕਾਲੀ ਭਾਜਪਾ ਗੱਠਜੋੜ ਹੋਣ ਕਿਨਾਰੇ ਪਹੁੰਚੀ ਗੱਲਬਾਤ ਨੂੰ ਵਿਸ਼ਰਾਮ ਲਗਾ ਦਿੱਤਾ ਹੈ ਜੇਕਰ ਕਿਸਾਨੀ ਅੰਦੋਲਨ ਲੋਕ ਸਭਾ ਚੋਣਾਂ ਤੱਕ ਨਿਰੰਤਰ ਜਾਰੀ ਰਿਹਾ ਤਾਂ ਅਕਾਲੀ ਦਲ ਦੇ ਭਾਜਪਾ ਨਾਲ ਗੱਠਜੋੜ ਹੋਣ ਦੇ ਮੌਕੇ ਬਿਲਕੁਲ ਖਤਮ ਹੋ ਸਕਦੇ ਹਨ। ਬਹੁਜਨ ਸਮਾਜ ਪਾਰਟੀ ਪੰਜਾਬ ਦੀ ਇਕ ਵਿਸ਼ੇਸ਼ ਮੀਟਿੰਗ ਬੀਤੇ ਦਿਨੀਂ ਮੁੱਖ ਦਫਤਰ ਜਲੰਧਰ ਵਿਖੇ ਹੋਈ ਜਿਸ ਵਿਚ ਪੰਜਾਬ ਮਾਮਲਿਆਂ ਦੇ ਇੰਚਾਰਜ ਕੋਆਰਡੀਨੇਟਰ ਰਣਧੀਰ ਸਿੰਘ ਬੇਨੀਵਾਲ, ਵਿਪਲ ਕੁਮਾਰ ,ਅਜੀਤ ਸਿੰਘ ਭੈਣੀ ਤੋਂ ਇਲਾਵਾ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਪੰਜਾਬ ਦੇ ਵੱਖ ਵੱਖ ਹਲਕਿਆਂ, ਜ਼ਿਲ੍ਹਿਆਂ ਦੇ ਪ੍ਰਧਾਨ, ਸਕੱਤਰ ਤੇ ਹੋਰ ਆਗੂ ਹਾਜਰ ਹੋਏ। ਮੀਟਿੰਗ ਵਿਚ ਲੋਕ ਸਭਾ ਚੋਣਾਂ ਤੇ ਚਰਚਾ ਦਰਮਿਆਨ ਲੋਕ ਸਭਾ ਹੁਸ਼ਿਆਰਪੁਰ ਤੋਂ ਬਸਪਾ ਦੇ ਸੰਭਾਵੀ ਉਮੀਦਵਾਰਾਂ ਵਜੋਂ ਗੁਰਲਾਲ ਸੈਲਾ ਦਾ ਨਾਮ ਵੀ ਸਾਹਮਣੇ ਆਇਆ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਠੇਕੇਦਾਰ ਰਜਿੰਦਰ ਸਿੰਘ ਪਰਸੋਵਾਲ ਨੇ ਗੁਰਲਾਲ ਸੈਲਾ ਦਾ ਨਾਂ ਪ੍ਰਪੋਜ਼ ਕੀਤਾ ਜਿਸ ਦੀ ਗੁਰਨਾਮ ਚੌਧਰੀ ਨੇ ਤਾਈਦ ਕੀਤੀ ਅਤੇ ਵੱਖ ਵੱਖ ਹਲਕਿਆਂ ਚੱਬੇਵਾਲ, ਹੁਸ਼ਿਆਰਪੁਰ, ਸ਼ਾਮ ਚੌਰਾਸੀ, ਉੜਮੁੜ ਟਾਂਡਾ, ਦਸੂਹਾ, ਮੁਕੇਰੀਆਂ, ਸ੍ਰੀ ਹਰਗੋਬਿੰਦਪੁਰ, ਭੁਲੱਥ ਤੇ ਫਗਵਾੜਾ ਦੇ ਬਸਪਾ ਵਰਕਰਾਂ ਨੇ ਸਮਰਥਨ ਕੀਤਾ।

## ਸੁੰਦਰਤਾ ਦੀ ਰਾਖੀ ਦੇ ਕੁਦਰਤੀ ਤਰੀਕੇ 'ਤੇ ਭਾਸ਼ਣ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਥਾਨਕ ਪੀ ਟੀ ਐਮ ਆਰੀਆ ਕਾਲਜ, ਭੰਡਾਲ ਰੋਡ ਨੂਰਮਹਿਲ ਵਿਖੇ ਕੌਸਮੈਟਲੋਜੀ ਵਿਭਾਗ ਵਲੋਂ ਕਾਲਜ ਦੇ ਨਿਰਦੇਸ਼ਕ ਪ੍ਰੋ. ਆਰ ਕੇ ਜੈਨ ਦੀ ਅਗਵਾਈ ਹੇਠ ਸੁੰਦਰਤਾ ਦੀ ਕੁਦਰਤੀ ਤਰੀਕੇ ਨਾਲ ਸੰਭਾਲ ਵਿਸ਼ੇ 'ਤੇ ਭਾਸ਼ਣ ਕਰਵਾਇਆ ਗਿਆ। ਇਥੇ ਮੁੱਖ ਵਕਤਾ ਪ੍ਰੋ ਜਸਵਿੰਦਰ ਕੌਰ ਸਨ ਜੋ ਕਾਲਜ ਵਿੱਚ ਕਾਸਮੈਟੋਲੋਜੀ ਵਿਭਾਗ ਦੇ ਮੁਖੀ ਹਨ ਨੇ ਵਿਦਿਆਰਥੀਆਂ ਨੂੰ ਦੱਸਿਆ ਕਿਵੇਂ ਮਹਿਗੀਆਂ ਕਰੀਮਾਂ ਨਾਲੋਂ ਕੁਦਰਤੀ ਦੇਖਭਾਲ ਸਸਤੀ ਤੇ ਲੰਮੇ ਸਮੇਂ ਲਈ ਅਸਰਕਾਰਕ ਹੈ। ਇਸ ਪ੍ਰੋਗਰਾਮ ਦੇ ਮੁਖੀ ਪ੍ਰੋ. ਬਬੀਤਾ ਰਾਣੀ ਅਤੇ ਮੰਚ ਸੰਚਾਲਕ ਪ੍ਰੋ. ਕਮਲਜੀਤ ਕੌਰ ਸੀ। ਇਸ ਮੌਕੇ ਕਾਲਜ ਦੇ ਸਮੂਹ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ।

## ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਕੈਂਪ ਦਾ ਜਾਇਜ਼ਾ

**ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)**-ਸਰਕਾਰ ਤੁਹਾਡੇ ਦੁਆਰ ਮੁਹਿੰਮ ਤਹਿਤ ਪਿੰਡ ਢੱਡਾ ਤੇ ਲੜੋਆ ਵਿਖੇ ਲਗਾਏ ਗਏ ਕੈਂਪ ਦਾ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਜਾਇਜ਼ਾ ਲਿਆ ਗਿਆ। ਜਿਸ ਵਿਚ ਵੱਖ ਵੱਖ ਵਿਭਾਗਾਂ ਵਲੋਂ ਆਪਣੇ ਵਿਭਾਗ ਨਾਲ ਸਬੰਧਤ ਸੇਵਾਵਾਂ ਲੋਕਾਂ ਨੂੰ ਮੁੱਹਈਆ ਕਰਵਾਈਆਂ ਗਈਆਂ। ਇਸ ਮੌਕੇ ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਬਲਾਕ ਪ੍ਰਧਾਨ ਪਰਮਜੀਤ ਪੰਮਾ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਸਕੱਤਰ ਸਿੰਘ, ਸਤਨਾਮ ਸਿੰਘ ਟਾਡੀ, ਸਤਨਾਮ ਸਿੰਘ ਮਨਕੋਟੀਆ, ਭੁਪਿੰਦਰ ਸਿੰਘ, ਦੀਦਾਰ ਸਿੰਘ ਪਾਰਟੀ ਦੇ ਮੈਂਬਰ ਸਹਿਬਾਨ ਮੌਜੂਦ ਸਨ।

## ਸਾਂਝ ਕੇਂਦਰ ਨੂਰਮਹਿਲ 'ਚ ਚੈਰਿਟੀ ਸੈਮੀਨਾਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਾਂਝ ਕੇਂਦਰ ਨੂਰਮਹਿਲ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ। ਸੈਮੀਨਾਰ ਵਿੱਚ ਲੋੜਵੰਦ ਪਰਵਾਰਾਂ ਨੂੰ ਘਰ ਦੀ ਜ਼ਰੂਰਤ ਸਬੰਧੀ ਸੁੱਕਾ ਰਾਸ਼ਨ ਤਕਸੀਮ ਕੀਤਾ ਗਿਆ। ਇਸ ਮੌਕੇ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ , ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਮੁੱਖ ਅਫਸਰ ਥਾਣਾ ਨੂਰਮਹਿਲ ਵੱਲੋਂ ਜਾਣਕਾਰੀ ਦਿੱਤੀ ਗਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਨਸ਼ਿਆਂ ਤੋਂ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ। ਸੈਮੀਨਾਰ ਵਿੱਚ ਏ. ਐਸ ਆਈ ਪ੍ਰੇਮ ਚੰਦ, ਏ ਐਸ ਆਈ ਧਰਮਿੰਦਰ ਸਿੰਘ, ਏ ਐਸ ਆਈ ਵਿਜੇ ਕੁਮਾਰ ਹਾਜ਼ਰ ਸਨ।

## ਸ਼ੋਭਾ ਯਾਤਰਾ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕਰੇਗੀ ਸ਼ਿਵ ਸੈਨਾ : ਕਮਲ ਸਰੋਜ

**ਫਗਵਾੜਾ ( ਡਾ. ਰਮਨ)**- ਮਹਾਸ਼ਿਵਰਾਤਰੀ ਦੇ ਤਿਉਹਾਰ ਮੌਕੇ ਫਗਵਾੜਾ ਵਿੱਚ ਸਜਾਈ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਦਾ ਸ਼ਿਵ ਸੈਨਾ (ਯੂ ਬੀ ਟੀ) ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਜਾਵੇਗਾ। ਇਹ ਗੱਲ ਸ਼ਿਵ ਸੈਨਾ ਉਧਵ ਬਾਲ ਠਾਕਰੇ ਦੇ ਸੂਬਾ ਪ੍ਰੈੱਸ ਸਕੱਤਰ ਕਮਲ ਸਰੋਜ ਨੇ ਸ਼ਿਵ ਸੈਨਾ ਪੰਜਾਬ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਇੰਦਰਜੀਤ ਕਰਵਲ ਤੋਂ ਸ਼ੋਭਾ ਯਾਤਰਾ ਦਾ ਸੱਦਾ ਪੱਤਰ ਪ੍ਰਾਪਤ ਕਰਦੇ ਹੋਏ ਕਹੀ। ਉਨ੍ਹਾਂ ਸਥਾਨਕ ਪ੍ਰਸ਼ਾਸਨ ਤੋਂ ਵੀ ਜ਼ੋਰਦਾਰ ਮੰਗ ਕੀਤੀ ਕਿ ਮਹਾਸ਼ਿਵਰਾਤਰੀ ਦੇ ਤਿਉਹਾਰ ਦੀ ਮਹੱਤਤਾ ਦੇ ਮੱਦੇਨਜ਼ਰ ਮੀਟ ਅਤੇ ਸ਼ਰਾਬ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਜਾਣ। ਕਮਲ ਸਰੋਜ ਨੇ ਕਿਹਾ ਕਿ ਮਹਾਸ਼ਿਵਰਾਤਰੀ ਦਾ ਤਿਉਹਾਰ ਸਨਾਤਨ ਧਰਮ ਪ੍ਰੇਮੀਆਂ ਦਾ ਮੁੱਖ ਤਿਉਹਾਰ ਹੈ। ਇਸ ਲਈ ਸ਼ਿਵ ਸੈਨਾ ਪ੍ਰਸ਼ਾਸਨ ਨੂੰ ਅਪੀਲ ਕਰਦੀ ਹੈ ਕਿ ਮਹਾਸ਼ਿਵਰਾਤਰੀ ਦੇ ਤਿਉਹਾਰ ਵਾਲੇ ਦਿਨ ਅਤੇ ਮਹਾਸ਼ਿਵਰਾਤਰੀ ਸ਼ੋਭਾ ਯਾਤਰਾ ਦੇ ਰੂਟ 'ਤੇ ਮੀਟ ਅਤੇ ਸ਼ਰਾਬ ਦੀ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਲੁਧਿਆਣਾ ਵਿਖੇ ਹਿੰਦੂ ਧਰਮ ਦੀਆਂ ਸਤਿਕਾਰਤ ਮੂਰਤੀਆਂ ਦੀ ਬੇਅਦਬੀ ਦੀ ਘਟਨਾ ਦੀ ਨਿਖੇਧੀ ਕਰਦਿਆਂ ਪੁਲਸ ਪ੍ਰਸ਼ਾਸਨ ਤੋਂ ਮੰਦਰਾਂ ਦੀ ਸੁਰੱਖਿਆ ਲਈ ਸਖ਼ਤ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਤਿਉਹਾਰਾਂ ਦੌਰਾਨ ਮਾਹੌਲ ਖ਼ਰਾਬ ਕਰਨ ਵਾਲੀ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਵਿਨੋਦ ਗੁਪਤਾ, ਸ਼ਮਸ਼ੇਰ ਭਾਰਤੀ ਅਤੇ ਹੋਰ ਸ਼ਿਵ ਸੈਨਿਕ ਹਾਜ਼ਰ ਸਨ।

## ਰਿੰਕੂ ਤੇ ਪ੍ਰਿੰ. ਪ੍ਰੇਮ ਕੁਮਾਰ ਨੇ ਕਰੋੜਾਂ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਫਿਲੌਰ (ਨਿਰਮਲ)**- ਵਿਧਾਨ ਸਭਾ ਹਲਕਾ ਫਿਲੌਰ ਦੇ ਪਿੰਡਾਂ ਘੁੜਕਾ, ਰੁੜਕਾ, ਬੜਾ ਪਿੰਡ, ਨਗਰ ਵਿਖੇ 1 ਕਰੋੜ 57 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਅਤੇ ਦਾਣਾ ਮੰਡੀ ਫਿਲੌਰ ਵਿਖੇ 1 ਕਰੋੜ 12 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਮੰਡੀ ਦੇ ਨਵੀਨੀਕਰਨ ਦਾ ਨੀਂਹ ਪੱਥਰ ਲੋਕ ਸਭਾ ਹਲਕਾ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਸੁਸ਼ੀਲ ਕੁਮਾਰ ਰਿੰਕੂ, ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਅਤੇ ਵਾਇਸ ਚੇਅਰਮੈਨ ਸਿੱਖਿਆ ਵਿਭਾਗ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਰੱਖਿਆ। ਉਨ੍ਹਾਂ ਨਗਰ ਕੌਂਸਲ ਫਿਲੌਰ ਨੂੰ ਪਾਣੀ ਵਾਲੇ ਟੈਂਕਰ ਦਿੱਤੇ ਵੀ ਦਿੱਤੇ। ਉਨ੍ਹਾਂ ਵਾਈ ਐਫ ਆਈ ਰੁੜਕਾ ਵਿਖੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਕਲੱਬ ਦੀਆਂ ਉਪਲੱਬਧੀਆਂ ਅਤੇ ਸਮਾਜ ਭਲਾਈ ਦੇ ਕੰਮਾਂ ਬਾਰੇ ਸਮਾਜ ਸੇਵੀ ਸੋਨੀ ਰੁੜਕਾ ਪਾਸੋਂ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਰਿੰਕੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਚੋਣਾਂ ਸਮੇਂ ਕੀਤੇ ਇੱਕ ਇੱਕ ਵਾਅਦੇ ਨੂੰ ਪੂਰਾ ਕਰ ਰਹੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਟੀਵਨ ਕਲੇਰ, ਬਲਾਕ ਪ੍ਰਧਾਨ ਸੰਜੇ ਅਟਵਾਲ, ਬਲਾਕ ਪ੍ਰਧਾਨ ਸੋਢੀ ਰਾਮ ਘੁੜਕਾ, ਬੀ ਡੀ ਪੀ ਓ ਰਜਿੰਦਰ ਕੌਰ, ਅਜਵਿੰਦਰ ਸਿੰਘ ਗੁਰਾਇਆ, ਰੋਸ਼ਨ ਲਾਲ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਕਸ਼ਮੀਰ ਸਿੰਘ ਮੱਲ੍ਹੀ ਚੇਅਰਮੈਨ ਇੰਪਰੂਵਮੈਂਟ ਟਰੱਸਟ ਫਗਵਾੜਾ, ਡਾਕਟਰ ਰਾਕੇਸ਼ ਸ਼ਰਮਾ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਯਸਪਾਲ ਗਿੰਢਾ, ਹਰਕਮਲ ਸਿੰਘ ਬੇਗਮਪੁਰ, ਪਰਮਜੀਤ ਭਾਰਤੀ, ਕੌਂਸਲਰ ਸੰਕਰ ਸੰਧੂ, ਪ੍ਰਦੀਪ ਦੁੱਗਲ ਚੇਅਰਮੈਨ, ਗੁਲਸ਼ਨ ਕੁਮਾਰ ਅਰੂਜਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਗੁਰਦਿਆਲ ਸਿੰਘ ਬਿੱਲਾ ਸੰਗਰੂਦੀ, ਪਰਮਜੀਤ ਕੁਮਾਰ ਰਿਟਾਇਰਡ ਸੈਕਟਰੀ, ਰਜਿੰਦਰ ਸੰਧੂ ਬਲਾਕ ਪ੍ਰਧਾਨ, ਪਰਮਿੰਦਰ ਮਾਹਲ, ਸੁਖਦੀਪ ਅੱਪਰਾ, ਪ੍ਰਦੀਪ ਵਸੰਦਰਾਏ, ਰਵੀਕਾਂਤ ਗੁਪਤਾ, ਦੀਪਾ ਬਕਾਪੁਰ ਪੀ.ਏ ਅਤੇ ਹੋਰ ਹਾਜ਼ਰ ਸਨ।

## ਪੰਜਾਬੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਠੱਗਿਆ ਹੋਇਆ ਮਹਿਸੂਸ ਕਰ ਰਹੇ : ਬੀ ਟੀ ਐੱਫ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਤੇ ਕੌਮੀ ਪ੍ਰਧਾਨ ਧਰਮਪਾਲ ਸੱਭਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਜ਼ਦੀਕੀ ਪਿੰਡ ਮਾਨਾ ਵਿਖੇ ਇੱਕ ਮੀਟਿੰਗ ਫੋਰਸ ਦੇ ਮੀਡੀਆ ਇੰਚਾਰਜ ਚੰਦਰਪਾਲ ਹੈਪੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਦੁਆਬਾ ਪ੍ਰਧਾਨ ਨੇਕੂ ਅਜਨੋਹਾ, ਦੁਆਬਾ ਇੰਚਾਰਜ ਜੱਸਾ ਸਿੰਘ ਨੰਦਨ ਅਤੇ ਜ਼ਿਲਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ ਉਦੋਂ ਤੋਂ ਪੰਜਾਬ ਦੇ ਹਲਾਤ ਦਿਨੋ ਦਿਨ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਉਨ੍ਹਾ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਅਪਨਾ ਰਹੀ ਹੈ। ਪੰਜਾਬ ਦੇ ਵਿੱਤੀ ਹਾਲਾਤ ਦਿਨੋ ਦਿਨ ਖਰਾਬ ਹੋ ਰਹੇ ਹਨ, ਪੰਜਾਬ ਵਿੱਚ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ। ਠੱਗੀਆਂ ਮਾਰਨ ਵਾਲੇ ਲੋਕਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਪੰਜਾਬ ਦੇ ਲੋਕਾਂ ਦੀ ਗੱਲ ਕਰਨ ਵਾਲਿਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਨਾਂ 'ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਦਯੋਗਪਤੀ ਪੰਜਾਬ ਛੱਡ ਕੇ ਆਪਣਾ ਕਾਰੋਬਾਰ ਹੋਰਨਾਂ ਸੂਬਿਆਂ ਵਿੱਚ ਸ਼ਿਫਟ ਕਰ ਰਹੇ ਹਨ, ਗੈਗਸਟਰਾਂ ਵਲੋਂ ਲੋਕਾਂ ਤੋਂ ਸਰੇਆਮ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿੱਚ ਆਮ ਆਦਮੀ ਪਾਰਟੀ ਦੇ ਪ੍ਰਚਾਰ ਪ੍ਰਸਾਰ ਲਈ ਪੰਜਾਬ ਦੇ ਖਜ਼ਾਨੇ ਨੂੰ ਬਰਬਾਦ ਕੀਤਾ ਜਾ ਰਿਹਾ ਹੈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਚਰਨਜੀਤ ਡਾਡਾ, ਸਤੀਸ਼ ਕੁਮਾਰ ਸ਼ੇਰਗੜ੍ਹ, ਰਵੀ ਸੁੰਦਰ ਨਗਰ, ਬਾਲੀ ਫਤਿਹਗੜ੍ਹ, ਰਵੀ ਹਰਖੋਵਾਲ, ਅਫਤਾਬ ਡਵਿਡਾ, ਪ੍ਰਿੰਸ ਕਮਾਲਪੁਰ, ਸੁਖਵਿੰਦਰ, ਬੂਟੀ ਰਾਮ, ਆਦਿ ਹਾਜ਼ਰ ਸਨ ।

# ਸ਼ਮਸ਼ਾਨਘਾਟ ਨੂੰ ਦਿੱਤੀ 2 ਲੱਖ ਰੁਪਏ ਦੀ ਗਰਾਂਟ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** -ਪਿਛਲੇ ਸਾਲ ਬਰਸਾਤ ਦੇ ਮੌਸਮ ਵਿੱਚ ਹੋਈ ਭਾਰੀ ਬਾਰਿਸ਼ ਦੇ ਕਾਰਨ ਜਿੱਥੇ ਬਲਾਚੌਰ ਵਿੱਚ ਹੜ੍ਹ ਵਰਗੀ ਸਥਿਤੀ ਬਣੀ ਹੋਈ ਸੀ, ਇਸ ਸਥਿਤੀ ਨੇ ਬਲਾਚੌਰ ਸ਼ਹਿਰ ਵਿੱਚ ਕਈ ਤਰੀਕੇ ਦਾ ਨੁਕਸਾਨ ਕੀਤਾ ਸੀ। ਜਿਸ ਵਿੱਚ ਬਲਾਚੌਰ ਸ਼ਹਿਰ ਦੇ ਗਹੂਣ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਨੂੰ ਵੀ ਬਰਸਾਤ ਦੇ ਪਾਣੀ ਨੇ ਆਪਣੀ ਲਪੇਟ ਵਿੱਚ ਲੈ ਲਿਆ ਸੀ। ਦਿਨ ਰਾਤ ਮੀਂਹ ਪੈਣ ਕਾਰਨ ਜਿੱਥੇ ਸ਼ਮਸ਼ਾਨਘਾਟ ਦੀ ਚਾਰਦੀਵਾਰੀ ਗਿਰ ਗਈ ਸੀ ਉੱਥੇ ਸ਼ਮਸ਼ਾਨਘਾਟ ਵਿੱਚ ਬੈਠਣ ਲਈ ਮੌਜੂਦ ਸ਼ੈਡ ਵੀ ਗਿਰ ਗਏ ਸਨ। ਸ਼ਹਿਰ ਵਾਸੀਆਂ ਨੂੰ ਮ੍ਰਿਤਕਾਂ ਦੇ ਸੰਸਕਾਰ ਕਰਨ ਵੇਲੇ ਇੱਥੇ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਨ੍ਹਾਂ ਮੁਸ਼ਕਲਾਂ ਨੂੰ ਦੇਖਦੇ ਹੋਏ ਸ਼ਹਿਰ ਦੇ ਕੁਛ ਲੋਕਾਂ ਵੱਲੋਂ ਸ਼ਮਸ਼ਾਨਘਾਟ ਦੀ ਚਾਰਦੀਵਾਰੀ ਨੂੰ ਬਣਾਉਣ ਲਈ ਕਦਮ ਚੁੱਕਿਆ। ਇਸ ਪਹਿਲ ਕਦਮੀ ਵਿੱਚ ਆਮ ਆਦਮੀ ਪਾਰਟੀ ਦੇ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਗਹੂੰਣ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਲਈ 2 ਲੱਖ 3 ਹਜ਼ਾਰ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ। ਇਸ ਮੌਕੇ ਸਤਨਾਮ ਜਲਾਲਪੁਰ ਨੇ ਹਲਕਾ ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਨੂੰ ਐਮ ਐਲ ਏ ਕੋਟੇ ਚੋਂ ਗ੍ਰਾਂਟ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਐਮ ਐਲ ਏ ਸੰਤੋਸ਼ ਕਟਾਰੀਆ, ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਪ੍ਰਵੀਨ ਪੁਰੀ, ਬਿੱਟਾ ਰਾਣਾ, ਰਾਮ ਪਾਲ ਮਹੈਸੀ, ਸੇਵਾ ਮੁਕਤ ਏ ਐਸ ਆਈ ਬਲਦੇਵ ਰਾਜ, ਰਕੇਸ਼ ਜੈਨ (ਇਲੀ ਜੈਨ), ਬੱਬੂ ਐਮ ਸੀ ਅਤੇ ਹੋਰ ਬਹੁਤ ਸਾਰੇ ਸਤਿਕਾਰ ਯੋਗ ਸ਼ਹਿਰ ਵਾਸੀ ਮੌਜੂਦ ਸਨ।

## ਭਗਵਾਨ ਵਰੁਣ ਦੇਵ ਮੰਦਰ 'ਚ ਸਲਾਨਾ ਮੇਲਾ ਤੇ ਭੰਡਾਰਾ ਅੱਜ

**ਫਗਵਾੜਾ ( ਜਸਵਿੰਦਰ ਢੱਡਾ)**- ਆਲ ਇੰਡੀਆ ਕਸ਼ਯਪ ਰਾਜਪੂਤ ਬਾਬਾ ਹਿੰਮਤ ਸਿੰਘ ਐਜੂਕੇਸ਼ਨ ਬੋਰਡ (ਰਜਿ.) ਅਤੇ ਬਾਬਾ ਹਿੰਮਤ ਸਿੰਘ ਚੈਰੀਟੇਬਲ ਟੈਕਨੀਕਲ ਇੰਸਟੀਚਿਊਟ ਫਗਵਾੜਾ ਵਲੋਂ ਭਗਵਾਨ ਸ੍ਰੀ ਵਰੁਣ ਦੇਵ (ਖਵਾਜਾ ਜੀ) ਦਾ 29ਵਾਂ ਸਲਾਨਾ ਮੇਲਾ ਅਤੇ ਭੰਡਾਰਾ 3 ਮਾਰਚ ਨੂੰ ਮੰਦਰ ਭਗਵਾਨ ਵਰੁਣ ਦੇਵ ਦਸ਼ਮੇਸ਼ ਨਗਰ ਜੀ ਟੀ ਰੋਡ ਫਗਵਾੜਾ ਵਿਖੇ ਕਸ਼ਯਪ ਰਾਜਪੂਤ ਯੂਥ ਵਿੰਗ ਖਵਾਜਾ ਮੰਦਰ ਫਗਵਾੜਾ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਧਾਨ ਗੁਰਦਿਆਲ ਸਿੰਘ ਜੋਨੀ, ਜਨਰਲ ਸਕੱਤਰ ਅਮਰਜੀਤ ਟਾਂਡਾ ਅਤੇ ਖਜ਼ਾਨਚੀ ਅੰਮ੍ਰਿਤਪਾਲ ਸਿੰਘ ਲਾਲੀ ਨੇ ਦੱਸਿਆ ਕਿ ਮੇਲੇ ਦੌਰਾਨ ਸਵੇਰੇ ਝੰਡੇ ਅਤੇ ਹਵਨ ਦੀ ਰਸਮ ਉਪਰੰਤ ਪ੍ਰਸਿੱਧ ਗਾਇਕ ਘੁੱਲਾ ਸਰਹਾਲੇ ਵਾਲਾ, ਕੇ. ਕੁਲਦੀਪ, ਜਤਿੰਦਰ ਪਿੰਕੀ, ਰਮੇਸ਼ ਚੌਹਾਨ, ਰੇਖਾ ਚੌਹਾਨ ਤੇ ਸ਼ਿਵ ਮਹਿਰਾ ਆਪਣੀ ਹਾਜ਼ਰੀ ਲਗਵਾਉਣਗੇ। ਇਸ ਮੌਕੇ ਚੇਅਰਮੈਨ ਘੁੱਲਾ ਸਰਹਾਲੇ ਵਾਲਾ, ਸਰਪ੍ਰਸਤ ਸ਼ਿਵ ਕੁਮਾਰ ਰੈਲੋਵਾਲ, ਪਿਆਰਾ ਸਿੰਘ ਮੋਰਾਂਵਾਲੀ, ਸੁਖਦੇਵ ਕੋਮਲ, ਬਲਵੀਰ ਟਾਂਡਾ, ਬਲਬੀਰ ਸਿੰਘ ਗੰਢਵਾਂ, ਅਮਰਿੰਦਰ ਬਬਲੂ ਨਾਗਲਾ, ਬਲਵੀਰ ਸਿੰਘ ਬਡਾਲਾ, ਤਿਲਕ ਸਿੰਘ ਦੁਸਾਂਝ, ਅਮਰਜੀਤ ਟਾਂਡਾ, ਅੰਮ੍ਰਿਤਪਾਲ ਸਿੰਘ ਚਾਚੋਕੀ, ਚੇਤਨ ਚਾਚੋਕੀ, ਰਾਣਾ ਚਾਚੋਕੀ, ਪੰਮਾ ਮਾਧੋਪੁਰ, ਪਰਮਜੀਤ ਮਨੋਤਾ, ਦਵਿੰਦਰ ਕੌਰ ਕਾਉਂਕੇ, ਸੋਢੀ ਵਿਰਕਾਂ, ਧਰਮਪਾਲ ਚਹੇੜੂ, ਡਾ. ਰੁਪਿੰਦਰ ਸਿੰਘ ਨੂਰਮਹਿਲ, ਸੁਰਜੀਤ ਸਿੰਘ ਵਿਰਕਾਂ, ਸਤਨਾਮ ਸਿੰਘ ਅਤੇ ਸੁਭਾਸ਼ ਚੰਦਰ ਆਦਿ ਹਾਜ਼ਰ ਸਨ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਾਨੀ ਸੱਜਣ ਵੱਲੋਂ ਬੱਸ ਭੇਟ




**ਮੁਹਾਲੀ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿੱਤ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਨਗਰ ਕੀਰਤਨ ਲਈ ਦਾਨੀ ਸੱਜਣ ਵੱਲੋਂ ਆਲੀਸ਼ਾਨ ਬੱਸ ਭੇਂਟ ਕੀਤੀ ਗਈ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਦਾਨੀ ਸਜੱਣ ਵਲੋਂ ਬੱਸ ਗੁਰਦੁਆਰਾ ਸਾਹਿਬ ਵਿਖੇ ਖੜੀ ਕਰਕੇ ਬੱਸ ਦੀਆਂ ਚਾਬੀਆਂ ਦਫ਼ਤਰ ਵਿਖੇ ਦਿੰਦੇ ਹੋਏ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਇਸ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੁੰਦਾ ਅਦਬ ਸਤਿਕਾਰ ਵੇਖ ਕੇ ਦਾਸ ਇਹ ਬੱਸ ਨਗਰ ਕੀਰਤਨ ਲਈ ਭੇਂਟ ਕਰਨਾ ਚਾਹੁੰਦਾ ਹੈ। ਦਾਨੀ ਸਜਣ ਵਲੋਂ ਬੱਸ ਤੇ ਲਗੱਣ ਵਾਲਾ ਸਾਰਾ ਸਮਾਨ ਲਗਵਾ ਕੇ ਦਿੱਤਾ ਗਿਆ ਹੈ। ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵੱਲੋਂ ਇਕੱਠੇ ਹੋ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ ਅਰਦਾਸੀਆ ਸਿੰਘ ਤੋਂ ਦਾਨੀ ਸੱਜਣ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਈ ਗਈ ।

ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸ਼ਹੀਦਾਂ ਦੇ ਇਸ ਅਸਥਾਨ ਦੀ ਸੰਗਤਾਂ ਵਿੱਚ ਬਹੁਤ ਮਾਨਤਾ ਹੈ । ਇਸ ਤੋਂ ਪਹਿਲਾਂ ਵੀ ਗੁਪਤ ਅਤੇ ਪ੍ਰਤੱਖ ਦਾਨੀ ਸੱਜਣਾਂ ਵੱਲੋਂ ਸਮੇਂ ਸਮੇਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਵਾਰਾ ਸਾਹਿਬ ਲਈ 2 ਏਅਰ ਕੰਡੀਸ਼ਨਡ ਬੱਸ, ਕਵਾਲਿਸ, ਸਕਾਰਪਿਓ, 3 ਮਾਰੂਤੀ ਈਕੋ, ਮਾਰੂਤੀ ਵਰਸਾ, ਮਹਿੰਦਰਾ ਮਰਾਜੋ, ਮਹਿੰਦਰਾ ਜਾਇਲੋ ਗੱਡੀਆਂ ਭੇਂਟ ਕੀਤੀਆਂ ਗਈਆਂ ਹਨ । ਕਾਰ ਸੇਵਾ ਵਾਸਤੇ ਗੱਡੀਆਂ ਟਾਟਾ 207, ਟਾਟਾ 709, 2 ਮਹਿੰਦਰਾ ਅਰਜਨ ਟਰੈਕਟਰ, 3 ਸਵਾਰਜ ਟਰੈਕਟਰ, 1 ਫੋਰਡ ਟਰੈਕਟਰ, ਮਹਿੰਦਰਾ ਪਿੱਕ ਅੱਪ, 2 ਮਹਿੰਦਰਾ ਕੈਂਪਰ, ਮਹਿੰਦਰਾ ਯੁਟੀਲਿਟੀ, ਮਹਿੰਦਰਾ ਮਿਨੀ ਟਰੱਕ 3200, ਟਾਟਾ ਐੱਲ ਪੀ. ਟਰੱਕ, ਅਸ਼ੋਕਾ ਲੇਲੈਂਡ ਟਰੱਕ ਅਤੇ ਬੇਅੰਤ ਮਾਇਆ, ਸੋਨਾ ਆਦਿਕ ਭੇਂਟ ਕੀਤਾ ਜਾ ਚੁੱਕਿਆ ਹੈ ।

# ਡਾ. ਜਗਰੂਪ ਸਿੰਘ ਨੇ ਪ੍ਰਿੰਸੀਪਲ ਵਜੋਂ 15 ਸਾਲ ਕੀਤੇ ਪੂਰੇ



**ਜਲੰਧਰ, (ਸ਼ੈਲੀ)**-ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਆਪਣੀ ਪ੍ਰਿੰਸੀਪਲਸ਼ਿਪ ਦੇ ਸਫਰ ਦੇ ਪੰਦਰਾਂ ਸਾਲ ਪੂਰੇ ਕਰ ਲਏ ਹਨ। ਉਨ੍ਹਾਂ ਨੇ 1 ਫਰਵਰੀ 2009 ਨੂੰ ਇਸ ਤਕਨੀਕੀ ਸੰਸਥਾਨ ਦੇ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ ਸੀ। ਇਨ੍ਹਾਂ 15 ਸਾਲਾਂ ਦੌਰਾਨ ਮੇਹਰਚੰਦ ਪੋਲੀਟੈਕਨਿਕ ਨੇ ਕਈ ਕੀਰਤੀਮਾਨ ਸਥਾਪਤ ਕੀਤੇ ਤੇ ਸਫਲਤਾ ਦੀ ਬੁਲੰਦੀਆਂ ਨੂੰ ਛੋਹਿਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਿਹਾ ਕਿ ਇਸ ਸਫ਼ਰ ਦੀ ਸਫਲਤਾ ਦਾ ਸਿਹਰਾ ਡੀ.ਏ.ਵੀ ਕਾਲਜ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ.ਪੂਨਮ ਸੂਰੀ, ਲੋਕਲ ਮੈਨੇਜਿੰਗ ਕਮੇਟੀ ਅਤੇ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਕਾਰਜ ਕਰਨ ਦੌਰਾਨ ਕਾਲਜ ਨੂੰ ਚਾਰ ਵਾਰੀ 2011, 2013, 2017 ਅਤੇ 2023 ਵਿੱਚ ਉੱਤਰ ਭਾਰਤ ਦੇ ਸਰਵੋਤਮ ਬਹੁਤਕਨੀਕੀ ਕਾਲਜ ਦਾ ਖਿਤਾਬ ਮਿਲਿਆ ਹੈ। ਇਸ ਦੌਰਾਨ ਕਾਲਜ ਨੂੰ ਮਾਨਵ ਸੰਸਾਥਨ ਮੰਤਰਾਲੇ ਵਲੋਂ ਕਮਿਊਨਿਟੀ ਕਾਲਜ ਦਾ ਰੁਤਬਾ ਮਿਲਿਆ ਤੇ ਇੱਕ ਕਰੋੜ ਤੋਂ ਵੀ ਵਧੇਰੇ ਦੀ ਗ੍ਰਾਂਟ ਜਾਰੀ ਹੋਈ। ਇਸ ਦੌਰਾਨ ਬ੍ਰਿਟਿਸ਼ ਕਾਊਂਸਲ ਵਲੋਂ ਮੇਹਰਚੰਦ ਬਹੁਤਕਨੀਕੀ ਕਾਲਜ ਦੀ ਯੂਕੇਰੀ ਪ੍ਰਾਜੈਕਟ ਅਧੀਨ ਵਿਸ਼ੇਸ਼ ਚੋਣ ਕੀਤੀ ਗਈ ਤੇ 31 ਲੱਖ ਦੀ ਗ੍ਰਾਂਟ ਜਾਰੀ ਹੋਈ। ਕਾਲਜ ਵਿੱਚ ਵਿਦਿਆਰਥੀਆਂ ਲਈ ਕਈ ਨਵੇਂ ਬਲਾਕ ਬਣਾਏ ਗਏ, ਸਮਾਰਟ ਰੂਮਜ਼ ਅਤੇ ਸਮਾਰਟ ਲੈਬਜ਼ ਸਥਾਪਤ ਕੀਤੇ ਗਏ ਅਤੇ 1000 ਵਿਦਿਆਰਥੀਆਂ ਦੀ ਸਮਰੱਥਾ ਵਾਲੇ ਮਹਾਤਮਾ ਆਨੰਦ ਸਵਾਮੀ ਆਡੀਟੋਰੀਅਮ ਦਾ ਨਿਰਮਾਣ ਕੀਤਾ ਗਿਆ। 2017 ਵਿੱਚ ਕਾਲਜ ਵਿੱਚ ਸਵੈਰੋਜ਼ਗਾਰ ਲਈ ਚਲਦੀ ਕੇਂਦਰ ਸਰਕਾਰ ਦੀ ਸੀ.ਡੀ.ਟੀ.ਪੀ ਸਕੀਮ ਨੂੰ ਨਿੱਟਰ ਚੰਡੀਗੜ੍ਹ ਵਲੋਂ ਉੱਤਰ ਭਾਰਤ ਦਾ ਪਹਿਲਾ ਪੁਰਸਕਾਰ ਦਿੱਤਾ ਗਿਆ। 2020 ਵਿੱਚ ਹੀ ਉੱਨਤ ਭਾਰਤ ਸਕੀਮ ਅਧੀਨ ਕਾਲਜ ਨੂੰ ਉਸ ਦੀ ਕਾਰਜਗੁਜ਼ਾਰੀ ਲਈ ਮਾਨਵ ਸੰਸਾਧਨ ਮੰਤਰਾਲੇ ਵਲੋਂ ਵਿਸ਼ੇਸ਼ ਐਵਾਰਡ ਦਿੱਤਾ ਗਿਆ। 2014 ਵਿੱਚ ਕਾਲਜ ਵਲੋਂ 60 ਸਾਲ ਪੂਰੇ ਹੋਣ ਤੇ ਡਾਇਮੰਡ ਜੁਬਲੀ ਮਨਾਈ ਗਈ ਤੇ ਇਸ ਸਾਲ 2024 ਵਿੱਚ 70 ਸਾਲ ਪੂਰੇ ਹੋਣ 'ਤੇ ਇਸ ਕਾਲਜ ਵਲੋਂ ਪਲੈਟੀਨਮ ਜੁਬਲੀ ਮਨਾਈ ਜਾ ਰਹੀ ਹੈ। ਡਾ. ਜਗਰੂਪ ਸਿੰਘ ਨੇ ਕਈ ਕਿਤਾਬਾਂ ਲਿਖੀਆਂ ਹਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਸਿਹਤ ਸੰਭਾਲ ਸਬੰਧੀ ਕਿਤਾਬ ਸੋਨਧਾਰਾ ਵੀ ਲਿਖੀ ਹੈ। ਜਿਸ ਨੂੰ ਗੋਲਡਨ ਬੁਕ ਐਵਾਰਡ ਵੀ ਮਿਲਿਆ ਹੈ। ਇਹ ਕਾਲਜ ਖੇਡਾਂ ਅਤੇ ਸਭਿਆਚਾਰਿਕ ਗਤੀਵਿਧੀਆਂ ਵਿੱਚ ਵੀ ਕਮਾਲ ਦਾ ਪ੍ਰਦਰਸ਼ਨ ਕਰ ਰਿਹਾ ਹੈ। ਕਾਲਜ ਵਿਦਿਆਰਥੀਆਂ ਨੇ ਇਨ੍ਹਾਂ 15 ਸਾਲਾਂ ਵਿੱਚ ਨੌਵੀਂ ਵਾਰ ਇੰਟਰ ਪੋਲੀਟੈਕਨਿਕ ਸਟੇਟ ਟੈਕ ਫੈਸਟ ਟਰਾਫੀ 'ਤੇ ਕਬਜ਼ਾ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਾਲਜ ਦੇ ਸਮੁੱਚੇ ਪ੍ਰੋਗਰਾਮ ਦੀ ਐਨ. ਬੀ. ਏ ਐਕਰੀਡੀਟੇਸ਼ਨ ਕਰਵਾਉਣ ਦਾ ਪ੍ਰਣ ਲਿਆ ਹੈ। ਸਾਰੇ ਵਿਭਾਗ ਮੁਖੀਆਂ ਤੇ ਸਟਾਫ ਮੈਬਰਾਂ ਨੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੂੰ ਪ੍ਰਿੰਸੀਪਲ ਦੇ ਤੌਰ 'ਤੇ 15 ਸਾਲ ਪੂਰੇ ਕਰਨ 'ਤੇ ਵਧਾਈ ਦਿੱਤੀ ਅਤੇ ਗੁਲਦਸਤਾ ਭੇਟ ਕੀਤਾ।

## ਨਗਰ ਪੰਚਾਇਤ ਸ਼ਾਹਕੋਟ ਨੇ ਜੈਵਿਕ ਖਾਦ ਬਾਰੇ ਜਾਗਰੂਕ ਕੀਤਾ



**ਮਲਸੀਆਂ (ਰੀਨਾ ਸ਼ਰਮਾ) :** ਨਗਰ ਪੰਚਾਇਤ ਸ਼ਾਹਕੋਟ ਵੱਲੋਂ ਕਾਰਜ ਸਾਧਕ ਅਫਸਰ ਬਰਿਜ ਮੋਹਨ ਅਤੇ ਸੈਨੀਟੇਸ਼ਨ ਬਰਾਂਚ ਦੇ ਸਹਿਯੋਗ ਨਾਲ ਸਵੱਛ ਭਾਰਤ ਮਿਸ਼ਨ ਤਹਿਤ ਜੈਵਿਕ ਖਾਦ ਦਾ ਸਟਾਲ ਨਗਰ ਪੰਚਾਇਤ ਸ਼ਾਹਕੋਟ ਅਤੇ ਵਾਰਡ ਨੰਬਰ 10 ਵਿੱਚ ਲਗਾਇਆ ਗਿਆ। ਨਗਰ ਪੰਚਾਇਤ ਸ਼ਾਹਕੋਟ ਦੇ ਕਰਮਚਾਰੀਆਂ ਅਨੁਸਾਰ ਇਹ ਜੈਵਿਕ ਖਾਦ ਘਰਾਂ ਵਿੱਚੋਂ ਇਕੱਠੇ ਕੀਤੇ ਗਿੱਲੇ ਗਲਣਯੋਗ ਕੂੜੇ ਤੋਂ ਪਿੱਟ ਬਣਾ ਕੇ ਤਿਆਰ ਕੀਤੀ ਜਾਂਦੀ ਹੈ ਅਤੇ ਬਾਅਦ ਵਿੱਚ ਇਸ ਨੂੰ ਸੁਕਾ ਕੇ ਛਾਣ ਕੇ ਵਰਤਣ ਯੋਗ ਬਣਾਇਆ ਜਾਂਦਾ ਹੈ। ਨਗਰ ਪੰਚਾਇਤ ਸ਼ਾਹਕੋਟ ਵੱਲੋਂ ਇਹ ਰਸਾਇਣ ਮੁਕਤ ਜੈਵਿਕ ਖਾਦ ਦੀ ਸਟਾਲ ਦੋ ਜਗ੍ਹਾ ਲਗਾ ਕੇ ਕਰੀਬ 120 ਥੈਲੇ ਲੋਕਾਂ ਨੂੰ ਦਿੱਤੇ ਗਏ ਅਤੇ ਲੋਕਾਂ ਨੂੰ ਇਸ ਜੈਵਿਕ ਖਾਦ ਨੂੰ ਵਰਤਣ ਲਈ ਪ੍ਰੇਰਤ ਕੀਤਾ । ਨਗਰ ਪੰਚਾਇਤ ਦੇ ਕਰਮਚਾਰੀਆਂ ਅਨੁਸਾਰ ਇਹ ਜੈਵਿਕ ਖਾਦ ਬਿਲਕੁਲ ਰਸਾਇਣ ਮੁਕਤ ਹੁੰਦੀ ਹੈ ਅਤੇ ਅਸੀਂ ਇਸ ਨੂੰ ਆਪਣੇ ਘਰਾਂ ਦੇ ਗਮਲਿਆਂ, ਬਗੀਚੀਆਂ ਅਤੇ ਸਬਜ਼ੀਆਂ ਵਿੱਚ ਵਰਤ ਸਕਦੇ ਹਾਂ ਤੇ ਜ਼ਹਿਰ ਮੁਕਤ ਖੇਤੀ ਕਰ ਸਕਦੇ ਹਾਂ। ਇਸ ਮੌਕੇ ਨਗਰ ਪੰਚਾਇਤ ਸ਼ਾਹਕੋਟ ਦੇ ਸੈਨੇਟਰੀ ਇੰਸਪੈਕਟਰ ਦਿਨੇਸ਼ ਕੁਮਾਰ, ਕਲਰਕ ਮਨਦੀਪ ਸਿੰਘ ਕੱਟਲੀ, ਕਲਰਕ ਸੀਮਾ ਰਾਣੀ, ਸੀ.ਐਫ ਸੁਰਜੀਤ ਸਿੰਘ, ਮੋਟੀਵੇਟਰ ਗੌਰਵ ਕੁਮਾਰ, ਜਸਕਰਨ ਸਿੰਘ ਜੱਸੀ, ਵਿਨੇ ਸ਼ਰਮਾ, ਰਾਜਵਿੰਦਰ ਕੌਰ, ਪ੍ਰੀਤੀ ਨਾਹਰ, ਰੰਜਨਾ, ਪਵਨ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਇੰਸਟੀਚਿਊਟ ਹੋਟਲ ਮੈਨੇਜਮੈਂਟ ਵਿਖੇ ਹਿਮਾਚਲੀ ਧਾਮ



**ਜਲੰਧਰ ( ਇਕਬਾਲ ਸਿੰਘ ਉੱਭੀ)**- ਜਲੰਧਰ 01 ਮਾਰਚ : ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਹਿਮਾਚਲੀ ਧਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਗਰੁੱਪ ਚੇਅਰਪਰਸਨ ਸੰਗੀਤਾ ਚੋਪੜਾ ਸਨ। ਉਨ੍ਹਾਂ ਦਾ ਸਮੂਹ ਕਾਲਜ ਦੇ ਐਮ ਡੀ ਮਨਹਰ ਅਰੋੜਾ ਅਤੇ ਕਾਲਜ ਪ੍ਰਿੰਸੀਪਲ ਡਾ. ਸੰਦੀਪ ਲੋਹਾਨੀ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਭਾਰਤ ਦੇ ਹਰ ਸੂਬੇ ਦਾ ਆਪਣਾ ਰਵਾਇਤੀ ਸਵਾਦ ਹੈ। ਪੰਜਾਬ ਦੀ ਸਰਹੱਦ ਨਾਲ ਲੱਗਦੇ ਪਹਾੜੀ ਰਾਜ ਹਿਮਾਚਲ ਪ੍ਰਦੇਸ਼ ਦੇ ਖਾਣੇ ਦਾ ਸਵਾਦ ਵੀ ਜਾਦੂਈ ਹੈ। ਹਿਮਾਚਲ ਪ੍ਰਦੇਸ਼ ਦੇ ਰਵਾਇਤੀ ਭੋਜਨ ਨੂੰ ਹਿਮਾਚਲੀ ਧਾਮ ਕਿਹਾ ਜਾਂਦਾ ਹੈ। ਹਿਮਾਚਲ ਦੇ ਹਰ ਰਾਜ ਦਾ ਆਪਣਾ ਪਰੰਪਰਾਗਤ ਭੋਜਨ ਹੁੰਦਾ ਹੈ, ਇਸੇ ਕਰਕੇ ਹਿਮਾਚਲ ਵਿੱਚ ਕਈ ਤਰ੍ਹਾਂ ਦੇ ਧਾਮ ਆਯੋਜਿਤ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਕਾਂਗੜੀ ਧਾਮ, ਮੰਡੀ ਧਾਮ, ਚੰਬਾ ਧਾਮ, ਬਿਲਾਸਪੁਰ ਧਾਮ ਬਹੁਤ ਮਸ਼ਹੂਰ ਹਨ। ਅੱਜ ਰਵਾਇਤੀ ਭੋਜਨ ਨੂੰ ਉਤਸ਼ਾਹਿਤ ਕਰਦੇ ਹੋਏ ਬਿਲਾਸਪੁਰੀ ਧਾਮ ਸੇਂਟ ਸੋਲਜਰ ਹੋਟਲ ਮੈਨੇਜਮੈਂਟ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਿਲਾਸਪੁਰ ਰਿਆਸਤ ਦੇ ਮੁੱਖ ਪਕਵਾਨ ਤੇਲੀਆ ਦਾਲ, ਆਲੂ ਰਾਜਮਾ ਮਦਰਾ, ਸੇਪੂ ਮਾੜ੍ਹੀ, ਖੱਟੜਾ, ਪਾਲਦਾ, ਚਨੇ ਦੀ ਦਾਲ, ਮਾਂਹ ਦਾਲ ਅਤੇ ਕੱਦੂ ਦਾ ਮੀਠਾ ਤਿਆਰ ਸੀ। ਕਾਲਜ ਦੇ ਐਚ.ਓ. ਡੀ ਅਤੇ ਐਕਟੀਵਿਟੀ ਕੋਆਰਡੀਨੇਟਰ ਕੀਰਤੀ ਸ਼ਰਮਾ ਨੇ ਮਹਿਮਾਨਾਂ ਨੂੰ ਧਾਮ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਕੀਤੀ ਅਤੇ ਹਿਮਾਚਲੀ ਧਾਮ ਦੇ ਵੱਖ-ਵੱਖ ਪਕਵਾਨਾਂ ਬਾਰੇ ਦੱਸਿਆ। ਇਸ ਧਾਮ ਦਾ ਆਯੋਜਨ ਸ਼ੈੱਫ ਅਖਿਲ ਠਾਕੁਰ ਅਤੇ ਸ਼ੈੱਫ ਸੋਰਭ ਸ਼ਰਮਾ ਦੀ ਅਗਵਾਈ 'ਚ ਕੀਤਾ ਗਿਆ ਅਤੇ ਮਹਿਮਾਨਾਂ ਨੂੰ ਲੈਕਚਰਾਰ ਵਿਕਾਸ ਸ਼ਰਮਾ ਦੀ ਅਗਵਾਈ 'ਚ ਰਵਾਇਤੀ ਅੰਦਾਜ਼ 'ਚ ਲੰਗਰ ਵਰਤਾਇਆ ਗਿਆ। ਸੰਸਥਾ ਦੇ ਪ੍ਰਿੰਸੀਪਲ ਡਾ. ਸੰਦੀਪ ਲੋਹਾਨੀ ਨੇ ਸਾਰਿਆਂ ਨੂੰ ਧਾਮ ਦੀ ਤਿਆਰੀ ਅਤੇ ਇਸ ਨੂੰ ਵੰਡਣ ਦੇ ਤਰੀਕੇ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਭੋਜਨ ਰਾਹੀਂ ਸਮਾਜ ਨੂੰ ਕਿਵੇਂ ਇਕਜੁੱਟ ਰੱਖਿਆ ਜਾ ਸਕਦਾ ਹੈ। ਇਸ ਧਾਮ ਨੂੰ ਰਵਾਇਤੀ ਤਰੀਕੇ ਨਾਲ ਤੋਰ ਦੇ ਪੱਤਿਆਂ ਵਿੱਚ ਵੰਡਿਆ ਗਿਆ ਤਾਂ ਜੋ ਇਸ ਦਾ ਸਵਾਦ ਹੋਰ ਵੀ ਵਧੀਆ ਬਣਿਆ ਰਹੇ। ਇਸ ਮੌਕੇ ਮੁੱਖ ਤੌਰ 'ਤੇ ਮਨੀਸ਼ ਗੁਪਤਾ, ਸ਼ੁਭਮ, ਰਮਨ, ਗਗਨ, ਰਵੀ, ਵਿਨੈ ਆਦਿ ਹਾਜ਼ਰ ਸਨ। ਗਰੁੱਪ ਦੀ ਚੇਅਰਪਰਸਨ ਸੰਗੀਤਾ ਚੋਪੜਾ ਨੇ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

3-MAR-PAGE-9.qxd 3/2/2024 11:28 PM Page 1



# ਬਜਟ 'ਚੋਂ ਹਿੱਸੇਦਾਰੀ ਲਈ ਮੰਤਰੀਆਂ ਦੇ ਘਰਾਂ ਅੱਗੇ ਗਰਜੇ ਮਜ਼ਦੂਰ




**ਚੰਡੀਗੜ੍ਹ (ਨਜ਼ਸ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਬਜਟ 'ਚ ਮਜ਼ਦੂਰ ਵਰਗ ਦੀ ਬੇਹਤਰੀ ਲਈ ਢੁੱਕਵੀਂ ਤੇ ਰਾਖਵੀਂ ਰਾਸ਼ੀ ਰੱਖਣ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਪੇਂਡੂ ਤੇ ਖੇਤ ਮਜ਼ਦੂਰਾਂ ਵੱਲੋਂ 13 ਜ਼ਿਲਿਆਂ 'ਚ ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਮੁਜ਼ਾਹਰੇ ਕਰਕੇ ਮੰਗ ਪੱਤਰ ਸੌਂਪੇ ਗਏ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਲਛਮਣ ਸਿੰਘ ਸੇਵੇਵਾਲਾ, ਕੁਲਵੰਤ ਸਿੰਘ ਸੇਲਬਰਾਹ, ਦਰਸ਼ਨ ਨਾਹਰ, ਦੇਵੀ ਕੁਮਾਰੀ, ਤਰਸੇਮ ਪੀਟਰ, ਰਾਮ ਸਿੰਘ ਨੂਰਪੁਰੀ, ਗੁਰਪ੍ਰੀਤ ਸਿੰਘ ਰੁੜੇਕੇ, ਮੁਕੇਸ਼ ਮਲੌਦ ਤੇ ਭਗਵੰਤ ਸਿੰਘ ਸਮਾਓ ਨੇ ਜਾਰੀ ਬਿਆਨ ਰਾਹੀਂ ਦੱਸਿਆ ਕਿ ਅੱਜ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਮੰਤਰੀ ਡਾ. ਬਲਜੀਤ ਕੌਰ, ਮੰਤਰੀ ਲਾਲਜੀਤ ਸਿੰਘ ਭੁੱਲਰ, ਮੰਤਰੀ ਮੀਤ ਹੇਅਰ, ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਮਾਲ ਮੰਤਰੀ ਬ੍ਰਹਮਸ਼ੰਕਰ ਜਿੰਪਾ ਤੋਂ ਇਲਾਵਾ ਵਿਧਾਇਕ ਜਗਰੂਪ ਸਿੰਘ ਬਠਿੰਡਾ, ਅਮਨਦੀਪ ਕੌਰ ਮੋਗਾ, ਸਾਬਕਾ ਮੰਤਰੀ ਵਿਜੇ ਸਿੰਗਲਾ, ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ, ਜ਼ੀਰਾ ਦੇ ਵਿਧਾਇਕ ਨਰੇਸ਼ ਕੁਮਾਰ, ਸ਼ਾਮਚੁਰਾਸੀ ਦੇ ਵਿਧਾਇਕ ਡਾਕਟਰ ਰਵਜੋਤ ਸਿੰਘ ਅਤੇ ਰਈਆ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਦੇ ਘਰਾਂ ਵੱਲ ਰੋਸ ਮਾਰਚ ਕੀਤੇ ਗਏ। ਵੱਖ-ਵੱਖ ਥਾਵਾਂ 'ਤੇ ਜੁੜੇ ਇਕੱਠਾਂ ਨੂੰ ਮਜ਼ਦੂਰ ਆਗੂ ਜੋਰਾ ਸਿੰਘ ਨਸਰਾਲੀ, ਲਖਵੀਰ ਸਿੰਘ ਲੌਂਗੋਵਾਲ, ਭਗਵੰਤ ਸਿੰਘ ਸਮਾਓ, ਬਿੱਕਰ ਸਿੰਘ ਹਥੋਆ, ਪ੍ਰੀਤਮ ਸਿੰਘ ਨਿਆਮਤਪੁਰ, ਕ੍ਰਿਸ਼ਨ ਚੌਹਾਨ, ਕਸ਼ਮੀਰ ਸਿੰਘ ਘੁੱਗਸ਼ੋਰ, ਗੋਬਿੰਦ ਸਿੰਘ ਛਾਜਲੀ, ਮੇਜਰ ਸਿੰਘ ਸੀਰਵਾਲੀ ਤੇ ਮਿੱਠੂ ਸਿੰਘ ਘੁੱਦਾ ਨੇ ਸੰਬੋਧਨ ਕਰਦਿਆਂ ਆਪ ਸਰਕਾਰ ਦੁਆਰਾ ਮਜ਼ਦੂਰ ਵਰਗ ਦੀ ਲਗਾਤਾਰ ਅਣਦੇਖੀ ਕਰਨ ਦੇ ਦੋਸ਼ ਲਾਏ। ਉਨ੍ਹਾਂ ਮਾਈਕਰੋਫਾਇਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨ, ਮਜ਼ਦੂਰ ਕਿਸਾਨ ਪੱਖੀ ਨਵੀਂ ਖੇਤੀ ਲਿਆਉਣ, ਸਰਕਾਰੀ ਖਰਚੇ 'ਤੇ ਸਿੱਖਿਆ ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਇਨ੍ਹਾਂ ਖਾਤਰ ਰਾਖਵੀਂ ਬਜਟ ਰਾਸ਼ੀ ਰੱਖਣ ਆਦਿ ਮੰਗਾਂ ਉੱਪਰ ਜ਼ੋਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਪੱਕੇ ਰੁਜ਼ਗਾਰ ਦੀ ਗਰੰਟੀ, ਮਨਰੇਗਾ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ, ਪੈਨਸ਼ਨ ਪੰਜ ਹਜ਼ਾਰ ਰੁਪਏ ਮਹੀਨਾ ਕਰਨ, ਚੋਣ ਗਰੰਟੀ ਮੁਤਾਬਕ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਅਤੇ ਜਨਤਕ ਵੰਡ ਪ੍ਰਣਾਲੀ ਤਹਿਤ ਸਸਤੇ ਰਾਸ਼ਨ ਦੀ ਸਪਲਾਈ ਯਕੀਨੀ ਬਣਾਉਣ ਆਦਿ ਮੰਗਾਂ ਦੀ ਪੂਰਤੀ ਲਈ ਬਜਟ ਰਾਸ਼ੀ ਰਾਖਵੀਂ ਰੱਖੀ ਜਾਵੇ। ਮਜ਼ਦੂਰ ਆਗੂਆਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕਰਜ਼ੇ, ਗਰੀਬੀ ਤੇ ਖੁਦਕੁਸ਼ੀਆਂ ਵਰਗੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਲਈ ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਕੇ ਵਾਧੂ ਜ਼ਮੀਨਾਂ ਦੀ ਵੰਡ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ ਅਤੇ ਡੰਮੀ ਬੋਲੀਆਂ ਰੋਕਣ ਦੇ ਢੁੱਕਵੇਂ ਕਦਮ ਚੁੱਕਣ ਦੀ ਮੰਗ ਵੀ ਕੀਤੀ। ਬੁਲਾਰਿਆਂ ਨੇ ਦਿੱਲੀ ਕੂਚ ਕਰ ਰਹੇ ਕਿਸਾਨਾਂ ਉੱਤੇ ਮੋਦੀ ਤੇ ਖੱਟਰ ਸਰਕਾਰ ਵੱਲੋਂ ਜ਼ੁਲਮ ਢਾਹੁਣ ਦੀ ਸਖ਼ਤ ਨਿਖੇਧੀ ਕਰਦਿਆਂ ਕਿਸਾਨਾਂ ਦਾ ਜਮਹੂਰੀ ਹੱਕ ਬਹਾਲ ਕਰਨ ਦੀ ਮੰਗ ਵੀ ਕੀਤੀ।

## ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਇੱਕ ਮੰਗ ਪੱਤਰ ਮੁੱਖ ਮੰਤਰੀ ਮਾਨ ਦੇ ਨਾਂਅ ਨੂੰ ਕੈਬਨਿਟ ਮੰਤਰੀ ਈਟੀਓ ਦੇ ਦਫਤਰ 'ਚ ਮੌਜੂਦ ਪੀਏ ਨੂੰ ਦਿੱਤਾ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਖੇਤ ਮਜ਼ਦੂਰ ਯੂਨੀਅਨ ਮਾਝਾ ਜ਼ੋਨ ਇੰਚਾਰਜ ਜਸਬੀਰ ਸਿੰਘ ਝਬਾਲ, ਗੁਰਦੀਪ ਸਿੰਘ ਬੁਤਾਲਾ, ਜਗੀਰ ਸਿੰਘ ਸਰਜਾ ਨੇ ਦੱਸਿਆ ਕਿ ਬਜਟ ਦੌਰਾਨ ਮਜ਼ਦੂਰ ਮਸਲਿਆਂ ਦੇ ਹੱਲ ਲਈ ਰਾਸ਼ੀ ਰਾਖਵੀਂ ਰੱਖਣ ਅਤੇ ਮਜ਼ਦੂਰ ਜਥੇਬੰਦੀਆਂ ਨੂੰ ਮੀਟਿੰਗ ਦੇਣ ਸਬੰਧੀ ਅਸੀਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮੰਗ ਕਰਦੇ ਹਾਂ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਖੇਤ ਮਜ਼ਦੂਰ ਸਭਾ ਪੰਜਾਬ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਇਲਾ ਦੇ ਆਗੂ ਅਤੇ ਖੇਤ ਮਜ਼ਦੂਰ ਯੂਨੀਅਨ ਮਾਝਾ ਜ਼ੋਨ ਇੰਚਾਰਜ ਜਸਬੀਰ ਸਿੰਘ ਝਬਾਲ, ਗੁਰਦੀਪ ਸਿੰਘ ਬੁਤਾਲਾ, ਜਗੀਰ ਸਿੰਘ ਸਰਜਾ ਆਦਿ ਬਹਾਜ਼ਰ ਸਨ।

## ਸ੍ਰੀ ਚੋਲਾ ਸਾਹਿਬ ਮੇਲੇ ਸਬੰਧੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ 'ਚ ਪ੍ਰਬੰਧ ਮੁਕੰਮਲ : ਤਲਵੰਡੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸਾਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੇਰਾ ਬਾਬਾ ਨਾਨਕ ਵੱਲੋਂ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦਿਆ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਲਜੀਤ ਸਿੰਘ ਤਲਵੰਡੀ ਰਾਮਾ ਮੈਨੇਜਰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਨੇ ਕਿਹਾ ਕਿ ਕਿ ਮੇਲੇ ਵਿਚ ਆਉਣ ਵਾਲੀਆਂ ਸੰਗਤਾਂ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਕਿਸੇ ਵੀ ਯਾਤਰੀ ਨੂੰ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 4 ਮਾਰਚ ਨੂੰ ਕਾਹਲਾਂ ਵਾਲੀ ਚੌਕ ਵਿਖੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪੈਦਲ ਸੰਗ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਮੇਲੇ ਵਿੱਚ ਦੂਰੋਂ ਨੇੜਿਓਂ ਆਉਣ ਵਾਲੀਆਂ ਸੰਗਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ ਅਤੇ ਸੰਗਤਾਂ ਲਈ ਅਲੱਗ ਅਲੱਗ ਸੇਵਾਦਾਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਦੀਵਾਨ ਹਾਲ ਵਿੱਚ 4 ਅਤੇ 5 ਮਾਰਚ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਹਜ਼ੂਰੀ ਰਾਗੀ ਗੁਰਦੁਆਰਾ ਸੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਵੱਖ-ਵੱਖ ਰਾਗੀ, ਢਾਡੀ ਤੇ ਕਵੀਸ਼ਰੀ ਜਥੇ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਕਿਹਾ ਕਿ ਮੇਲੇ ਵਿੱਚ ਗੁਰਦੁਆਰਾ ਸਾਹਿਬ ਵਿਖੇ ਸਫ਼ਾਈ ਪ੍ਰਬੰਧਾਂ ਦਾ ਖਾਸ ਧਿਆਨ ਰੱਖਿਆ ਜਾਵੇਗਾ। ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ 4 ਮਾਰਚ ਤੋਂ 6 ਮਾਰਚ ਸ਼ਾਮ ਤੱਕ ਮਹਾਨ ਖੂਨਦਾਨ ਕੈਂਪ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਲਗਾਇਆ ਜਾਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਮੇਲੇ ਦੌਰਾਨ ਸੰਗਤਾਂ ਲਈ ਫਰੀ ਧਾਰਮਿਕ ਪੁਸਤਕਾਂ ਦਾ ਸਟਾਲ ਵੀ ਲਗਾਇਆ ਜਾਵੇਗਾ । ਇਸ ਮੌਕੇ ਦਿਲਬਾਗ ਸਿੰਘ ਰਾਏਚੱਕ ਅਕਾਉਂਟੈਂਟ, ਅਮਰਜੀਤ ਸਿੰਘ ਗੋਰਾਇਆ ਰਿਕਾਰਡ ਕੀਪਰ, ਇਕਬਾਲ ਸਿੰਘ ਸਟੋਰ ਕੀਪਰ, ਅੰਮ੍ਰਿਤਪਾਲ ਸਿੰਘ ਮੁਆਮ, ਜਗਦੀਪ ਸਿੰਘ ਖਜਾਨਚੀ, ਮਨਪ੍ਰੀਤ ਸਿੰਘ ਦਾਦੂਜੋਧ, ਪ੍ਰਗਟ ਸਿੰਘ ਕਲਰਕ, ਸੁਖਵਿੰਦਰ ਸਿੰਘ ਦਾਦੂਜੋਧ, ਮਨਜਿੰਦਰ ਸਿੰਘ ਜਵੰਦਾ, ਮੇਜਰ ਸਿੰਘ, ਮਲਕੀਤ ਸਿੰਘ ਰਾਜੇਕੇ, ਹਰਜਿੰਦਰ ਸਿੰਘ ਲਾਲੇਨੰਗਲ ਆਦਿ ਹਾਜ਼ਰ ਸਨ।

## ਆਨਲਾਈਨ ਅਸ਼ਟਾਮ ਖਰੀਦਣ ਦਾ ਕਾਨੂੰਨ ਬੰਦ ਹੋਵੇ : ਐਡ. ਅਗਨੀਹੋਤਰੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਨੇ ਕੁਝ ਸਮੇਂ ਤੋਂ ਅਸ਼ਟਾਮ ਚਾਹੇ ਉਹ ਕਿੰਨੀ ਵੀ ਕੀਮਤ ਦਾ ਹੋਵੇ, ਖਰੀਦਣ ਵਾਸਤੇ ਆਨਲਾਈਨ ਦਾ ਕਾਨੂੰਨ ਬਣਾਇਆ ਹੈ। ਇਸ ਕਾਨੂੰਨ ਤਹਿਤ ਕੰਟੈਕਟ ਦਿੱਤਾ ਜਾਂਦਾ ਹੈ। ਉਹ ਵੱਖ-ਵੱਖ ਨਗਰਾਂ ਵਿੱਚ ਆਪਣੇ ਏਜੰਟ ਬਣਾ ਕੇ ਉਨ੍ਹਾਂ ਨੂੰ ਪਾਵਰ ਦਿੱਤੀ ਜਾਂਦੀ ਹੈ ਕਿ ਉਹ ਹੀ ਅਸ਼ਟਾਮ ਕੱਢ ਸਕਣ। ਇਸ ਦੀ ਕਮਿਸ਼ਨ ਸਿਰਫ 2 ਪ੍ਰਤੀਸ਼ਤ ਹੈ। ਇਸ ਨਾਲ ਲੋਕਾਂ ਨੂੰ ਬੜੀ ਮੁਸ਼ਕਿਲ ਪੇਸ਼ ਆਉਦੀ ਹੈ, ਕਿਉਂਕਿ ਜਨਤਾ ਨੂੰ ਵੱਖ-ਵੱਖ ਵਿਭਾਗਾਂ, ਕੋਰਟ-ਕਚਹਿਰੀਆ ਵਿੱਚ ਐਫੀਡੇਵਟ ਦੇਣੇ ਹੁੰਦੇ ਹਨ। ਜਨਤਾ ਦੀ ਮੰਗ ਹੈ ਕਿ ਉਹ ਪੁਰਾਣਾ ਸਿਸਟਮ, ਜੋ ਖਜ਼ਾਨੇ ਵਿੱਚ ਪੈਸੇ ਜਮ੍ਹਾ ਕਰਵਾ ਕੇ ਅਸ਼ਟਾਮ ਮਿਲਦੇ ਸਨ, ਉਹ ਸਿਸਟਮ ਸ਼ੁਰੂ ਕੀਤਾ ਜਾਵੇ ਅਤੇ ਆਨਲਾਈਨ ਅਸ਼ਟਾਮ ਖਰੀਦਣ ਦਾ ਕਾਨੂੰਨ ਬੰਦ ਹੋਵੇ ਤਾਂ ਜੋ ਕੋਈ ਮੁਸ਼ਕਿਲ ਨਾ ਆਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਹਿਰ ਦੇ ਸੀਨੀਅਰ ਵਕੀਲ ਆਦੇਸ਼ ਅਗਨੀਹੋਤਰੀ ਨੇ ਕੀਤਾ। ਐਡਵੋਕੇਟ ਅਗਨੀਹੋਤਰੀ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਅਸ਼ਟਾਮ ਦੀ ਕਮਿਸ਼ਨ ਵੀ 10 ਪ੍ਰਤੀਸ਼ਤ ਕੀਤੀ ਜਾਵੇ। ਨਾਲ ਹੀ ਪੁਰਾਣੇ ਅਸ਼ਟਾਮ ਦਾ ਸਿਸਟਮ ਵੀ ਨਾਲ-ਨਾਲ ਸ਼ੁਰੂ ਕੀਤਾ ਜਾਵੇ ਤਾਂ ਜੋ ਆਪਣੀ ਸਹੂਲਤ ਮੁਤਾਬਿਕ ਲੋਕ ਅਸ਼ਟਾਮ ਖਰੀਦ ਸਕਣ।

## ਰਮਣੀਕ ਸਿੰਘ ਫਰੀਡਮ ਦਾ ਝਬਾਲ ਸਕੂਲ ਪਹੁੰਚਣ 'ਤੇ ਭਰਵਾਂ ਸੁਆਗਤ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਚੀਫ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਮੈਂਬਰ ਇੰਚਾਰਜ ਰਮਣੀਕ ਸਿੰਘ ਫਰੀਡਮ ਦਾ ਚੀਫ ਖਾਲਸਾ ਦੀਵਾਨ ਦੇ ਆਨਰੇਰੀ ਸੈਕਟਰੀ ਨਿਯੁਕਤ ਹੋਣ ਤੋਂ ਬਾਅਦ ਪਹਿਲੀ ਫੇਰੀ 'ਤੇ ਸਕੂਲ ਆਉਣ 'ਤੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਪ੍ਰਿੰ. ਅਨੁਰੀਤ ਬਾਵਾ, ਹੈੱਡ ਮਿਸਟਰੈੱਸ ਸਿਮਰਪ੍ਰੀਤ ਕੌਰ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਸਕੂਲ ਦੀ ਸਮੂਹ ਮੈਨੇਜਮੈਂਟ ਤੇ ਪ੍ਰਿੰ. ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਸਮੂਹ ਸਟਾਫ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ। ਸਮੂਹ ਸਟਾਫ ਵੱਲੋਂ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ ਗਈ।

## ਸਿਹਤ ਸੇਵਾਵਾਂ ਦੇ ਖੇਤਰ 'ਚ ਵਰਦਾਨ ਸਾਬਤ ਹੋਏ ਹਨ ਆਮ ਆਦਮੀ ਕਲੀਨਿਕ : ਜਗਰੂਪ ਸੇਖਵਾਂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਪੁਰਾਣਾ ਧਾਰੀਵਾਲ ਵਿਖੇ ਨਵੇਂ ਬਣੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਧਾਰੀਵਾਲ ਦੇ ਵਸਨੀਕਾਂ ਨੂੰ ਆਮ ਆਦਮੀ ਕਲੀਨਿਕ ਖੁੱਲਣ ਦੀ ਵਧਾਈ ਦਿੰਦਿਆਂ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਕਿਹਾ ਕਿ ਇਸ ਕਲੀਨਿਕ ਦੇ ਸ਼ੁਰੂ ਹੋਣ ਨਾਲ ਹੁਣ ਸਥਾਨਕ ਵਸਨੀਕਾਂ ਨੂੰ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਵੱਡੀ ਸਹੂਲਤ ਮਿਲੇਗੀ। ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਚਲਾਏ ਜਾ ਰਹੇ ਆਮ ਆਦਮੀ ਕਲੀਨਿਕ ਸਿਹਤ ਸੇਵਾਵਾਂ ਦੇ ਖੇਤਰ ਵਿਚ ਆਮ ਲੋਕਾਂ ਲਈ ਵਰਦਾਨ ਸਾਬਤ ਹੋਏ ਹਨ ਅਤੇ ਹੁਣ ਲੋਕ ਆਪਣੇ ਘਰ ਦੇ ਨੇੜੇ ਹੀ ਮਿਆਰੀ ਸਿਹਤ ਸੇਵਾਵਾਂ ਦਾ ਲਾਭ ਉਠਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਦੀ ਅੱਜ ਦੁਨੀਆ ਭਰ ਵਿਚ ਚਰਚਾ ਹੋ ਰਹੀ ਹੈ ਅਤੇ ਪੂਰੀ ਦੁਨੀਆ ਇਸ ਮਾਡਲ ਨੂੰ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਵਿਚ 700 ਤੋਂ ਵੱਧ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਚੁੱਕੇ ਹਨ ਅਤੇ ਜਿਨ੍ਹਾਂ ਵਿਚ ਜਿਥੇ ਮੁਫ਼ਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ, ਉਥੇ ਕਈ ਤਰ੍ਹਾਂ ਦੇ ਟੈਸਟ ਵੀ ਮੁਫ਼ਤ ਕੀਤਾ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਖੇਤਰ ਵਿਚ ਇਸ ਤਰ੍ਹਾਂ ਦੇ ਕ੍ਰਾਂਤੀਕਾਰੀ ਕਦਮ ਚੁੱਕ ਰਹੀ ਹੈ, ਤਾਂ ਜੋ ਸੂਬੇ ਦੀ ਜਨਤਾ ਨੂੰ ਵੱਧ ਤੋਂ ਵੱਧ ਸੁਵਿਧਾ ਪ੍ਰਦਾਨ ਕੀਤੀ ਜਾ ਸਕੇ। ਇਸ ਮੌਕੇ ਡੀਐੱਮਸੀ ਗੁਰਦਾਸਪੁਰ ਡਾ. ਰੋਮੀ ਰਾਜਾ, ਐੱਸਐੱਮਓ ਧਾਰੀਵਾਲ ਡਾ. ਮਨਿੰਦਰਜੀਤ ਸਿੰਘ, ਡਾ. ਗੁਰਬਚਨ ਸਿੰਘ, ਡਾ. ਹਰਮੀਤ ਕੌਰ, ਲੈਬ ਟੈਕਨੀਸ਼ੀਅਨ ਯੂਨੀਅਨ ਪੰਜਾਬ ਦੇ ਚੇਅਰਮੈਨ ਰਾਕੇਸ਼ ਵਿਲੀਅਮ, ਸੱਤਪਾਲ ਸਿੰਘ, ਤਸਵੀਰ ਸਿੰਘ, ਰਾਜਕੁਮਾਰ ਸੁਸ਼ੀਲ, ਮੀਨਾਕਸ਼ੀ, ਬਲਜੀਤ ਕੌਰ, ਹਰਵਿੰਦਰਜੀਤ ਕੌਰ, ਹਰਿੰਦਰ ਸਿੰਘ ਆਦਿ ਸਮੇਤ ਸਿਹਤ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ, ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ, ਗੁਰਨਾਮ ਸਿੰਘ ਬੁੱਟਰ, ਬਲਦੇਵ ਸਿੰਘ ਨਿਮਾਣਾ ਆਦਿ ਹਾਜ਼ਰ ਸਨ।

## ਪਿੰਡਾਂ ਦੇ ਵਿਕਾਸ ਕਾਰਜਾਂ 'ਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਲਾਲਜੀਤ ਭੁੱਲਰ



**ਮਜੀਠਾ (ਸੋਇਮ ਆਨੰਦ)**-ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਵੱਲੋਂ ਹਲਕਾ ਮਜੀਠਾ ਦੇ ਵਿਕਾਸ ਸਬੰਧੀ ਕੈਬਨਿਟ ਮੰਤਰੀ ਪੰਚਾਇਤਾ ਲਾਲ ਜੀਤ ਸਿੰਘ ਭੁੱਲਰ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਲਾਲ ਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਰੇਕ ਇਮਾਨਦਾਰ ਤੇ ਮਿਹਨਤੀ ਵਰਕਰ ਦੀ ਕਦਰ ਕਰਦੇ ਹਨ। ਇਸ ਮੌਕੇ ਕੈਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਜੱਗਾ ਮਜੀਠਾ ਦੀ ਅਗਵਾਈ ਹਲਕਾ ਮਜੀਠਾ ਦਾ ਵਿਕਾਸ ਜੰਗੀ ਪੱਧਰ ਤੇ ਕਰਵਾਇਆ ਜਾਵੇਗਾ ਤੇ ਪਿੰਡਾ ਦੇ ਵਿਕਾਸ ਲਈ ਕਿਸੇ ਕਿਸਮ ਦੀ ਕਮੀ ਨਹੀ ਆਉਣ ਦਿੱਤੀ ਜਾਵੇਗੀ। ਇਸ ਮੌਕੇ ਕੈਬਨਿਟ ਮੰਤਰੀ ਭੁੱਲਰ ਵੱਲੋ ਜੱਗਾ ਮਜੀਠਾ ਨੂੰ ਸਨਮਾਨਿਤ ਕੀਤਾ ਗਿਆ ਤੇ ਕਿਹਾ ਕਿ ਤਗੜੇ ਹੋ ਕੇ ਪਾਰਟੀ ਦੀ ਸੇਵਾ ਕਰੋ। ਇਸ ਮੌਕੇ ਭੁੱਲਰ ਨੇ ਸਮੂਹ ਆਪ ਆਗੂਆਂ ਨੂੰ ਕਿਹਾ ਕਿ ਉਹ ਵੀ ਆ ਰਹੀਆਂ ਲੋਕ ਸਭਾ ਚੋਣਾ ਨੂੰ ਦੇਖਦਿਆਂ ਹੁਣ ਤੋਂ ਕਮਰ ਕੱਸੇ ਕਰਕੇ ਪਿੰਡਾਂ ਵਿੱਚ ਜਾ ਕੇ ਆਮ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾਣ ਤੇ ਉਨ੍ਹਾਂ ਦਾ ਹੱਲ ਕਰਵਾਇਆ ਜਾਵੇ। ਇਸ ਮੌਕੇ ਜੱਗਾ ਮਜੀਠਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਚੜ੍ਹਦੀਕਲਾ ਲਈ ਪੂਰਾ ਜ਼ੋਰ ਲਗਾ ਕੇ ਜਨਤਾ ਦੇ ਵਿਸ਼ਵਾਸ ਨੂੰ ਜਿੱਤ ਕੇ ਪਾਰਟੀ ਨੂੰ ਮਜ਼ਬੂਤ ਕਰਾਂਗੇ। ਆਪ ਸਰਕਾਰ ਪੂਰੀ ਤਰ੍ਹਾਂ ਨਾਲ ਕਿਸਾਨ ਹਿਤੈਸ਼ੀ ਹੈ ਅਤੇ ਹਮੇਸ਼ਾ ਕਿਸਾਨਾਂ ਮਜ਼ਦੂਰਾਂ ਨਾਲ ਖੜ੍ਹੀ ਹੈ। ਇਸ ਮੌਕੇ ਭੁੱਲਰ ਨਾਲ ਹਲਕਾ ਮਜੀਠਾ ਇੰਚਾਰਜ ਜੱਗਾ ਮਜੀਠਾ, ਆਕਾਸ਼ਦੀਪ ਸਿੰਘ ਮਜੀਠਾ, ਚੇਅਰਮੈਨ ਬਲਜੀਤ ਸਿੰਘ ਜਿਜੇਆਣੀ, ਬਲਾਕ ਪ੍ਰਧਾਨ ਰੇਸ਼ਮ ਸਿੰਘ ਬੇਗੋਵਾਲ, ਕਾਬਲ ਸਿੰਘ ਆੜ੍ਹਤੀ ਮਜੀਠਾ, ਬਲਾਕ ਪ੍ਰਧਾਨ ਬਲਬੀਰ ਸਿੰਘ ਬੋਪਾਰਾਏ, ਬਲਾਕ ਪ੍ਰਧਾਨ ਰਾਜਬੀਰ ਸਿੰਘ ਰੋੜੀ, ਬਚਿੱਤਰ ਸਿੰਘ ਲਾਲੀ, ਸਰਪੰਚ ਹਨੀ ਅਜੈਬਵਲੀ, ਸਰਪੰਚ ਹਰਵਿੰਦਰਪਾਲ ਸਿੰਘ ਮਾਨ, ਸਰਪੰਚ ਗੁਰਦੀਪ ਸਿੰਘ ਨਾਗ ਆਦਿ ਤੋਂ ਇਲਾਵਾ ਬਹੁਤ ਸਾਰੇ ਆਗੂ ਤੇ ਆਪ ਵਰਕਰ ਹਾਜ਼ਰ ਸਨ।

## ਸ਼੍ਰੋ. ਗੁ. ਪ੍ਰੰ. ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ 30 ਅਪ੍ਰੈਲ ਤੱਕ ਲਏ ਜਾਣਗੇ ਫਾਰਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਜ਼ਿਲਾ ਚੋਣ ਅਫ਼ਸਰ ਘਨਸ਼ਾਮ ਥੋਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਜਾਰੀ ਕੀਤੀ ਨਵੀਂ ਸਮਾਂ ਸਾਰਨੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੋਟਰ ਸੂਚੀ ਵਿਚ ਰਜਿਸਟਰੇਸ਼ਨ ਹੁਣ 30 ਅਪ੍ਰੈਲ 2024 ਤੱਕ ਕੀਤੀ ਜਾਵੇਗੀ ਅਤੇ ਇਸ ਸਬੰਧੀ ਫਾਰਮ ਭਰਕੇ ਆਪਣੇ ਹਲਕੇ ਦੇ ਪਟਵਾਰੀ ਨੂੰ ਜਮ੍ਹਾ ਕਰਵਾ ਸਕਦੇ ਹਨ। ਉਨ੍ਹਾਂ ਨੇ ਦੱਸਿਆ ਕਿ ਮੁੱਢਲੀ ਪ੍ਰਕਾਸ਼ਿਤ ਵੋਟਰ ਸੂਚੀ ਤੇ ਦਾਅਵੇ/ਇਤਰਾਜ਼ 21 ਮਈ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਮਿਤੀ 3 ਜੁਲਾਈ ਨੂੰ ਕੀਤੀ ਜਾਵੇਗੀ।

## ਸੜਕ ਹਾਦਸੇ 'ਚ ਐਕਟਿਵਾ ਚਕਨਾਚੂਰ, ਚਾਲਕ ਦੀ ਮੌਕੇ 'ਤੇ ਮੌਤ



**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਚਾਵਾ ਨੇੜੇ ਰਾਮ ਸਿੰਘ ਮੋੜ 'ਤੇ ਬੀਤੀ ਦੇਰ ਰਾਤ ਇਕ ਅਣਪਛਾਤੇ ਵਹੀਕਲ ਨਾਲ ਐਕਟਿਵਾ ਦੀ ਹੋਈ ਟੱਕਰ ਦਰਮਿਆਨ ਸਕੂਟਰੀ ਸਵਾਰ ਦੀ ਮੌਕੇ 'ਤੇ ਮੌਤ ਹੋ ਗਈ ਜਦੋਂਕਿ ਐਕਟਿਵਾ ਇਸ ਹਾਦਸੇ ਵਿਚ ਬੁਰੀ ਤਰ੍ਹਾਂ ਨਾਲ ਚਕਨਾਚੂਰ ਹੋ ਗਈ ਅਤੇ ਲਾਸ਼ ਨੂੰ ਕਈ ਵਹੀਕਲ ਸੜਕ 'ਤੇ ਘਸੀਟਦੇ ਰਹੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸਸਪਾਲ ਸਿੰਘ ਨੇ ਦੱਸਿਆ ਕਿ ਇਸ ਘਟਨਾ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਪਾਰਟੀ ਨੇ ਲਾਸ਼ ਆਪਣੇ ਕਬਜ਼ੇ ਵਿਚ ਲੈ ਕੇ ਸਰਕਾਰੀ ਹਸਪਤਾਲ ਗੁਰਦਾਸਪੁਰ ਵਿਖੇ ਮੋਰਚਰੀ ਵਿਚ ਪੋਸਟਮਾਰਟਮ ਲਈ ਰਖਵਾ ਦਿੱਤੀ ਹੈ। ਮ੍ਰਿਤਕ ਦੀ ਪਹਿਚਾਣ ਵਰਿੰਦਰ ਕੁਮਾਰ ਪੁੱਤਰ ਭੁਪਿੰਦਰਪਾਲ ਵਾਸੀ ਨਿਊ ਪ੍ਰੀਤ ਨਗਰ ਜਲੰਧਰ ਰੋਡ ਆਈਟੀਆਈ ਹੁਸ਼ਿਆਰਪੁਰ ਵਜੋਂ ਹੋਈ ਹੈ। ਇਸ ਮਾਮਲੇ ਸਬੰਧੀ ਤਫ਼ਤੀਸ਼ੀ ਅਫ਼ਸਰ ਏਐੱਸਆਈ ਜੈ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਦੇ ਬਿਆਨਾਂ ਕਲਮਬੰਦ ਕਰ ਲਏ ਹਨ ਅਤੇ ਅਣਪਛਾਤੇ ਵਹੀਕਲ ਖ਼ਿਲਾਫ਼ ਧਾਰਾ 304 ਏ, 427 ਤਹਿਤ ਮਾਮਲਾ ਦਰਜ ਕਰ ਲਿਆ ਹੈ। ਅਣਪਛਾਤੇ ਵਹੀਕਲ ਦੀ ਪਹਿਚਾਣ ਵੀ ਪੁਲਸ ਵਲੋਂ ਜਾਰੀ ਹੈ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਗੁਰਦਾਸਪੁਰ ਮੁਕੇਰੀਆਂ ਸੜਕ ਥਾਂ ਥਾਂ ਤੋਂ ਟੁੱਟੀ ਹੋਣ ਕਰਕੇ ਨਿੱਤ ਦਿਨ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ।

## ਪੁਲਸ ਪ੍ਰਸ਼ਾਸਨ ਵੱਲੋਂ ਆਟੋ ਚਾਲਕਾਂ ਨਾਲ ਟ੍ਰੈਫਿਕ ਵਰਕਸ਼ਾਪ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰਪ੍ਰੀਤ ਸਿੰਘ ਭੁੱਲਰ ਆਈਪੀਐੱਸ ਪੁਲਸ ਕਮਿਸ਼ਨਰੇਟ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ ਹੇਠ ਏਡੀਸੀਪੀ ਟਰੈਫਿਕ ਹਰਪਾਲ ਸਿੰਘ ਅਤੇ ਏਸੀਪੀ ਤੇਜਿੰਦਰਪਾਲ ਸਿੰਘ ਦੀ ਰਹਿਨੁਮਾਈ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਐੱਸ ਆਈ ਦਲਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਆਟੋ ਰਿਕਸ਼ਾ ਸਟੈਂਡ ਰਾਮ ਤਲਾਈ ਚੌਕ ਅੰਮ੍ਰਿਤਸਰ ਵਿਖੇ ਆਟੋ ਚਾਲਕਾਂ ਨਾਲ ਟ੍ਰੈਫਿਕ ਵਰਕਸ਼ਾਪ ਲਗਾਈ ਗਈ। ਉਨ੍ਹਾਂ ਨੂੰ ਟ੍ਰੈਫਿਕ ਨਿਯਮਾ ਬਾਰੇ ਜਾਗਰੂਕ ਕੀਤਾ ਅਤੇ ਲੇਨ ਵਿਚ ਚੱਲਣ ਲਈ ਦੱਸਿਆ ਗਿਆ। ਉਨ੍ਹਾਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਆਪਣੇ ਡਾਕੂਮੈਂਟ ਪੂਰੇ ਕਰਨ ਅਤੇ ਵਰਦੀ ਪਾ ਕੇ ਆਟੋ ਚਲਾਉਣ।

## ਦਿਹਾਤੀ ਸੰਪਰਕ ਸੜਕਾਂ 'ਤੇ ਜੜੀ ਬੂਟੀ ਦੀ ਭਰਮਾਰ ਕਾਰਨ ਜਨਜੀਵਨ ਹੋ ਰਿਹਾ ਪ੍ਰਭਾਵਿਤ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਜ਼ਿਲ੍ਹੇ ਦੇ ਬੇਟ ਖੇਤਰ ਤੇ ਨਹਿਰਾਂ ਕੰਢੇ ਜੜੀ ਬੂਟੀ ਵਧੇਰੇ ਮਾਤਰਾ ਵਿਚ ਹੋਣ ਕਰਕੇ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਇਲਾਕਾ ਵਾਸੀਆਂ ਨੇ ਦੱਸਿਆ ਕਿ ਦਿਹਾਤੀ ਸੰਪਰਕ ਸੜਕਾਂ 'ਤੇ ਜੜੀ ਬੂਟੀ ਬਰਸਾਤ ਤੋਂ ਪਹਿਲਾਂ ਹੀ ਵਧੇਰੇ ਮਾਤਰਾ ਵਿਚ ਹੋਣ ਕਰਕੇ ਲੁੱਟਖੋਹ ਦਾ ਖ਼ਤਰਾ ਜਿੱਥੇ ਵਧ ਜਾਂਦਾ ਹੈ ਉਥੇ ਹੀ ਖ਼ਾਸ ਕਰਕੇ ਵੱਡੀ-ਵੱਡੀ ਜੜ੍ਹੀ ਕਾਰਨ ਸੜਕਾਂ ਤੋਂ ਗੁਜ਼ਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਗਾਜੀਕੋਟ ਤੋਂ ਕਾਹਨੂੰਵਾਲ ਸਠਿਆਲੀ ਪੁਲ ਅਤੇ ਪਿੰਡ ਕਰਾਲ ਤੇ ਗੁਰਦਾਸਪੁਰ ਮੁਕੇਰੀਆਂ ਮੁੱਖ ਸੜਕ 'ਤੇ ਜੜੀ ਬੂਟੀ ਦੀ ਭਰਮਾਰ ਆਮ ਦੇਖੀ ਜਾਂਦੀ ਹੈ ਜਿਸ ਵੱਲ ਸੰਬੰਧਿਤ ਵਿਭਾਗ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਨਹਿਰਾਂ ਕੰਢੇ ਅਤੇ ਦਿਹਾਤੀ ਸੜਕਾਂ 'ਤੇ ਜੜੀ ਬੂਟੀ ਕਟਵਾਉਣ ਵਾਸਤੇ ਸੰਬੰਧਿਤ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਸੜਕਾਂ ਤੋਂ ਲੰਘਣ ਸਮੇਂ ਰਾਹਗੀਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

## ਪ੍ਰਸਿੱਧ ਹਾਰਟ ਸਰਜਨ ਡਾ: ਵੀਰੇਂਦਰ ਸਰਵਾਲ ਮਨੀਪਾਲ ਹਸਪਤਾਲ ਦੀ ਮੈਡੀਕਲ ਟੀਮ 'ਚ ਸ਼ਾਮਲ

**ਸੰਗਰੂਰ** : ਪਟਿਆਲਾ ਦੇ ਪ੍ਰਮੁੱਖ ਸਿਹਤ ਸੰਭਾਲ ਸੰਸਥਾਵਾਂ ਵਿੱਚੋਂ ਇੱਕ ਮਨੀਪਾਲ ਹਸਪਤਾਲ ਦੀ ਟੀਮ ਵਿੱਚ ਮਸ਼ਹੂਰ ਹਾਰਟ ਸਰਜਨ ਡਾ: ਵੀਰੇਂਦਰ ਸਰਵਾਲ ਹੈੱਡ ਆਫ ਡਿਪਾਰਟਮੈਂਟ ਅਤੇ ਕੰਸਲਟੈਂਟ ਕਾਰਡੀਓਥੋਰੇਸਿਕ ਅਤੇ ਵੈਸਕੁਲਰ ਸਰਜਰੀ ਸ਼ਾਮਲ ਹੋਏ ਹਨ। ਮਨੀਪਾਲ ਹਸਪਤਾਲ ਪਟਿਆਲਾ ਦੀ ਮਾਹਿਰ ਟੀਮ ਨੇ ਡਾ. ਵੀਰੇਂਦਰ ਸਰਵਾਲ ਦਾ ਸਵਾਗਤ ਕੀਤਾ। ਹੁਣ ਪਟਿਆਲਾ ਖੇਤਰ ਦੇ ਲੋਕ ਬਿਹਤਰ ਸਿਹਤ ਸੇਵਾਵਾਂ ਅਤੇ ਮੈਡੀਕਲ ਮੁਹਾਰਤ ਹਾਸਲ ਕਰ ਸਕਣਗੇ। ਡਾ. ਸਰਵਾਲ ਦਾ ਆਪਣੇ ਕਿੱਤੇ 'ਚ 30 ਸਾਲਾਂ ਤੋਂ ਵੱਧ ਅਨੁਭਵ ਹੈ। ਉਨ੍ਹਾਂ ਨੇ 11000 ਤੋਂ ਵੱਧ ਕਾਰਡਿਅਕ ਸਰਜਰੀਆਂ ਕੀਤੀਆਂ ਹਨ। ਟੀਮ ਵਿੱਚ ਸ਼ਾਮਿਲ ਹੋਣ 'ਤੇ ਆਪਣਾ ਉਤਸ਼ਾਹ ਪ੍ਰਗਟ ਕਰਦੇ ਹੋਏ ਮਨੀਪਾਲ ਹਸਪਤਾਲ ਦੇ ਡਾਇਰੈਕਟਰ ਸੰਜੇ ਰਾਏ ਨੇ ਕਿਹਾ ਕਿ ਅਸੀਂ ਆਪਣੀ ਚਿਕਿਤਸਾ ਮਾਹਿਰਾਂ ਦੀ ਟੀਮ ਵਿੱਚ ਡਾ. ਵੀਰੇਂਦਰ ਸਰਵਾਲ ਦਾ ਸੁਆਗਤ ਕਰਦੇ ਹੋਏ ਉਤਸ਼ਾਹ ਮਹਿਸੂਸ ਕਰ ਰਹੇ ਹਾਂ।

## ਟਾਟਾ ਟੈਲੀ ਬਿਜ਼ਨੈਸ ਸਰਵਿਸਿਜ਼ ਵੱਲੋਂ ਟੋਲ ਯੂਨੀਫਾਈਡ ਸਲਿਊਸ਼ਨ ਲਾਂਚ ਕਰਨ ਦਾ ਐਲਾਨ

**ਚੰਡੀਗੜ੍ਹ** : ਭਾਰਤ ਦੇ ਪ੍ਰਮੁੱਖ ਬੀ2ਬੀ ਡਿਜੀਟਲ ਅਤੇ ਕਲਾਊਡ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਵਿੱਚੋਂ ਇੱਕ ਟਾਟਾ ਟੈਲੀ ਬਿਜ਼ਨੈਸ ਸਰਵਿਸਿਜ਼ ਨੇ ਟੋਲ-ਫ੍ਰੀ ਅਤੇ ਵਟਸਐਪ ਕਾਰੋਬਾਰ ਲਈ ਸਿੰਗਲ ਨੰਬਰ ਯੂਨੀਫਾਈਡ ਸਲਿਊਸ਼ਨ ਲਾਂਚ ਕਰਨ ਦਾ ਐਲਾਨ ਕੀਤਾ ਹੈ। ਸਿੰਗਲ ਨੰਬਰ ਯੂਨੀਫਾਈਡ ਹੱਲ ਟੀਟੀਬੀਐੱਸ ਟੋਲ-ਫ੍ਰੀ ਨੰਬਰਾਂ ਦੀ ਸ਼ਕਤੀ ਅਤੇ ਵਟਸਐਪ ਬਿਜ਼ਨੈਸ ਪਲੇਟਫਾਰਮ ਦੀ ਸ਼ਾਨਦਾਰ ਯੂਐਕਸ ਅਤੇ ਪਹੁੰਚਯੋਗਤਾ ਨੂੰ ਜੋੜਦਾ ਹੈ, ਉੱਦਮਾਂ ਨੂੰ ਆਪਣੇ ਗਾਹਕਾਂ ਨਾਲ ਨਿਰਵਿਘਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕਰਨ ਦੇ ਯੋਗ ਬਣਾਉਂਦਾ ਹੈ। ਟੀਟੀਬੀਐੱਸ ਪਹਿਲਾਂ ਹੀ ਰਿਟੇਲ, ਮੈਨੂਫੈਕਚਰਿੰਗ, ਟੈਲੀਕਾਮ, ਬੀਐੱਫਐੱਸਆਈ ਅਤੇ ਸੇਵਾਵਾਂ ਦੇ ਖੇਤਰਾਂ ਤੋਂ ਬਿਹਤਰ ਗਾਹਕ ਅਨੁਭਵ ਨੂੰ ਸਮਰੱਥ ਬਣਾਉਣ ਲਈ ਆਨਬੋਰਡ ਕਾਰੋਬਾਰ ਕਰ ਚੁੱਕਾ ਹੈ।

## ਸ਼ੈਰੀ ਕਲਸੀ ਨੇ ਸ਼ਹਿਰ ਦੇ ਸਫਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਬਟਾਲਾ (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਵਿੱਚ ਵੱਖ-ਵੱਖ ਸਥਾਨਾਂ ਦਾ ਦੌਰਾ ਕਰਕੇ ਸ਼ਹਿਰ ਦੇ ਸਫ਼ਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਸ਼ਹਿਰ ਵਿੱਚ ਹੋਰ ਸਫ਼ਾਈ ਰੱਖਣ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਤਾਂ ਜੋ ਬਟਾਲਾ ਸ਼ਹਿਰ ਕੂੜਾ ਮੁਕਤ ਕੀਤਾ ਜਾ ਸਕੇ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸ਼ਹਿਰ ਵਾਸੀਆਂ ਨੂੰ ਆਪਣੇ ਸ਼ਹਿਰ ਬਟਾਲਾ ਨੂੰ ਸਾਫ਼-ਸੁਥਰਾ ਰੱਖਣ ਲਈ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਬਟਾਲਾ ਸ਼ਹਿਰ ਸਾਡਾ ਸਾਰਿਆਂ ਦਾ ਆਪਣਾ ਸ਼ਹਿਰ ਹੈ, ਇਸ ਲਈ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸੜਕ, ਗਲੀ ਜਾਂ ਖੁੱਲ੍ਹੇ ਵਿੱਚ ਕੂੜਾ ਸੁੱਟਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਫਾਈ ਸੇਵਕਾਂ ਵਲੋਂ ਘਰੋਂ-ਘਰੀਂ ਤੇ ਨਿਰਧਾਰਤ ਸਥਾਨਾਂ ਤੋਂ ਕੂੜਾ ਚੁੱਕਿਆ ਜਾ ਰਿਹਾ ਹੈ ਅਤੇ ਸ਼ਹਿਰ ਵਾਸੀ ਇਸ ਵਿੱਚ ਸਹਿਯੋਗ ਕਰਨ। ਉਨ੍ਹਾਂ ਅੱਗੇ ਦੱਸਿਆ ਪਿਛਲੇ ਦਿਨਾਂ ਵਿੱਚ ਸ਼ਹਿਰ ਵਿੱਚੋਂ ਸਾਫ ਸਫਾਈ ਵਿਵਸਥਾ ਲਈ 15 ਟਾਟਾ ਗੱਡੀਆਂ ਅਤੇ 70 ਟਰਾਈਸਾਈਕਲ ਕਾਰਪੋਰੇਸ਼ਨ ਨੂੰ ਸਪੁਰਦ ਕੀਤੇ ਗਏ ਸਨ। ਭੰਡਾਰੀ ਮੁਹੱਲਾ ਬਟਾਲਾ ਵਿਖੇ ਖੂਬਸੂਰਤ ਸੈਨੀਟੇਸ਼ਨ ਪਾਰਕ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਕੂੜੇ ਦੀ ਸਮੱਸਿਆ ਦੇ ਹੱਲ ਲਈ ਕੂੜੇ ਦੇ ਰੀਸਾਈਕਲ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰੇਕ ਵਰਗ ਦੇ ਹਿੱਤ ਵਿੱਚ ਪਾਰਦਰਸ਼ੀ ਢੰਗ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਆਵਾਜਾਈ ਦੌਰਾਨ ਕੋਈ ਮੁਸ਼ਕਿਲ ਨਾ ਆਵੇ, ਇਸ ਲਈ ਸ਼ਹਿਰ ਦੇ ਮੁੱਖ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ।

## ਰੱਖ ਦੇਵੀਦਾਸਪੁਰਾ 'ਚ ਹਫਤਾਵਾਰੀ ਕ੍ਰਿਕਟ ਟੂਰਨਾਮੈਂਟ ਆਰੰਭ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਡਿੰਪਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪਿੰਡ ਰੱਖ ਦੇਵੀਦਾਸਪੁਰਾ (ਅਮਰਕੋਟ) ਵਿਖੇ ਕ੍ਰਿਕਟ ਟੂਰਨਾਮੈਂਟ ਕਰਵਾਏ ਜਾ ਰਹੇ ਹਨ। ਟੂਰਨਾਮੈਂਟ ਦੀ ਆਰੰਭਤਾ ਮੁੱਖ ਮਹਿਮਾਨ ਕਾਂਗਰਸ ਪਾਰਟੀ ਯੂਥ ਦੇ ਦਿਹਾਤੀ ਪ੍ਰਧਾਨ ਨਵਤੇਜ ਸਿੰਘ ਅਮਰਕੋਟ ਤੇ ਉਨ੍ਹਾਂ ਦੇ ਸਾਥੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤੀ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ-ਵੱਖ ਪਿੰਡਾਂ ਦੇ ਖਿਡਾਰੀਆਂ ਨੇ ਭਾਗ ਲਿਆ। ਇਸ ਮੌਕੇ ਮਾਰਕੀਟ ਕਮੇਟੀ ਗਹਿਰੀ ਮੰਡੀ ਦੇ ਸਾਬਕਾ ਚੇਅਰਮੈਨ ਕਸ਼ਮੀਰ ਸਿੰਘ ਜਾਣੀਆਂ, ਮਨਪ੍ਰੀਤ ਸਿੰਘ, ਸਰਪੰਚ ਜਗਜੀਤ ਸਿੰਘ ਜੋਗੀ, ਸਰਪੰਚ ਜੋਗਾ ਸਿੰਘ, ਮਾਰਕੀਟ ਕਮੇਟੀ ਗਹਿਰੀ ਦੇ ਸਾਬਕਾ ਡਾਇਰੈਕਟਰ ਰਾਜਬੀਰ ਸਿੰਘ ਵਡਾਲੀ ਡੋਗਰਾਂ, ਕੈਪਟਨ ਭੁਪਿੰਦਰ ਸਿੰਘ, ਪਲਵਿੰਦਰ ਸਿੰਘ, ਗੋਪੀ, ਦਿਲਬਾਗ ਸਿੰਘ, ਸ਼ਾਹ ਮੱਲ੍ਹੀਆਂ, ਸਰਪੰਚ ਅਮਰੀਕ ਰਾਮ ਤੇ ਹੋਰ ਖੇਡ ਪ੍ਰੇਮੀਆਂ ਨੇ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈ ਕੇ ਆਪਣਾ ਤੇ ਆਪਣੇ ਮਾਂ ਬਾਪ ਦਾ ਨਾਮ ਰੌਸ਼ਨ ਕਰਨ।



## ਡੇਰਾ ਬਾਬਾ ਨਾਨਕ ਜਾ ਰਹੀ ਪੈਦਲ ਯਾਤਰਾ ਦਾ ਹਰਚੋਵਾਲ 'ਚ ਨਿੱਘਾ ਸਵਾਗਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਪੈਦਲ ਯਾਤਰਾ ਅੱਜ ਭੇਟ ਪੱਤਣ ਬਿਆਸ ਦਰਿਆ ਪਾਰ ਕਰਦੀ ਹੋਈ ਗੁਰੂ ਨਾਨਕ ਦਰਬਾਰ ਵੱਡਾ ਗੁਰਦੁਆਰਾ ਸਾਹਿਬ ਹਰਚੋਵਾਲ ਵਿਖੇ ਪਹੁੰਚੀ। ਯਾਤਰਾ ਦੀ ਅਗਵਾਈ ਕਰਨ ਵਾਲੇ ਜਥੇਦਾਰ ਰਣਧੀਰ ਸਿੰਘ ਤੇ ਜੋਗਿੰਦਰ ਸਿੰਘ ਦਾ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਨਿੱਘਾ ਸਵਾਗਤ ਕੀਤਾ। ਸੰਗਤਾਂ ਦੇ ਜੈਕਾਰਿਆਂ ਨਾਲ ਹਾਲ ਗੂੰਜ ਉੱਠਿਆ। ਪ੍ਰਬੰਧਕਾਂ ਵੱਲੋਂ ਪੈਦਲ ਯਾਤਰਾ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਭਾਈ ਗਗਨਦੀਪ ਸਿੰਘ ਰਿਆੜ, ਜਥੇਦਾਰ ਰਣਜੀਤ ਸਿੰਘ ਪੂਹਲਾ, ਭਾਈ ਬਲਵਿੰਦਰ ਸਿੰਘ, ਜਥੇਦਾਰ ਬਚਨ ਸਿੰਘ, ਮੈਂਬਰ ਕਰਮ ਸਿੰਘ, ਦਲੇਰ ਸਿੰਘ, ਬਿਕਰਮਜੀਤ ਸਿੰਘ ਬਿੱਕਾ, ਮਾਸਟਰ ਸੁਖਵਿੰਦਰ ਸਿੰਘ ਸੈਕਟਰੀ, ਸਰਦੂਲ ਸਿੰਘ ਕੁਲਵੰਤ ਸਿੰਘ, ਵੱਸਣ ਸਿੰਘ, ਜਸਵਿੰਦਰ ਸਿੰਘ, ਚਮਕੌਰ ਸਿੰਘ, ਪ੍ਰਧਾਨ ਲਖਬੀਰ ਸਿੰਘ, ਗੁਰਮੁੱਖ ਸਿੰਘ ਕਾਲਾ, ਬੱਬੂ ਬੁੱਟਰ, ਸਕਿੰਦਰ ਸਿੰਘ, ਚਰਨਜੀਤ ਸਿੰਘ, ਕਸ਼ਮੀਰ ਸਿੰਘ, ਸੁਖਚੈਨ ਸਿੰਘ, ਸੁਖਬੀਰ ਸਿੰਘ, ਗਗਨਦੀਪ ਸਿੰਘ ਰਿਆੜ ਆਦਿ ਸੇਵਾਦਾਰਾਂ ਨੇ ਜਥੇਦਾਰ ਰਣਧੀਰ ਸਿੰਘ, ਜੋਗਿੰਦਰ ਸਿੰਘ ਖੜਿਆਲਾ ਸੈਣੀਆਂ ਨੂੰ ਸਿਰੋਪਾ ਦਿੱਤਾ ਗਿਆ। ਯਾਤਰਾ ਹਰਚੋਵਾਲ ਠਹਿਰਣ ਉਪਰੰਤ 3 ਮਾਰਚ ਨੂੰ ਘੁੰਮਣਾਂ ਵਿਖੇ ਪਹੁੰਚ ਕੇ 4 ਮਾਰਚ ਨੂੰ ਡੇਰਾ ਬਾਬਾ ਨਾਨਕ ਸਾਹਿਬ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚੋਲਾ ਸਾਹਿਬ ਦੇ ਦਰਸ਼ਨ ਕਰਕੇ ਸਮਾਪਤ ਹੋਵੇਗੀ।

## 'ਆਪ ਦੀ ਸਰਕਾਰ ਆਪ ਦੇ ਦੁਆਰ' ਮਾਨ ਸਰਕਾਰ ਦਾ ਨਿਵੇਕਲਾ ਉਪਰਾਲਾ : ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਨਿਵੇਕਲੇ ਉਪਰਾਲੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਜਿੱਥੇ ਸਬੰਧਿਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਉੱਥੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਕੀਤਾ ਜਾ ਰਿਹਾ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕੀਤਾ। ਉਨ੍ਹਾਂ ਹਲਕੇ ਦੇ ਪਿੰਡਾਂ ਧਮਰਾਈ, ਝੰਡੇਚੱਕ ਅਤੇ ਧਮਰਾਈ ਵਿਖੇ ਲਗਾਏ ਗਏ ਕੈਂਪਾਂ ਦਾ ਜਾਇਜ਼ਾ ਲਿਆ ਅਤੇ ਭਲਾਈ ਸਕੀਮਾਂ ਤੇ ਪ੍ਰੋਗਰਾਮਾਂ ਬਾਰੇ ਜਾਗਰੂਕ ਕਰਕੇ ਲੋਕਾਂ ਦੀ ਫੀਡਬੈਕ ਵੀ ਹਾਸਲ ਕੀਤੀ। ਸ਼ਮਸ਼ੇਰ ਸਿੰਘ ਨੇ ਕਿਹਾ ਕਿ ਹੁਣ ਵੱਖ-ਵੱਖ ਤਰ੍ਹਾਂ ਦੀਆਂ 43 ਸੇਵਾਵਾਂ ਆਪਣੇ ਘਰਾਂ ਨੇੜੇ ਹਾਸਲ ਕਰਨ ਲਈ ਹੈਲਪ ਲਾਈਨ ਨੰਬਰ 1076 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਉਹ ਸਹੂਲਤਾਂ ਲੋਕਾਂ ਦੇ ਘਰਾਂ ਤੱਕ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਮੌਕੇ ਬਿੰਦੂ ਠਾਕੁਰ, ਸਾਬਕਾ ਸਰਪੰਚ ਜੋਗਿੰਦਰ ਪਾਲ, ਸਾਬਕਾ ਸਰਪੰਚ ਸੁਰਿੰਦਰ ਸਿੰਘ, ਗੁਰਨਾਮ ਸਿੰਘ ਧਮਰਾਈ, ਮਨਮੋਹਨ ਸਿੰਘ ਧਮਰਾਈ ਤੇ ਸਾਬਕਾ ਮੁਲਾਜ਼ਮ ਵਿੰਗ ਦੇ ਜਨਰਲ ਸਕੱਤਰ ਸੁਖਦੇਵ ਰਾਜ ਵੀ ਹਾਜ਼ਰ ਸਨ।



## ਐੱਸ ਡੀ ਐੱਮ ਕਿਰਪਾਲ ਵੀਰ ਸਿੰਘ ਵੱਲੋਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਪੱਟੀ ਦੇ ਖੇਡ ਸਟੇਡੀਅਮ ਵਿਚ ਟੂਰਨਾਮੈਂਟ ਕਰਵਾਏ ਗਏ। ਫੁੱਟਬਾਲ ਖੇਡ ਦੌਰਾਨ ਮਾੜੀ ਮੇਘਾ ਅਤੇ ਪੰਡੋਰੀ ਰਣ ਸਿੰਘ ਦੀਆਂ ਟੀਮਾਂ ਵਿਚਾਲੇ ਚੱਲ ਰਹੇ ਮੈਚ ਦੌਰਾਨ ਐੱਸਡੀਐੱਮ ਕਿਰਪਾਲ ਵੀਰ ਸਿੰਘ ਤੇ ਸਵੀਪ ਦੇ ਇੰਚਾਰਜ ਨਵਨੀਤ ਵਾਲੀਆਂ ਵੱਲੋਂ ਟੂਰਨਾਮੈਂਟ 'ਚ ਸ਼ਿਰਕਤ ਕੀਤੀ ਗਈ। ਖਿਡਾਰੀਆ ਨਾਲ ਜਾਣ ਪਹਿਚਾਣ ਕਰਨ ਤੋਂ ਬਾਅਦ ਐੱਸਡੀਐੱਮ ਕਿਰਪਾਲ ਵੀਰ ਸਿੰਘ ਨੇ ਖਿਡਾਰੀਆ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਖਿਡਾਰੀਆ ਨੂੰ ਨਸ਼ੇ ਦੂਰੀ ਬਣਾਉਣ ਲਈ ਅਪੀਲ ਕੀਤੀ। ਨੌਜਵਾਨਾਂ ਨੂੰ ਦੇਸ਼ ਦਾ ਸਰਮਾਇਆ ਦੱਸਿਆ। ਚੰਗਾ ਸਮਾਜ ਸਿਰਜਣ ਵੱਲ ਧਿਆਨ ਦੇਣ ਦੀ ਗੱਲ ਆਖੀ। ਖੇਡਾਂ ਵੱਲ ਵੱਧ ਤੋਂ ਵੱਧ ਰੁਚੀ ਪੈਦਾ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਖਿਡਾਰੀਆ ਨੂੰ ਵੋਟ ਦੇ ਅਧਿਕਾਰ ਬਾਰੇ ਵੀ ਜਾਣੂ ਕਰਵਾਇਆ ਅਤੇ ਵੋਟ ਦੇ ਮਹੱਤਵ ਬਾਰੇ ਨੌਜਵਾਨਾਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ। ਐੱਸਡੀਐੱਮ ਨੇ ਟੀਮਾਂ ਸਮੇਤ ਨੌਜਵਾਨਾ ਤੋਂ ਪ੍ਰਣ ਲਿਆ ਕਿ ਇਸ ਵਾਰ ਵੱਧ ਤੋ ਵੱਧ ਵੋਟ ਕਰਕੇ ਦੇਸ਼ ਦੇ ਜ਼ੁੰਮੇਵਾਰ ਨਾਗਰਿਕ ਬਣਨਗੇ। ਇਸ ਮੌਕੇ ਸੁਖਵਿੰਦਰ ਸਿੰਘ ਸਟੈਨੋ, ਗੁਰਿੰਦਰ ਸਿੰਘ ਐਮਟੀਸੀ, ਦਵਿੰਦਰ ਸਿੰਘ, ਗੋਪੀ ਅਤੇ ਮਨੋਜ ਆਦਿ ਹਾਜ਼ਰ ਸਨ।

## ਮੀਟਰ ਬਦਲਣ ਆਏ ਕਰਮਚਾਰੀਆਂ ਤੇ ਖਪਤਕਾਰ ਵਿਚਾਲੇ ਹੋਈ 'ਤੂੰ ਤੂੰ ਮੈਂ ਮੈਂ'



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪਾਵਰਕਾਮ ਸਬ ਡਵੀਜ਼ਨ ਹਰੀਕੇ ਅਧੀਨ ਆਉਦੇ ਪਿੰਡ ਬੁਰਜ ਦੇਵਾ ਸਿੰਘ ਵਿਖੇ ਮੀਟਰ ਤਬਦੀਲ ਕਰਨ ਗਏ ਕਰਮਚਾਰੀਆਂ ਨਾਲ ਖਪਤਕਾਰ ਵੱਲੋਂ ਤੂੰ ਤੂੰ ਮੈਂ ਮੈਂ ਕਰਨ ਦਾ ਮਾਮਲਾ ਸਾਹਮਣੇ ਆਇਆ ਜਿਸ ਸਬੰਧੀ ਥਾਣਾ ਹਰੀਕੇ ਵਿਖੇ ਲਿਖਤੀ ਸ਼ਿਕਾਇਤ ਦਰਜ ਕਰਾਈ ਜਾ ਚੁੱਕੀ ਹੈ। ਜਾਣਕਾਰੀ ਦਿੰਦਿਆਂ ਹਰੀਕੇ ਦੇ ਉਪ ਮੰਡਲ ਅਫਸਰ ਇੰਜੀ. ਸਤਪਾਲ ਸਿੰਘ ਨੇ ਦੱਸਿਆ ਕਿ ਜੇਈ ਮਲਕੀਤ ਰਾਮ ਦੇ ਨਿਰਦੇਸ਼ਾਂ ਅਨੁਸਾਰ ਸੰਜੀਵ ਕੁਮਾਰ ਸ਼ਰਮਾ, ਗੁਰਪ੍ਰੀਤ ਸਿੰਘ ਨਾਗੀ, ਬਾਬਾ ਸੁਖਦੇਵ ਸਿੰਘ ਅਤੇ ਜਸਬੀਰ ਸਿੰਘ ਪਿੰਡ ਬੁਰਜ ਦੇਵਾ ਸਿੰਘ ਵਿਖੇ ਮਹਿਲਾ ਖਪਤਕਾਰ ਦਾ ਮੀਟਰ ਤਬਦੀਲ ਕਰਨ ਗਏ ਜੋ ਪਿਛਲੇ 2 ਸਾਲ ਤੋਂ ਬੰਦ ਸੀ। ਤਹਿਸ਼ 'ਚ ਆ ਕੇ ਖਪਤਕਾਰ ਦੇ ਬੇਟੇ ਨੇ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਉਕਤ ਲੜਕਾ ਡਾਂਗ ਲਿਆ ਕੇ ਮਾਰਨ ਲੱਗਾ ਜਿਸ ਨੂੰ ਲੋਕਾਂ ਨੇ ਫੜ ਕੇ ਰੋਕ ਦਿੱਤਾ। ਪਾਵਰਕਾਮ ਦੀਆਂ ਸਭ ਜਥੇਬੰਦੀਆਂ ਨਾਲ ਵਿਚਾਰ ਕਰਨ ਮਗਰੋਂ ਥਾਣਾ ਹਰੀਕੇ ਵਿਖੇ ਸ਼ਿਕਾਇਤ ਦਰਜ ਕਰਵਾ ਕੇ ਇਨਸਾਫ ਦੀ ਮੰਗ ਕੀਤੀ। ਜੇਕਰ ਇਨਸਾਫ ਮਿਲਣ ਵਿੱਚ ਦੇਰੀ ਹੋਈ ਤਾਂ ਵੱਡੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ। ਉਧਰ ਸੰਪਰਕ ਕਰਨ 'ਤੇ ਥਾਣਾ ਮੁਖੀ ਇੰਸਪੈਕਟਰ ਪ੍ਰਿਥੀਪਾਲ ਸਿੰਘ ਸੰਧੂ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਸੱਦ ਕੇ ਗੱਲਬਾਤ ਸੁਣੀ ਪਰ ਸਮਝੌਤਾ ਸਿਰੇ ਨਹੀ ਲੱਗਾ ਜਿਸ ਤੋਂ ਬਾਅਦ ਡਿਊਟੀ ਅਫਸਰ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।

## ਹੈਰੋਇਨ ਸਮੇਤ ਦੋ ਨੌਜਵਾਨ ਕਾਬੂ



**ਬੁਤਾਲਾ (ਨਿਰਮਲ ਸਿੰਘ ਸੰਘਾ)**-ਬਾਬਾ ਬਕਾਲਾ ਸਾਹਿਬ ਸਬ-ਡਵੀਜ਼ਨ ਦੀ ਪੁਲਸ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਦੋ ਦੋਸ਼ੀਆਂ ਨੂੰ 10-10 ਗਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਡੀਐੱਸਪੀ ਦਫਤਰ ਬਾਬਾ ਬਕਾਲਾ ਸਾਹਿਬ ਤੋਂ ਮਿਲੀ ਜਾਣਕਾਰੀ ਮੁਤਾਬਿਕ ਏਐੱਸਆਈ ਨਰਿੰਦਰ ਸਿੰਘ ਅਤੇ ਉਸਦਾ ਸਾਥੀ ਕਰਮਚਾਰੀ ਗਸ਼ਤ ਕਰ ਰਹੇ ਸੀ ਕਿ ਇੱਕ ਬਿਨਾਂ ਨੰਬਰ ਤੋਂ ਸਪਲੈਂਡਰ ਮੋਟਰਸਾਈਕਲ ਆਇਆ ਜਿਸ ਉੱਪਰ ਦੋ ਜਣੇ ਸਵਾਰ ਸਨ। ਪੁਲਸ ਨੂੰ ਦੇਖ ਕੇ ਉਨ੍ਹਾਂ ਇੱਕ ਮੋਮੀ ਲਿਫਾਫਾ ਹੇਠਾਂ ਸੁੱਟ ਦਿੱਤਾ ਜਿਸ ਦੀ ਤਲਾਸ਼ੀ ਲੈਣ 'ਤੇ ਦੋਵਾਂ ਕੋਲੋਂ 10-10 ਗਰਾਮ ਹੈਰੋਇਨ ਬਰਾਮਦ ਹੋਈ। ਏਐੱਸਆਈ ਬਲਵਿੰਦਰ ਸਿੰਘ ਚੌਕੀ ਇੰਚਾਰਜ ਬੁਤਾਲਾ ਨੇ ਦੋਵਾਂ ਦੋਜਵਾਨਾਂ ਮਨਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਬਾਲੀਆਂ ਮੰਝਪੁਰ ਅਤੇ ਲਵਪਰੀਤ ਸਿੰਘ ਪੁੱਤਰ ਬੱਬੂ ਛਾਪਿਆਂ ਵਾਲੀ ਖਿਲਾਫ ਥਾਣਾ ਬਿਆਸ ਵਿਖੇ ਮੁਕੱਦਮਾ ਨੰਬਰ 42,21-61-85 ਐਨਡੀਪੀਐੱਸ ਐਕਟ ਅਧੀਨ ਮੁਕੱਦਮਾ ਦਰਜ ਕਰਕੇ ਰਾਜਵਿੰਦਰ ਕੌਰ ਐੱਸਡੀਜੇਐੱਮ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿੱਚ ਪੇਸ਼ ਕੀਤਾ।



3-March-Sunday.qxd 3/2/2024 10:45 PM Page 1



ਦੀਪ ਜਗਦੀਪ ਸਿੰਘ ਦੀਆਂ ਕਵਿਤਾਵਾਂ
ਆਖ਼ਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਐਤਵਾਰਤਾ

ਬੜਾ ਸੰਗੀਨ ਲਾਇਆ ਦੋਸ਼
ਮੇਰੇ 'ਤੇ ਸ਼ਿਕਾਰੀ ਨੇ
ਪਰਿੰਦੇ ਨੂੰ ਉਡਾਰੀ ਦੇ
ਨਵੇਂ ਹੀ ਗੁਰ ਸਿਖਾਵੇਂ ਤੂੰ।
- ਅਜੈ ਤਨਵੀਰ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 3 ਮਾਰਚ 2024  www.nawanzamana.in ਕੀਮਤ 5.00 ਰੁਪਏ

# ਮਾਤ-ਭਾਸ਼ਾ ਦਾ ਮਹੱਤਵ

ਡਾ. ਸੁਖਵਿੰਦਰ ਸਿੰਘ ਸੰਘਾ

ਸਿੱਖਿਆ, ਸਾਖ਼ਰਤਾ ਅਤੇ ਸਮਾਜਿਕ ਵਿਕਾਸ ਦੇ ਪ੍ਰਸੰਗ ਵਿੱਚ ਮਾਤ-ਭਾਸ਼ਾ ਦੇ ਮਹੱਤਵ ਦਾ ਪ੍ਰਸ਼ਨ ਬੇਲੋੜਾ ਜਾਪਦਾ ਹੈ। ਇਹ ਇਸ ਲਈ ਹੈ ਕਿ ਮਾਤ-ਭਾਸ਼ਾ ਬਿਨਾਂ ਸਾਖ਼ਰਤਾ, ਸਿੱਖਿਆ ਅਤੇ ਸਮਾਜਿਕ ਵਿਕਾਸ ਸੰਭਵ ਹੀ ਨਹੀਂ ਹੈ। ਮਾਤ-ਭਾਸ਼ਾ ਜ਼ਰੂਰੀ ਨਹੀਂ ਕਿ ਮਾਂ ਦੀ ਭਾਸ਼ਾ ਬੋਲੀ ਹੋਵੇ। ਮਾਤ-ਭਾਸ਼ਾ ਕਿਸੇ ਜਨ-ਸਮੂਹ ਦੀ ਉਹ ਭਾਸ਼ਾ ਹੁੰਦੀ ਹੈ, ਜਿਸ ਵਿੱਚ ਉਸ ਜਨ-ਸਮੂਹ ਦਾ ਇਤਿਹਾਸਕ, ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਸਾਹਿਤਕ ਵਿਰਸਾ ਪ੍ਰਤੀਬਿੰਬਤ ਹੁੰਦਾ ਹੋਵੇ। ਮਾਤ-ਭਾਸ਼ਾ ਦਰਅਸਲ ਸੱਭਿਆਚਾਰਕ ਭਾਸ਼ਾ ਹੁੰਦੀ ਹੈ। ਆਰਥਿਕ, ਸਮਾਜਿਕ ਅਤੇ ਵਿਗਿਆਨਕ/ਤਕਨੀਕੀ ਵਿਕਾਸ ਦਾ ਮੁੱਦਾ ਵੀ ਸਿੱਧਾ ਮਾਤ-ਭਾਸ਼ਾ ਦੀ ਪੜ੍ਹਾਈ ਨਾਲ ਜੁੜਿਆ ਹੋਇਆ ਹੈ। ਦੁਨੀਆ ਵਿੱਚ ਹੋਈਆਂ ਭਾਸ਼ਾ ਵਿਗਿਆਨਕ ਖੋਜਾਂ ਨੇ ਇਹ ਤੱਥ ਬਹੁਤ ਪਹਿਲਾਂ ਸਾਡੇ ਸਾਹਮਣੇ ਲਿਆਂਦੇ ਹਨ ਕਿ ਦੁਨੀਆ ਵਿੱਚ ਉਹੀ ਮੁਲਕ ਗਿਆਨ-ਵਿਗਿਆਨ, ਆਰਥਿਕ ਅਤੇ ਸਮਾਜਿਕ ਖੇਤਰ ਵਿੱਚ ਤਰੱਕੀ ਕਰ ਸਕਿਆ, ਜਿਸ ਨੇ ਮੁੱਢਲੀ ਸਿੱਖਿਆ ਆਪਣੀ ਮਾਤ-ਭਾਸ਼ਾ ਵਿੱਚ ਦਿੱਤੀ ਹੋਵੇ, ਅਤੇ ਦੁਨੀਆ ਵਿੱਚ ਅਜਿਹੀ ਵੀ ਕੋਈ ਉਦਾਹਰਣ ਨਹੀਂ ਮਿਲਦੀ ਕਿ ਕਿਸੇ ਮੁਲਕ ਨੇ ਆਪਣੀ ਮਾਤ-ਭਾਸ਼ਾ ਨੂੰ ਛੱਡ ਕੇ ਗਿਆਨ-ਵਿਗਿਆਨ ਦੇ ਖੇਤਰ ਵਿੱਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਹੋਣ।

ਭਾਰਤ ਵਿੱਚ ਵਿਸ਼ਵੀਕਰਨ ਦੇ ਪ੍ਰਵੇਸ਼ ਕਰਨ ਨਾਲ ਕੁਝ ਲੋਕਾਂ ਨੂੰ ਇਹ ਭਰਮ ਪੈ/ਹੋ ਗਿਆ ਕਿ ਸ਼ਾਇਦ ਅੰਗਰੇਜ਼ੀ ਹੀ ਸਭ ਮਰਜ਼ਾਂ ਦਾ ਦਾਰੂ ਹੈ। ਉਨ੍ਹਾਂ ਦਾ ਇਸ ਤਰ੍ਹਾਂ ਸੋਚਣਾ ਕੁਦਰਤੀ ਵੀ ਸੀ, ਕਿਉਂਕਿ ਵਿਸ਼ਵੀਕਰਨ ਅਤੇ ਅੰਗਰੇਜ਼ੀਕਰਨ ਸਮਾਨੰਤਰ ਜਾਂ ਸਹਿਪੂਰਕ ਚੱਲ ਰਹੇ ਸਨ। ਵਿਸ਼ਵੀਕਰਨ ਬਹੁਭਾਸ਼ਾਵਾਦ ਦੇ ਮੁਕਾਬਲੇ ਇੱਕ ਭਾਸ਼ਾਵਾਦ ਦਾ ਸਮੱਰਥਨ ਕਰਦਾ ਹੈ ਅਤੇ ਉਹ ਭਾਸ਼ਾ ਅਜੇ ਤੱਕ ਅੰਗਰੇਜ਼ੀ ਹੀ ਹੈ।

ਪਰ ਵਿਸ਼ਵੀਕਰਨ, ਅੰਗਰੇਜ਼ੀਕਰਨ ਅਤੇ ਸਮਾਜਿਕ ਵਿਕਾਸ ਦਾ ਇਹ ਭਰਮ/ਮਾਡਲ ਬਹੁਤੀ ਦੇਰ ਨਹੀਂ ਚੱਲਿਆ। ਵਿਸ਼ਵੀਕਰਨ ਨੇ ਸਥਾਨਕ ਲੋਕਾਂ ਦੇ ਸੱਭਿਆਚਾਰ ਅਤੇ ਭਾਸ਼ਾ ਨੂੰ ਕਿੰਨਾ ਕੁ ਵਿਕਸਤ ਕੀਤਾ ਹੈ? ਕਿੰਨੇ ਕੁ ਲੋਕ ਅੰਗਰੇਜ਼ੀ ਸਿਖ ਗਏ ਹਨ? ਇਹ ਸਭ ਸਾਡੇ ਸਾਹਮਣੇ ਹੈ। ਭਾਰਤ ਵਿੱਚ ਅੰਗਰੇਜ਼ੀ ਜਾਨਣ ਵਾਲਿਆਂ ਦੀ ਗਿਣਤੀ ਅਜੇ ਵੀ 4% ਤੋਂ ਵਧੇਰੇ ਨਹੀਂ ਹੈ। ਵਿਸ਼ਵੀਕਰਨ ਦਾ ਸਭ ਤੋਂ ਵੱਡਾ ਇਕ ਫ਼ਾਇਦਾ ਇਹ ਹੋਇਆ ਕਿ ਇਸ ਨੇ ਸਥਾਨਕ ਲੋਕਾਂ ਨੂੰ ਆਪਣੇ ਸੱਭਿਆਚਾਰ ਅਤੇ ਭਾਸ਼ਾ ਦੇ ਮਹੱਤਵ ਪ੍ਰਤੀ ਚੇਤੰਨ ਅਤੇ ਇਨ੍ਹਾਂ ਦੀ ਹੋਂਦ ਪ੍ਰਤੀ ਚਿੰਤਤ ਜ਼ਰੂਰ ਕੀਤਾ ਹੈ। ਇਸ ਵਿੱਚ ਸਭ ਤੋਂ ਵੱਡਾ ਯੋਗਦਾਨ ਯੂਨੈਸਕੋ ਵੱਲੋਂ ਸਾਹਮਣੇ ਲਿਆਂਦੇ ਦਸਤਾਵੇਜ਼ਾਂ ਦਾ ਹੈ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ-

(9) UNESCO Red Book on Endangered Languages

(ii) Language Vitality and Endangerment

(iii) Improving the Quality of Mother-Tongue based Literacy and Learning

ਇਨ੍ਹਾਂ ਖੋਜਾਂ ਵਿੱਚ ਪ੍ਰਸਤੁਤ ਤੱਥ ਅਤੇ ਭਾਸ਼ਾਈ ਸੰਕਟ/ਖ਼ਤਰੇ ਦੇ ਮਾਪਦੰਡ ਉਹੀ ਹਨ, ਜਿਨ੍ਹਾਂ ਸੰਬੰਧੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਲੰਮੇ ਸਮੇਂ ਤੋਂ ਚਰਚਾ ਹੁੰਦੀ ਆਈ ਹੈ।

ਮਾਤ-ਭਾਸ਼ਾਵਾਂ ਦਾ ਮਨੁੱਖ ਦੇ ਭਾਸ਼ਾਈ ਵਿਕਾਸ ਨਾਲ ਸੰਬੰਧ :

ਯੂਨੈਸਕੋ ਵੱਲੋਂ 'ਏਸ਼ੀਆ ਪੈਸੇਫ਼ਿਕ ਪ੍ਰੋਗਰਾਮ ਆਫ਼ ਐਜੂਕੇਸ਼ਨ ਫਾਰ ਆਲ' (Asia Pacific Programme of Education for all) ਸੰਸਥਾ ਦੇ ਸਹਿਯੋਗ ਨਾਲ 'ਮਾਤ-ਭਾਸ਼ਾ ਦੇ ਪੱਧਰ (Quality) ਵਿੱਚ ਸੁਧਾਰ/ਦੁਭਾਸ਼ੀ ਸਾਖ਼ਰਤਾ' ਦੇ ਵਿਸ਼ੇ 'ਤੇ ਢਾਕਾ (ਬੰਗਲਾਦੇਸ਼) ਵਿੱਚ 18 ਤੋਂ 22 ਜੂਨ, 2007 ਨੂੰ ਇੱਕ ਵਰਕਸ਼ਾਪ ਕੀਤੀ ਗਈ ਸੀ। ਇਸ ਵਿੱਚ ਏਸ਼ੀਆ, ਅਫ਼ਰੀਕਾ, ਦੱਖਣੀ ਅਮਰੀਕਾ ਅਤੇ ਭਾਰਤ ਸਮੇਤ ਕੋਈ 12 ਮੁਲਕਾਂ ਦੇ ਸਿੱਖਿਆ ਮਾਹਿਰ ਸ਼ਾਮਲ ਹੋਏ। ਇਸ ਵਰਕਸ਼ਾਪ ਦੀ ਸਮੁੱਚੀ ਕਾਰਵਾਈ "Improving the Quality of Mother Tongue based Literacy and Learning" ਦੇ ਸਿਰਲੇਖ ਅਧੀਨ 2008 ਵਿੱਚ ਯੂਨੈਸਕੋ ਵੱਲੋਂ ਕਿਤਾਬ ਦੀ ਸ਼ਕਲ ਵਿੱਚ ਛਾਪੀ ਗਈ ਹੈ ਅਤੇ ਹੁਣ ਇਹ ਇੰਟਰਨੈੱਟ ਉੱਤੇ ਵੀ ਉਪਲੱਬਧ ਹੈ। ਇਸ ਵਰਕਸ਼ਾਪ ਦਾ ਮੁੱਖ ਮਕਸਦ ਸਿੱਖਿਆ ਦੇ ਖੇਤਰ ਵਿੱਚ ਹੋਈ ਖੋਜ ਦੇ ਆਧਾਰ 'ਤੇ ਇਹ ਜਾਨਣਾ ਸੀ ਕਿ ਕੀ ਮਾਤ-ਭਾਸ਼ਾ ਦੇ ਮਾਧਿਅਮ ਰਾਹੀਂ ਕਿਸੇ ਘੱਟ-ਗਿਣਤੀ ਜਾਤੀ ਸਮੂਹ ਨੂੰ ਦਿੱਤੀ ਜਾਣ ਵਾਲੀ ਮਿਆਰੀ ਸਿੱਖਿਆ ਵਿਦਿਆਰਥੀਆਂ ਵਿਚਲੇ ਅੱਧ-ਵਿਚਾਲੇ ਪੜ੍ਹਾਈ ਛੱਡਣ ਦੇ ਰੁਝਾਨ ਨੂੰ ਘਟਾ ਸਕਦੀ ਹੈ? ਵਰਕਸ਼ਾਪ ਵਿੱਚ ਸ਼ਾਮਲ ਸਾਰੇ ਸਿੱਖਿਆ ਮਾਹਿਰਾਂ ਦੀ ਇਹ ਯਕਮੁਸ਼ਤ ਰਾਇ ਸੀ ਕਿ ਜੇਕਰ ਸਮੁੱਚੀ ਸਿੱਖਿਆ ਬੱਚੇ ਦੀ ਮਾਤ-ਭਾਸ਼ਾ/ਇਲਾਕਾਈ ਭਾਸ਼ਾ ਦੇ ਮਾਧਿਅਮ ਰਾਹੀਂ ਦਿੱਤੀ ਜਾਵੇ ਤਾਂ ਬੱਚਿਆਂ ਵਿੱਚ ਅੱਧ-ਵਿਚਾਲੇ ਪੜ੍ਹਾਈ ਛੱਡਣ ਦਾ ਰੁਝਾਨ ਘਟ ਸਕਦਾ ਹੈ, ਇਸ ਤੋਂ ਇਲਾਵਾ

1. ਬੱਚਾ ਆਪਣੇ ਪਹਿਲੋਂ ਹਾਸਲ ਪੂਰਵ ਭਾਸ਼ਾਈ/ਸੱਭਿਆਚਾਰਕ ਗਿਆਨ ਨੂੰ ਨਵੇਂ ਗਿਆਨ ਨਾਲ ਜੋੜ ਸਕਦਾ ਹੈ।

2. ਘਰ ਅਤੇ ਸਕੂਲ ਇੱਕ-ਦੂਜੇ ਦੇ ਨੇੜੇ ਆਉਂਦੇ ਹਨ ਅਤੇ ਬੱਚੇ ਨੂੰ ਸਕੂਲ ਓਪਰਾ ਨਹੀਂ ਲੱਗਦਾ।

3. ਅਧਿਆਪਕਾਂ ਅਤੇ ਮਾਪਿਆਂ ਦਰਮਿਆਨ ਆਪਸੀ ਸੰਚਾਰ ਅਤੇ ਗੱਲਬਾਤ ਦੇ ਦਰ ਖੁੱਲ੍ਹਦੇ ਹਨ।

4. ਬੱਚਾ ਕਲਾਸ ਰੂਮ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਵਿਚਾਰ-ਵਟਾਂਦਰਾ ਕਰਨ ਲਈ ਉਤਸ਼ਾਹਿਤ ਹੁੰਦਾ ਹੈ।

5. ਬੱਚੇ ਵਿੱਚ ਆਪੇ ਦੀ ਪਛਾਣ ਦੀ ਭਾਵਨਾ ਤਕੜੀ/ਮਜ਼ਬੂਤ ਹੁੰਦੀ ਹੈ।

ਉਪਰੋਕਤ ਦੇ ਮੱਦੇਨਜ਼ਰ ਵਰਕਸ਼ਾਪ ਵਿੱਚ ਸ਼ਾਮਲ ਮਾਹਰਾਂ ਨੇ ਇਕਸੁਰ ਹੋ ਕੇ ਇਹ ਧਾਰਨਾ ਪੇਸ਼ ਕੀਤੀ ਕਿ ਸਾਡੇ ਲਈ ਆਪਣੇ ਦਿਮਾਗਾਂ ਵਿੱਚ ਘਰ ਕਰ ਚੁੱਕੀਆਂ ਤਿੰਨ ਮਿੱਥਾਂ ਨੂੰ ਤੋੜਨਾ ਬਹੁਤ ਜ਼ਰੂਰੀ ਹੈ ਤਾਂ ਜੋ ਆਮ ਲੋਕਾਂ ਅਤੇ ਸਰਕਾਰਾਂ ਦੀਆਂ ਅੱਖਾਂ 'ਤੇ ਪਿਆ ਅਗਿਆਨਤਾ ਦਾ ਪਰਦਾ ਲਾਹਿਆ ਜਾ ਸਕੇ। ਭਾਰਤ ਦੇ ਆਮ ਲੋਕ ਅਤੇ ਰਾਜ ਸਰਕਾਰਾਂ ਇਨ੍ਹਾਂ ਤਿੰਨਾਂ ਮਿੱਥਾਂ ਦੇ ਸ਼ਿਕਾਰ ਹੋਣ ਕਾਰਨ ਅੱਜ ਤੱਕ ਭਾਸ਼ਾ (ਮਾਤ-ਭਾਸ਼ਾ) ਦੀ ਪੜ੍ਹਾਈ ਦੀ ਮਹੱਤਤਾ ਨੂੰ ਨਹੀਂ ਸਮਝ ਸਕੀਆਂ;

ਪਹਿਲੀ ਮਿੱਥ ਇਹ ਹੈ ਕਿ ਦੂਜੀ ਭਾਸ਼ਾ ਨੂੰ ਸਿੱਖਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਦੂਜੀ ਭਾਸ਼ਾ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਵਰਤਿਆ ਜਾਵੇ, ਜਦੋਂ ਕਿ ਸੱਚਾਈ ਇਹ ਹੈ ਕਿ ਦੂਜੀ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੜ੍ਹਨਾ ਚਾਹੀਦਾ ਹੈ।

ਦੂਜੀ ਮਿੱਥ ਇਹ ਹੈ ਕਿ ਦੂਜੀ ਭਾਸ਼ਾ ਨੂੰ ਸਿੱਖਣ ਲਈ, ਜਿੰਨਾ ਸੰਭਵ ਹੋ ਸਕੇ, ਇਸ ਨੂੰ ਮੁੱਢਲੀ ਅਵਸਥਾ ਤੋਂ ਸ਼ੁਰੂ ਕਰਨਾ ਚਾਹੀਦਾ ਹੈ, ਜਦੋਂ ਕਿ ਖੋਜ ਇਹ ਦੱਸਦੀ ਹੈ ਕਿ ਦੂਜੀ ਭਾਸ਼ਾ ਉਨ੍ਹਾਂ ਲੋਕਾਂ ਦੀ ਬਿਹਤਰ ਹੁੰਦੀ ਹੈ, ਜਿਨ੍ਹਾਂ ਨੇ ਪਹਿਲਾਂ ਆਪਣੀ ਪਹਿਲੀ ਭਾਸ਼ਾ/ਖੇਤਰੀ ਜ਼ੁਬਾਨ ਵਿੱਚ ਮੁਕੰਮਲ ਮੁਹਾਰਤ ਹਾਸਲ ਕੀਤੀ ਹੁੰਦੀ ਹੈ।

ਤੀਜੀ ਮਿੱਥ ਇਹ ਹੈ ਕਿ ਖੇਤਰੀ ਜ਼ੁਬਾਨ ਦੂਜੀ ਭਾਸ਼ਾ ਦੇ ਰਾਹ ਵਿੱਚ ਰੋੜਾ ਬਣਦੀ ਹੈ, ਪਰ ਸੱਚਾਈ ਇਹ ਹੈ ਕਿ ਮਾਤ-ਭਾਸ਼ਾ ਵਿਚਲੀ ਮੁਹਾਰਤ ਦੀ ਤਕੜੀ ਨੀਂਹ ਹੀ ਦੂਜੀ ਭਾਸ਼ਾ ਨੂੰ ਸਿੱਖਣ ਵਿੱਚ ਵਧੇਰੇ ਸਹਾਇਕ ਸਾਬਤ ਹੁੰਦੀ ਹੈ।

ਮਾਤ-ਭਾਸ਼ਾਵਾਂ ਦਾ ਸਮਾਜਿਕ ਵਿਕਾਸ ਨਾਲ ਸੰਬੰਧ :

ਕਿਸੇ ਵੀ ਦੇਸ਼ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਢਾਂਚੇ ਵਿੱਚ ਤਬਦੀਲੀ ਲਿਆਂਦੇ ਬਗੈਰ ਲੋੜੀਂਦਾ ਕੌਮੀ ਵਿਕਾਸ ਸੰਭਵ ਨਹੀਂ ਹੋ ਸਕਦਾ। ਅਜਿਹੀ ਲੋੜੀਂਦੀ ਤਬਦੀਲੀ ਲਿਆਉਣ ਵਿੱਚ ਜਿਹੜੇ ਵੱਖ-ਵੱਖ ਵਸੀਲੇ ਅਤੇ ਸਾਧਨ ਯੋਗਦਾਨ ਪਾਉਂਦੇ ਹਨ, ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਸਮੇਂ ਵਿਗਿਆਨਕ ਪਹੁੰਚ ਅਪਨਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਠੀਕ ਦਿਸ਼ਾ ਵਿਚ ਚੱਲ ਕੇ ਨਿਸ਼ਚਤ ਟੀਚੇ ਪ੍ਰਾਪਤ ਕੀਤੇ ਜਾ ਸਕਣ। ਕੌਮੀ ਵਿਕਾਸ ਬਾਰੇ ਚਰਚਾ ਕਰਦਿਆਂ ਨਾਮਵਰ ਜਰਮਨ ਵਿਦਵਾਨ ਦੋਇਸ ਨੇ ਆਪਣੀ ਪੁਸਤਕ 'ਨੈਸ਼ਨਲਿਜ਼ਮ ਐਂਡ ਸੋਸ਼ਲ ਕਮਿਊਨੀਕੇਸ਼ ਵਿੱਚ ਲਿਖਿਆ ਹੈ ਕਿ ਰਾਜਸੀ ਜਾਗ੍ਰਿਤੀ ਅਤੇ ਮਾਰਕਿਟ ਆਰਥਿਕਤਾ ਦੇ ਨਾਲ ਭਾਸ਼ਾ ਅਤੇ ਸਾਖਰਤਾ ਸਮਾਜਿਕ ਤੇ ਆਰਥਿਕ ਤਬਦੀਲੀ ਅਤੇ ਕੌਮੀ ਉਸਾਰੀ/ਨਿਰਮਾਣ ਨੂੰ ਨਾਪਣ ਦੇ ਦੋ ਨਿਰਨਾਕਾਰੀ ਪੈਮਾਨੇ ਹਨ।' (That along with political consciousness and market economy language and literacy are two crucial measures of socio-economic change and national building) ਦੋਇਸ ਦੇ ਇਸ ਵਿਚਾਰ ਅਨੁਸਾਰ ਸਮਾਜਿਕ ਅਤੇ ਆਰਥਿਕ ਤਬਦੀਲੀ ਅਤੇ ਕੌਮੀ ਉਸਾਰੀ/ਨਿਰਮਾਣ ਲਈ ਭਾਸ਼ਾ ਅਤੇ ਸਾਖ਼ਰਤਾ ਦੀ ਇੱਕ ਵਸੀਲੇ/ਸਾਧਨ ਵਜੋਂ ਉਨੀ ਹੀ ਮਹੱਤਤਾ ਹੈ ਜਾਂ ਲੋੜ ਹੈ ਜਿੰਨੀ 'ਰਾਜਸੀ ਜਾਗ੍ਰਿਤੀ ਅਤੇ ਮਾਰਕਿਟ ਆਰਥਿਕਤਾ' ਦੀ। ਇਸ ਦੇ ਨਾਲ ਹੀ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਦੇਸ਼ ਦੀ ਤਰੱਕੀ ਜਾਂ ਉਸ ਦੇ ਸਰਵਪੱਖੀ ਵਿਕਾਸ ਵਿੱਚ ਉਥੋਂ ਦੇ

(1) ਪਦਾਰਥਕ ਸਾਧਨ/ਭੌਤਿਕ ਸੋਮੇ

(2) ਦੇਸ਼ ਵਿਚਲਾ ਤਕਨੀਕੀ ਜੁਗਾੜ ਅਤੇ

(3) ਮਨੁੱਖੀ ਵਿਕਾਸ ਦੇ ਸਾਧਨ ਅਤੇ ਅਨੁਕੂਲ ਸਮਾਜਿਕ ਹਾਲਾਤ ਮੁੱਖ ਯੋਗਦਾਨ/ਵੱਡਾ ਹਿੱਸਾ ਪਾਉਂਦੇ ਹਨ। ਮਾਹਿਰਾਂ ਦੀ ਰਾਇ ਮੁਤਾਬਕ ਕਿਸੇ ਵੀ ਦੇਸ਼ ਦੇ ਕੌਮੀ ਨਿਰਮਾਣ ਵਿੱਚ ਇਨ੍ਹਾਂ ਸਰੋਤਾਂ ਉਪਰ ਨਿਰਭਰਤਾ ਹੇਠ ਲਿਖੇ ਅਨੁਸਾਰ ਮੰਨੀ ਜਾਂਦੀ ਹੈ :

(1) ਦੇਸ਼ ਦੇ ਪਦਾਰਥਕ ਸਾਧਨ 20 ਫ਼ੀਸਦੀ

(2) ਦੇਸ਼ ਵਿਚਲਾ ਤਕਨੀਕੀ ਜੁਗਾੜ 16 ਫ਼ੀਸਦੀ

(3) ਮਨੁੱਖੀ ਵਿਕਾਸ ਦੇ ਸਾਧਨ ਅਤੇ ਅਨੁਕੂਲ ਸਮਾਜਿਕ ਹਾਲਾਤ-64 ਫ਼ੀਸਦੀ

ਮਨੁੱਖੀ ਵਿਕਾਸ ਸਾਧਨਾਂ ਰਾਹੀਂ ਹੀ ਇੱਕ ਤਰੱਕੀ ਯਾਫ਼ਤਾ ਸ਼ਹਿਰੀ ਹੋਂਦ ਵਿੱਚ ਆਉਂਦਾ ਹੈ, ਜੋ ਦੇਸ਼ ਦੇ ਪਦਾਰਥਕ ਸਾਧਨਾਂ/ਭੌਤਿਕ ਸੋਮਿਆਂ ਅਤੇ ਦੇਸ਼ ਦੇ ਉਪਲੱਬਧ ਤਕਨੀਕੀ ਜੁਗਾੜ ਦੀ ਸਹੀ ਵਰਤੋਂ ਰਾਹੀਂ ਦੇਸ਼ ਨੂੰ ਤਰੱਕੀ ਦੀ ਰਾਹ 'ਤੇ ਪਾਉਂਦਾ ਹੈ। 'ਮਨੁੱਖੀ ਵਿਕਾਸ ਦੇ ਸਾਧਨਾਂ' ਨੂੰ ਸਥਾਪਤ ਵਿਧੀ ਮੁਤਾਬਕ ਜਿਨ੍ਹਾ ਤਿੰਨ ਮੁੱਖ ਤੱਥਾਂ ਦੇ ਆਧਾਰ 'ਤੇ ਮਾਪਿਆ ਜਾਂਦਾ ਹੈ, ਉਹ ਤੱਥ ਹਨ:

(1) ਸੰਬੰਧਤ ਦੇਸ਼ ਦੀ ਵਸੋਂ ਦੀ ਜਿਉਂਦੇ ਰਹਿਣੇ ਦੀ ਔਸਤ ਉਮਰ

(2) ਕੁੱਲ ਕੌਮੀ ਪੈਦਾਵਾਰ ਤੇ ਬਰਾਬਰਤਾ ਦੇ ਆਧਾਰ 'ਤੇ ਪ੍ਰਤੀ ਵਿਅਕਤੀ ਆਮਦਨ ਅਤੇ ਖ਼ਰੀਦ ਸ਼ਕਤੀ

(3) ਸਕੂਲੀ ਪੜ੍ਹਾਈ ਦੇ ਔਸਤ ਸਾਲ ਅਤੇ ਬਾਲਗਾਂ ਵਿੱਚ ਸਾਖ਼ਰਤਾ ਦੀ ਦਰ

ਉਪਰੋਕਤ ਚਰਚਾ ਅਤੇ ਉਸ ਵਿਚਲੇ ਤੱਥਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਕਿਸੇ ਵੀ ਦੇਸ਼ ਜਾਂ ਕੌਮ ਦੇ ਸਰਵਪੱਖੀ ਵਿਕਾਸ ਵਿੱਚ ਬਾਕੀ ਸਾਧਨਾਂ ਦੇ ਨਾਲ-ਨਾਲ ਮੁੱਢਲੀ ਸਕੂਲੀ ਪੜ੍ਹਾਈ ਅਤੇ ਸਾਖ਼ਰਤਾ ਦਾ ਇੱਕ ਅਹਿਮ ਰੋਲ ਹੁੰਦਾ ਹੈ, ਜਿਸ ਨੂੰ ਬਹੁਤ ਹੀ ਬਾਰੀਕੀ ਨਾਲ ਸਮਝਿਆ ਜਾਣਾ ਚਾਹੀਦਾ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਮੁੱਢਲੀ ਸਕੂਲੀ ਪੜ੍ਹਾਈ ਜਾਂ ਪ੍ਰਾਇਮਰੀ ਸਿੱਖਿਆ ਤੇ ਸਾਖ਼ਰਤਾ ਵਿੱਚ ਬਹੁਤਾ ਫ਼ਰਕ ਨਹੀਂ ਹੁੰਦਾ। ਇਸ ਲਈ ਸਿੱਖਿਆ, ਸਾਖ਼ਰਤਾ ਅਤੇ ਮਨੁੱਖੀ ਵਿਕਾਸ ਸਾਧਨਾਂ ਲਈ ਮਾਤ-ਭਾਸ਼ਾ ਦੀ ਅਹਿਮੀਅਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ।









ਮਾਤ-ਭਾਸ਼ਾ ਦਾ ਗਿਆਨ, ਵਿਗਿਆਨ ਅਤੇ ਤਕਨਾਲੋਜੀ ਨਾਲ ਸੰਬੰਧ:

ਸਾਰੀ ਦੁਨੀਆ ਬਹੁਤ ਹੀ ਉਮੀਦਾਂ ਨਾਲ 'ਵਿਸ਼ਵੀਕਰਨ' ਦੀ ਛਤਰ-ਛਾਇਆ ਅਧੀਨ ਇੱਕੀਵੀਂ ਸਦੀ ਵਿੱਚ ਦਾਖ਼ਲ ਹੋਈ ਹੈ। ਇਸ ਸਦੀ ਨੂੰ ਗਿਆਨ ਪ੍ਰਾਪਤੀ ਦੀ ਸਦੀ ਵਜੋਂ ਐਲਾਨਿਆ ਗਿਆ ਹੈ। ਕੁਝ ਲੋਕਾਂ ਨੇ ਗਿਆਨ ਨੂੰ ਸਿਰਫ਼ ਵਿਗਿਆਨ, ਤਕਨਾਲੋਜੀ ਅਤੇ ਸੂਚਨਾ ਤਕਨਾਲੋਜੀ ਤੱਕ ਹੀ ਸੀਮਤ ਕਰ ਦਿੱਤਾ ਹੈ, ਪਰ ਇੰਜ ਹੀ ਨਹੀਂ। ਗਿਆਨ ਅਤੇ ਗਿਆਨ ਪ੍ਰਾਪਤੀ ਦੀ ਕੋਈ ਹੱਦ ਨਹੀਂ ਹੁੰਦੀ। ਇਹ ਬਹੁਪੱਖੀ ਸੰਕਲਪ ਹੈ। ਗਿਆਨ ਹਾਸਲ ਕਰਨ ਦੇ ਵੱਖ-ਵੱਖ ਪੜਾਅ ਹਨ ਤੇ ਵੱਖ-ਵੱਖ ਮਾਧਿਅਮ ਵੀ। ਸਾਰੇ ਮਾਧਿਅਮਾਂ ਵਿੱਚੋਂ ਭਾਸ਼ਾ ਦੇ ਮਾਧਿਅਮ ਨੂੰ ਗਿਆਨ ਪ੍ਰਾਪਤੀ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਅਤੇ ਤਾਕਤਵਰ ਮਾਧਿਅਮ ਮੰਨਿਆ ਜਾਂਦਾ ਹੈ। ਭਾਸ਼ਾ ਗਿਆਨ ਪ੍ਰਾਪਤੀ, ਤਰਕ, ਸਿਰਜਨਾਤਮਿਕਤਾ, ਵਿਚਾਰ-ਚਰਚਾ ਅਤੇ ਵਾਦ-ਵਿਵਾਦ ਦਾ ਮਾਧਿਅਮ ਹੈ। ਮਨੁੱਖੀ ਵਿਕਾਸ ਵਿੱਚ ਭਾਸ਼ਾ ਦਾ ਹੀ ਪ੍ਰਮੁੱਖ ਰੋਲ ਰਿਹਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਗਿਆਨ ਅਤੇ ਵਿਕਾਸ ਇੱਕ-ਦੂਜੇ ਬਗੈਰ ਅਗਾਂਹ ਪੈਰ ਨਹੀਂ ਪੁੱਟ ਸਕਦੇ। ਹੁਣ ਜਦੋਂ ਵਿਗਿਆਨ ਅਤੇ ਤਕਨਾਲੋਜੀ ਦੀ ਮਦਦ ਨਾਲ ਦੁਨੀਆ ਦੇ ਸਾਰੇ ਦੇਸ਼ਾਂ ਵਿਚਕਾਰ ਸਮੇਂ ਅਤੇ ਸਥਾਨ ਦੀ ਦੂਰੀ ਖ਼ਤਮ ਹੋ ਕੇ ਆਪਸੀ ਨੇੜਤਾ ਅਤੇ ਸਹਿਯੋਗ ਵਿੱਚ ਵਾਧਾ ਹੋਇਆ ਹੈ, ਇੱਕ ਕੌਮ ਜਾਂ ਦੇਸ਼ ਦਾ ਹਰ ਭਾਂਤ ਦਾ ਗਿਆਨ ਦੂਜਿਆਂ ਤੱਕ ਪੁੱਜ ਕੇ ਹਰ ਖੇਤਰ ਵਿੱਚ ਹੋ ਰਹੀ ਤਰੱਕੀ ਦੇ ਕੰਮਾਂ ਵਿੱਚ ਸਹਾਈ ਹੋ ਰਿਹਾ ਹੈ। ਅਜਿਹੇ ਆਪਸੀ ਸਹਿਯੋਗ ਦੀ ਉਮੀਦ ਦਿਨੋਂ-ਦਿਨ ਵਧ ਰਹੀ ਹੈ। ਇੱਥੇ ਇਹ ਦੇਖਣ ਦੀ ਲੋੜ ਹੈ ਕਿ ਕੀ ਅਜਿਹੇ ਹਾਲਾਤ ਵਿੱਚ ਭਾਰਤ ਵਰਗੇ ਦੇਸ਼ ਵਿੱਚ ਕੌਮੀ ਪੱਧਰ 'ਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਰਫ਼ਤਾਰ ਨੂੰ ਤੇਜ਼ ਅਤੇ ਮਜ਼ਬੂਤ ਨੀਹਾਂ 'ਤੇ ਖੜ੍ਹਾ ਕਰਨ ਅਤੇ ਹਰ ਭਾਂਤ ਦੇ ਲੋੜੀਂਦੇ ਗਿਆਨ ਦੀ ਪ੍ਰਾਪਤੀ ਲਈ ਸਾਰੇ ਵਸੀਲਿਆਂ ਅਤੇ ਸਾਧਨਾਂ ਦੀ ਵਰਤੋਂ ਪ੍ਰਤੀ ਸੁਚੇਤ ਹੋ ਕੇ ਠੀਕ ਨਿਸ਼ਾਨਦੇਹੀ ਵੀ ਕੀਤੀ ਜਾ ਰਹੀ ਹੈ ਕਿ ਨਹੀਂ? ਕੀ ਇਸ ਲੋੜੀਂਦੇ ਵਿਕਾਸ ਵਿੱਚ ਭਾਸ਼ਾ ਅਤੇ ਵਿਸ਼ੇਸ਼ ਤੌਰ 'ਤੇ ਮਾਤ-ਭਾਸ਼ਾ ਦੇ ਰੋਲ ਦੀ ਅਹਿਮੀਅਤ ਨੂੰ ਸਮਝਿਆ ਗਿਆ ਕਿ ਨਹੀਂ? ਜਵਾਬ ਹੋਵੇਗਾ, ਸ਼ਾਇਦ ਨਹੀਂ।

ਮਨੁੱਖੀ ਵਿਕਾਸ ਸਾਧਨਾਂ ਨੂੰ ਨਾਪਣ ਲਈ ਉੱਪਰ ਜਿਨ੍ਹਾਂ ਤੱਥਾਂ ਦਾ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ ਸਕੂਲੀ ਪੜ੍ਹਾਈ ਦੇ ਔਸਤ ਸਾਲ ਤੇ ਬਾਲਗਾਂ ਵਿੱਚ ਸਾਖ਼ਰਤਾ ਦੀ ਦਰ ਦਾ ਸਿੱਧਾ ਸੰਬੰਧ ਭਾਸ਼ਾ ਦੀ ਪੜ੍ਹਾਈ ਨਾਲ ਹੈ। ਇਹ ਮੰਨਿਆ ਜਾਂਦਾ ਹੈ ਕਿ ਸਾਖ਼ਰਤਾ ਜਾਂ ਮੁੱਢਲੀ (ਪ੍ਰਾਇਮਰੀ) ਸਿੱਖਿਆ ਦੇ ਪਸਾਰ ਵਿੱਚ ਬਹੁਤ ਫ਼ਰਕ ਨਹੀਂ ਹੁੰਦਾ, ਸਗੋਂ ਇਹ ਇਕੋ ਹੀ ਗੱਲ ਹੈ। ਇੱਥੇ ਇਸ ਤੱਥ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ ਕਿ ਪ੍ਰਾਇਮਰੀ ਪੱਧਰ 'ਤੇ ਸਿੱਖਿਆ ਜਾਂ ਅੱਖਰ ਗਿਆਨ ਲਈ ਵਿਗਿਆਨਕ ਤੌਰ 'ਤੇ ਮਾਧਿਅਮ ਸਿਰਫ਼ ਤੇ ਸਿਰਫ਼ ਮਾਤ-ਭਾਸ਼ਾ ਹੀ ਹੋ ਸਕਦੀ ਹੈ, ਕਿਉਂਕਿ ਆਰੰਭਲੇ ਜਾਂ ਮੁੱਢਲੇ ਪੱਧਰ 'ਤੇ ਕੋਈ ਦੂਜੀ ਭਾਸ਼ਾ ਇਸ ਕਾਰਜ ਨੂੰ ਸਫ਼ਲਤਾ-ਪੂਰਵਕ ਸਿਰੇ ਨਹੀਂ ਚਾੜ੍ਹ ਸਕਦੀ।

ਮਾਤ-ਭਾਸ਼ਾ ਬਨਾਮ ਰੁਜ਼ਗਾਰ ਦੀ ਭਾਸ਼ਾ:

ਮੈਂ ਇੱਕ ਰੇਹੜੀ 'ਤੇ ਇੱਕ ਪੰਜਾਬੀ ਔਰਤ ਨੂੰ ਸਬਜ਼ੀ ਲੈਂਦਿਆਂ ਦੇਖਿਆ। 'ਬਈਆ, ਗੋਭੀ ਕੈਸੇ ਲਗਾਈ'। "ਭੈਣ ਜੀ ਬੀਅ ਰੁਪੈ ਕਿੱਲੋ।" ਅੱਗੋਂ ਰੇਹੜੀ ਵਾਲਾ ਪੰਜਾਬੀ ਵਿੱਚ ਬੋਲਿਆ। ਇਹ ਇੱਕ ਉਦਾਹਰਨ ਨਹੀਂ, ਮਾਤ-ਭਾਸ਼ਾ ਪ੍ਰਤੀ ਪੰਜਾਬੀ ਮਾਨਸਿਕਤਾ ਦਾ ਪ੍ਰਦਰਸ਼ਨ ਹੈ। ਭਾਸ਼ਾਈ ਹੀਣਤਾ ਭਾਸ਼ਾਈ ਅਸੁਰੱਖਿਅਤਾ ਵਿੱਚੋਂ ਜਨਮ ਲੈਂਦੀ ਹੈ ਅਤੇ ਇਸ ਪਿੱਛੇ ਵਿਅਕਤੀ ਦੀ ਸਮਾਜਿਕ/ਆਰਥਿਕ ਅਸੁਰੱਖਿਅਤਾ ਕੰਮ ਕਰਦੀ ਹੈ। ਜੋ ਭਾਸ਼ਾ ਆਪਣੇ ਬੁਲਾਰਿਆਂ ਨੂੰ ਸਮਾਜਿਕ/ਆਰਥਿਕ ਸੁਰੱਖਿਆ ਪ੍ਰਦਾਨ ਨਹੀਂ ਕਰਦੀ, ਉਹ ਪ੍ਰਤਿਸ਼ਠਾ ਦਾ ਰੁਤਬਾ ਖੋਹ ਬਹਿੰਦੀ ਹੈ। ਇਸ ਲਈ ਇਹ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਜੇਕਰ ਬੁਲਾਰਿਆਂ ਦਾ ਪੰਜਾਬੀ ਪ੍ਰਤੀ ਰੁਝਾਨ/ਮੋਹ ਘਟਿਆ ਹੈ ਤਾਂ ਮੁੱਖ ਕਾਰਨ ਸਮਾਜਿਕ/ਮਾਨਸਿਕ ਨਾਲੋਂ ਆਰਥਿਕ ਵਧੇਰੇ ਹਨ।

ਇਸ ਲਈ ਮਾਤ-ਭਾਸ਼ਾ ਲਈ ਰੁਜ਼ਗਾਰ ਦੀ ਭਾਸ਼ਾ ਬਣਨਾ ਬਹੁਤ ਜ਼ਰੂਰੀ ਹੈ। ਮਾਤ-ਭਾਸ਼ਾ ਤਾਂ ਹੀ ਰੁਜ਼ਗਾਰ ਦੀ ਭਾਸ਼ਾ ਬਣ ਸਕਦੀ ਹੈ, ਜੇਕਰ ਇਸ ਨੂੰ ਮਨੁੱਖੀ ਵਿਕਾਸ ਸਾਧਨਾਂ ਲਈ ਇੱਕ ਸੰਦ ਵਜੋਂ ਵਰਤਿਆ ਜਾਵੇ।

ਸੰਪਰਕ : 94171-05225

# 'ਖ਼ਾਮੋਸ਼ ਪਾਣੀ' 2004

## ਯਾਦਗਾਰੀ ਫ਼ਿਲਮ

ਤਰਸੇਮ ਬਸ਼ਰ

*ਵਿਕੀਪੀਡੀਆ ਨੇ 'ਖਾਮੋਸ਼ ਪਾਣੀ' ਨੂੰ ਇੰਡੋ-ਪਾਕਿਸਤਾਨੀ ਪੰਜਾਬੀ ਭਾਸ਼ਾ ਦੀ ਇੱਕ ਯਾਦਗਾਰੀ ਫਿਲਮ ਲਿਖਿਆ ਹੈ ਤੇ ਇਸ ਦਾ ਸਿਰਲੇਖ ਉਰਦੂ, ਹਿੰਦੀ ਅਤੇ ਪੰਜਾਬੀ ਭਾਸ਼ਾਵਾਂ 'ਚ ਲਿਖਿਆ ਹੈ। ਬਹੁਤ ਹੀ ਸੰਜੀਦਾ ਵਿਸ਼ੇ 'ਤੇ ਬਣੀ ਇਹ ਕਲਾ ਫਿਲਮ ਮੇਰੀ ਜਾਚੇ ਪੰਜਾਬੀ ਭਾਸ਼ਾ ਦੀ ਸਭ ਤੋਂ ਸੋਹਣੀ ਕਲਾਤਮਿਕ ਫਿਲਮ ਹੈ। ਫਿਲਮ ਕਲਾ ਦੀ ਬਿਹਤਰੀਨ ਪੇਸ਼ਕਸ਼ ਇਹ ਫਿਲਮ ਆਮ ਪੰਜਾਬੀਆਂ ਨੇ ਤਾਂ ਕੀ, ਸ਼ਾਇਦ ਪੰਜਾਬੀ ਸਿਨੇਮਾ ਇੰਡਸਟਰੀ ਨਾਲ ਜੁੜੇ ਹੋਏ ਲੋਕਾਂ ਨੇ ਵੀ ਨਹੀਂ ਦੇਖੀ ਹੋਣੀ।*

*ਇਹੀ ਫਿਲਮ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ।*

*ਨਹੀਂ ਤਾਂ ਤੁਸੀਂ ਇਸੇ ਖਿਆਲ 'ਤੇ ਪੱਕੇ ਰਹਿਣਾ ਸੀ ਕਿ ਪੰਜਾਬੀ ਭਾਸ਼ਾ ਦੀਆਂ ਫਿਲਮਾਂ ਫੂਹੜ ਹੁੰਦੀਆਂ ਹਨ।*

*-ਲੇਖਕ*

"ਖਾਮੋਸ਼ ਪਾਣੀ" ਦੇਖਦਿਆਂ ਮੈਨੂੰ ਪਹਿਲੀ ਵਿਡੰਬਨਾ ਤਾਂ ਇਹ ਜਾਪੀ ਕਿ ਇਸ ਫਿਲਮ ਦੀ ਭਾਸ਼ਾ ਪੰਜਾਬੀ ਹੋਣ ਦੇ ਬਾਵਜੂਦ ਇਸ ਨੂੰ ਪੰਜਾਬੀ ਕਲਾ ਫਿਲਮ ਦਾ ਲਕਬ ਨਹੀਂ ਮਿਲਿਆ। ਇਸ ਦੀ ਬੋਲੀ ਪੰਜਾਬੀ ਹੈ, ਇਸ ਦੀ ਕਹਾਣੀ ਪੰਜਾਬ ਨਾਲ ਜੁੜੀ ਹੋਈ ਹੈ, ਫਿਲਮ ਹੀ ਪੰਜਾਬ ਦੀ ਧਰਾਤਲ 'ਤੇ ਖੜੀ ਕੀਤੀ ਗਈ ਹੈ, ਪਰ ਇਸ ਨੂੰ ਪੰਜਾਬੀ ਫਿਲਮ ਤਸਲੀਮ ਨਹੀਂ ਕੀਤਾ ਗਿਆ।

ਸ਼ਾਇਦ ਇਸ ਲਈ ਕਿ ਇਹ ਅੰਤਰਰਾਸ਼ਟਰੀ ਤੌਰ 'ਤੇ ਪੇਸ਼ ਕੀਤੀ ਜਾਣੀ ਸੀ, ਜਿਸ ਵਿੱਚ ਬਹੁਤ ਸਾਰੇ ਦੇਸ਼ਾਂ ਦੇ ਫਨਕਾਰ ਜੁੜੇ ਹੋਏ ਸਨ ਤੇ ਜੇਕਰ ਇਸ ਨੂੰ ਪੰਜਾਬੀ ਭਾਸ਼ਾ ਦੀ ਫਿਲਮ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਤਾਂ ਸ਼ਾਇਦ ਇਸ ਦੀ ਉਹ ਪਹੁੰਚ ਨਹੀਂ ਸੀ ਬਣਨੀ, ਜੋ ਦਰਕਾਰ ਸੀ।

ਹਾਲਾਂਕਿ ਟਾਈਟਲ ਅੰਗਰੇਜ਼ੀ 'ਚ ਲਿਖੇ ਹੋਏ ਵੀ ਮਿਲਦੇ ਹਨ।

ਪਰ ਇਹ ਤੈਅ ਹੈ ਜੇਕਰ ਪੰਜਾਬੀ ਭਾਸ਼ਾ ਦੀਆਂ ਫਿਲਮਾਂ (ਭਾਰਤ +ਪਾਕਿਸਤਾਨ) ਵਿੱਚ ਇਹ ਫਿਲਮ ਵੀ ਸ਼ੁਮਾਰ ਕੀਤੀ ਜਾਂਦੀ ਹੈ ਤਾਂ ਇਹ ਪੰਜਾਬ ਫਿਲਮ ਦੇ ਇਤਿਹਾਸ 'ਚ ਇੱਕ ਸ਼ਾਨਦਾਰ ਕਲਾ ਫਿਲਮ ਤੌਰ 'ਤੇ ਯਾਦ ਕੀਤੀ ਜਾਵੇਗੀ।

ਇਸ ਫਿਲਮ ਦੀ ਹਿਦਾਇਤਕਾਰਾ ਸਬੀਹਾ ਸੁਮਾਰ (61) ਦੀਆਂ ਜੜ੍ਹਾਂ ਹਿੰਦੁਸਤਾਨ ਵਿੱਚ ਹਨ, ਇਹਨਾਂ ਦੇ ਪੁਰਖੇ ਮੁੰਬਈ ਤੋਂ ਸਨ ਤੇ ਹੁਣ ਉਹ ਕਰਾਚੀ ਦੀ ਰਹਿਣ ਵਾਲੀ ਹੈ ਤੇ ਧਾਰਮਿਕ ਕੱਟੜਤਾ ਦੇ ਵਿਰੁੱਧ ਬੋਲਣ ਵਾਲੀ ਮੁਖਰ ਲੇਖਿਕਾ ਅਤੇ ਨਿਰਦੇਸ਼ਕ ਵਜੋਂ ਜਾਣੀ ਜਾਂਦੀ ਹੈ। ਸਬੀਹਾ ਦੀਆਂ ਫਿਲਮਾਂ ਸੰਵੇਦਨਸ਼ੀਲ ਮੁੱਦਿਆਂ 'ਤੇ ਅਧਾਰਤ ਤੇ ਧਰਾਤਲ ਦੇ ਨੇੜੇ ਹੁੰਦੀਆਂ ਹਨ ਅਤੇ ਅੰਤਰਰਾਸ਼ਟਰੀ ਤੌਰ 'ਤੇ ਉਹਨਾਂ ਨੂੰ ਵਧੀਆ ਫਿਲਮ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ।

"ਖਾਮੋਸ਼ ਪਾਣੀ" ਨੇ ਉਹਨਾਂ ਦੇ ਇਸ ਵਜੂਦ ਨੂੰ ਹੋਰ ਪਕੇਰਾ ਕੀਤਾ ਹੈ।

ਫਿਲਮ ਦੇਖਣ ਵੇਲੇ ਤਾਂ ਕਈ ਵਾਰ ਖੁਸ਼ਵੰਤ ਸਿੰਘ ਦੇ ਨਾਵਲ 'ਟ੍ਰੇਨ ਟੂ ਪਾਕਿਸਤਾਨ' ਅਧਾਰਤ ਬਣੀ ਫਿਲਮ ਯਾਦ ਆਪ ਮੂਹਰੇ ਆ ਜਾਂਦੀ ਹੈ। ਉਹ ਵੀ ਵੰਡ ਦੀ ਵੱਢ-ਟੁੱਕ 'ਤੇ ਅਧਾਰਤ ਸੀ, ਇਸ ਦਾ ਵਿਸ਼ਾ ਵੀ ਉਸੇ ਤਰਾਸਦੀ ਨਾਲ ਜੁੜਿਆ ਹੋਇਆ ਹੈ, ਪਰ ਇਸ ਫਿਲਮ ਦਾ ਕਥਾਨਕ ਵੰਡ ਤੋਂ ਲੱਗਭੱਗ ਢਾਈ ਦਹਾਕੇ ਬਾਅਦ ਦਾ ਹੈ, ਉਨ੍ਹਾਂ ਦਿਨਾਂ ਦਾ ਜਦੋਂ ਪਾਕਿਸਤਾਨ ਵਿੱਚ ਜ਼ੁਲਫਕਾਰ ਅਲੀ ਭੁੱਟੋ ਨੂੰ ਫਾਂਸੀ ਦੇ ਦਿੱਤੀ ਗਈ ਸੀ ਅਤੇ ਜਨਰਲ ਜਿਆ ਉਲ ਹੱਕ ਨੇ ਸੱਤਾ ਦੀ ਕਮਾਨ ਸੰਭਾਲ ਲਈ ਸੀ।

ਸੰਤਾਲੀ ਤੋਂ ਕਾਫੀ ਸਾਲਾਂ ਬਾਅਦ ਦੀ ਇਹ ਕਹਾਣੀ ਅੰਤ 'ਚ ਵੰਡ ਦੇ ਦਿੱਤੇ ਦੁੱਖਾਂ ਨਾਲ ਜਾ ਜੁੜਦੀ ਹੈ, ਕਹਾਣੀ ਦੀ ਇਹ ਵਿਲੱਖਣਤਾ ਹੀ ਇਸ ਨੂੰ ਬਹੁਤ ਪ੍ਰਭਾਵਸ਼ਾਲੀ ਵੀ ਬਣਾਉਂਦੀ ਹੈ।

ਪਾਕਿਸਤਾਨ ਵਿੱਚ ਫਾਸ਼ੀਵਾਦੀ ਤਾਕਤਾਂ ਤਾਕਤਵਰ ਹੋ ਰਹੀਆਂ ਸਨ, ਫਿਜ਼ਾ ਵਿੱਚ ਕੱਟੜਤਾ ਤੇ ਨਫਰਤ ਘੁਲ ਰਹੀ ਸੀ।

1947 ਦੇ ਅਗਸਤ ਮਹੀਨੇ ਜਦੋਂ ਦੋਵੇਂ ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ ਤਾਂ ਪੰਜਾਬ ਅਤੇ ਬੰਗਾਲ 'ਚ ਹਜ਼ਾਰਾਂ ਲੋਕ ਕਤਲ ਹੋ ਰਹੇ ਸਨ, ਉੱਜੜ ਰਹੇ ਸਨ।

ਦੁਨੀਆ ਦਾ ਸਭ ਤੋਂ ਭਿਆਨਕ ਕਤਲੇਆਮ।

ਇਸ 'ਤੇ ਬਹੁਤ ਕੁਝ ਲਿਖਿਆ ਗਿਆ ਹੈ, ਪਰ ਇਹ ਵੰਡ ਇੰਨੀ ਭਿਆਨਕ ਸੀ ਕਿ ਇਸ ਨੂੰ ਸਮੁੱਚੇ ਤੌਰ 'ਤੇ ਹਾਲੇ ਤੱਕ ਵੀ ਪਰਿਭਾਸ਼ਿਤ ਕਰਨਾ ਸ਼ਾਇਦ ਸੰਭਵ ਨਹੀਂ ਹੋ ਸਕਿਆ, ਇਸ ਤ੍ਰਾਸਦੀ ਨੂੰ ਸ਼ਾਇਦ ਹੀ ਕਦੇ ਢੁਕਵੇਂ ਲਫਜ਼ ਮਿਲ ਸਕਣ। ਮੰਟੋ ਨੇ ਉਸ ਸਮੇਂ ਦੇ ਹਾਲਾਤ 'ਤੇ ਪਾਗਲਾਂ ਦਾ ਨਜ਼ਰੀਆ ਪੇਸ਼ ਕੀਤਾ ਤਾਂ ਕ੍ਰਿਸ਼ਨ ਚੰਦਰ ਨੇ ਫੁੱਟ ਪਾਊ ਤਾਕਤਾਂ ਕਿਵੇਂ ਕੰਮ ਕਰ ਰਹੀਆਂ ਸਨ, ਉਸ ਬਾਰੇ ਲਿਖਿਆ। ਖੁਸ਼ਵੰਤ ਸਿੰਘ ਨੇ ਕਤਲੋਗਾਰਤ ਨਾਲ ਭਰੀਆਂ ਰੇਲਾਂ ਬਾਰੇ ਲਿਖਿਆ ਤਾਂ ਇਸਮਤ ਚੁਗਤਾਈ ਨੇ ਉਹਨਾਂ ਮੁਸਲਮਾਨਾਂ ਬਾਰੇ ਲਿਖਿਆ, ਜੋ ਪੰਜਾਬ ਤੋਂ ਦੂਰ ਸਨ ਅਤੇ ਇਸ ਸ਼ਸ਼ੋਪੰਜ ਵਿੱਚ ਸਨ ਕਿ ਉਹਨਾਂ ਨੂੰ ਮੁਸਲਮਾਨਾਂ ਲਈ ਬਣੇ ਅਲਹਿਦਾ ਮੁਲਕ ਜਾਣਾ ਚਾਹੀਦਾ ਹੈ ਜਾਂ ਨਹੀਂ (ਗਰਮ ਹਵਾ) ਸੋਹਣ ਸਿੰਘ ਸੀਤਲ ਨੇ 'ਤੂਤਾਂ ਵਾਲਾ ਖੂਹ' 'ਚ ਵੰਡ ਤੋਂ ਪਹਿਲਾਂ ਦਾ ਮਾਹੌਲ ਲਿਖਿਆ ਕਿਸ ਤਰ੍ਹਾਂ ਪੰਜਾਬ ਭਾਈਚਾਰੇ ਤੇ ਖੁਸ਼ਹਾਲੀ ਦੀ ਇੱਕ ਮਿਸਾਲ ਬਣ ਕੇ ਜੀ ਰਿਹਾ ਸੀ।

ਹੋਰ ਵੀ ਬਹੁਤ ਕੁਝ ਲਿਖਿਆ ਗਿਆ ਹੈ, ਇਸੇ ਤਰ੍ਹਾਂ ਸਬੀਹਾ ਕੋਲ ਵੀ ਇੱਕ ਅਜਿਹੀ ਹੀ ਕਹਾਣੀ ਸੀ, ਜੋ ਅਸਲੀਅਤ ਦੇ ਨੇੜੇ ਸੀ ਤੇ ਵੰਡ ਤੋਂ ਕਈ ਸਾਲਾਂ ਬਾਅਦ ਵਾਪਰਦੀ ਹੈ। "ਖਾਮੋਸ਼ ਪਾਣੀ' ਦੀ ਸਮੀਖਿਆ ਕਰਦਿਆਂ ਅੰਗਰੇਜ਼ੀ ਦੇ ਅਖਬਾਰ ਵਿੱਚ ਇੱਕ ਲੇਖਕ ਲਿਖਦਾ ਹੈ ਕਿ ਉਦੋਂ ਔਰਤਾਂ ਦੀ ਹਾਲਤ ਬਿਆਨ ਤੋਂ ਬਾਹਰ ਹੈ। ਘਰ ਦੇ ਮਰਦ ਉਹਨਾਂ ਨੂੰ ਇਸ ਲਈ ਮਾਰ ਦੇਣਾ ਚਾਹੁੰਦੇ ਸਨ ਕਿ ਉਹ ਬੇਪੱਤੀ ਦਾ ਸ਼ਿਕਾਰ ਨਾ ਹੋ ਜਾਣ ਤੇ ਬਾਹਰ ਬੈਠੇ ਭੇੜੀਏ ਇਨਸਾਨ ਉਹਨਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਕੇ ਚੀਰਨ ਟੁੱਕਣ ਲਈ ਤਿਆਰ ਬੈਠੇ ਸਨ।

ਹਰ ਤਰਫ ਮੌਤ ਦਾ ਸਾਇਆ।

ਇਹ ਕਿੰਨੀ ਖਤਰਨਾਕ ਸਥਿਤੀ ਸੀ ਔਰਤਾਂ ਦੀ।

"ਖਾਮੋਸ਼ ਪਾਣੀ" ਇਹਨਾਂ ਔਰਤਾਂ ਵਿੱਚੋਂ ਹੀ ਇੱਕ ਔਰਤ ਦੀ ਕਹਾਣੀ ਹੈ, ਜੋ ਦੂਜੀਆਂ ਕੁੜੀਆਂ ਵਾਂਗ ਖੂਹ ਵਿੱਚ ਛਾਲ ਮਾਰਨ ਵੇਲੇ ਕਿਸੇ ਨਾ ਕਿਸੇ ਤਰ੍ਹਾਂ ਬਚ ਜਾਂਦੀ ਹੈ।

ਬਹਰਹਾਲ ਫਿਲਮ ਵੱਲ ਮੁੜਦੇ ਹਾਂ।

1979-80 ਸਾਲ ਹੈ।

ਨਾਲ ਦੇ ਪੰਜਾਬ ਦੇ ਜ਼ਿਲ੍ਹੇ ਰਾਵਲਪਿੰਡੀ ਦਾ ਇੱਕ ਪਿੰਡ ਹੈ "ਚਰਖੀ"। ਰਾਵਲਪਿੰਡੀ ਦਾ ਇਹ ਪਿੰਡ ਛੋਟੇ-ਛੋਟੇ ਪਹਾੜਾਂ 'ਚ ਘਿਰਿਆ ਹੋਇਆ ਹੈ।

ਜ਼ਿੰਦਗੀ ਮਾਮੂਲ ਅਨੁਸਾਰ ਚੱਲ ਰਹੀ ਹੈ। "ਆਇਸਾ" (ਕਿਰਨ ਖੇਰ) ਨੂੰ ਪਿੰਡ ਵਿੱਚ ਸਾਰੇ ਅਦਬ ਨਾਲ ਚਾਚੀ ਕਹਿੰਦੇ ਹਨ ਤੇ ਆਇਸਾ ਦਾ ਜਵਾਨ ਹੋ ਰਹੇ ਮੁੰਡੇ ਦਾ ਨਾਂਅ ਹੈ ਸਲੀਮ (ਆਮਿਰ ਅਲੀ) ਆਇਸਾ ਨੂੰ ਆਪਣੇ ਜਵਾਨ ਪੁੱਤਰ ਨਾਲ ਬਹੁਤ ਮੋਹ ਹੈ, ਇਹ ਉਸ ਨੇ ਮੰਗ-ਮੰਗ ਕੇ ਲਿਆ ਹੈ ਅਤੇ ਦਿਲ ਵਿੱਚ ਖਵਾਬ ਹੈ ਕਿ ਉਹ ਇਸ ਦੀ ਸ਼ਾਦੀ ਜ਼ੁਬੈਦਾ (ਸ਼ਿਲਪਾ ਸੁਕਲਾ) ਨਾਲ ਕਰੇਗੀ। ਜ਼ੁਬੈਦਾ ਜੋ ਉਸ ਦੀ ਸਹੇਲੀ ਦੀ ਲੜਕੀ ਹੈ, ਉਹ ਪਰਵਾਰ ਜੋ ਹਰ ਸੁੱਖ-ਦੁੱਖ ਵਿੱਚ ਉਸ ਨਾਲ ਰਹਿੰਦਾ ਹੈ। ਸਲੀਮ ਸੋਹਣਾ ਮੁੰਡਾ ਹੈ, ਭੋਲਾ-ਭਾਲਾ ਵੀ ਹੈ। ਉਹ ਜ਼ੁਬੈਦਾ ਨੂੰ ਮਿਲਦਾ ਰਹਿੰਦਾ ਹੈ, ਗੀਤ-ਸੰਗੀਤ ਸੁਣਨ ਦਾ ਤੇ ਬੰਸਰੀ ਵਜਾਉਣ ਦਾ ਸ਼ੌਕੀਨ ਨਰਮ ਦਿਲ ਮੁੰਡਾ।

ਉਸ ਦਾ ਪਿਤਾ ਹੁਣ ਜਹਾਨ 'ਚ ਨਹੀਂ ਮਾਂ ਹੈ 'ਆਇਸਾ''

ਦੇਸ਼ ਵਿੱਚ ਰਾਜ ਪਲਟਾ ਹੋ ਗਿਆ ਹੈ। ਜ਼ੁਲਫਕਾਰ ਅਲੀ ਭੁੱਟੋ ਨੂੰ ਫਾਂਸੀ ਦੇ ਦਿੱਤੀ ਗਈ ਹੈ ਅਤੇ ਸੱਤਾ 'ਤੇ ਜਨਰਲ ਜਿਆ ਉਲ ਹੱਕ ਦਾ ਕਬਜ਼ਾ ਹੋ ਗਿਆ ਹੈ। ਕੱਟੜਵਾਦੀ ਲੋਕ ਫਿਰ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ, ਜੋ ਦੇਸ਼ 'ਚ ਇਸਲਾਮਿਕ ਰਾਜ ਹੀ ਚਾਹੁੰਦੇ ਹਨ।

ਇਸ ਪਿੰਡ ਦਾ ਇੱਕ ਨੌਜਵਾਨ ਵੀ ਉਸੇ ਵਿਚਾਰਧਾਰਾ ਦਾ ਹਾਮੀ ਹੈ, ਜਿਸ ਕੋਲ ਉਸ ਦਾ ਇਕ ਦੋਸਤ ਸ਼ਹਿਰੋਂ ਆ ਕੇ ਰਹਿ ਰਿਹਾ ਹੈ। ਉਹ ਉਹਨਾਂ ਤਨਜ਼ੀਮਾਂ ਦਾ ਕਾਰਕੁਨ ਹੈ, ਜੋ ਕੱਟੜਤਾ ਦੀਆਂ ਹਾਮੀ ਹਨ। ਉਹਨਾਂ ਦਾ ਮਨਸੂਬਾ ਹੈ ਕਿ ਪਿੰਡ ਦੇ ਨੌਜਵਾਨਾਂ ਨੂੰ ਵੀ ਉਸੇ ਵਿਚਾਰਧਾਰਾ ਨਾਲ ਜੋੜ ਦਿੱਤਾ ਜਾਵੇ। ਹਾਲਾਂਕਿ ਸਲੀਮ ਨਰਮ ਦਿਲ ਮੁੰਡਾ ਹੈ, ਪਰ ਉਸ ਦਾ ਦੋਸਤ ਉਸ ਨੂੰ ਉਹਨਾਂ ਲੋਕਾਂ ਨਾਲ ਸ਼ਹਿਰ ਵਿੱਚ ਘੁੰਮਣ-ਫਿਰਨ ਲੈ ਜਾਂਦਾ ਹੈ, ਜੋ ਕੱਟੜਵਾਦੀ ਵਿਚਾਰਧਾਰਾ ਦੇ ਹੱਕ 'ਚ ਹਨ, ਇਸ ਸੋਹਬਤ ਦਾ ਸਲੀਮ 'ਤੇ ਪ੍ਰਭਾਵ ਪੈਂਦਾ ਹੈ ਤਾਂ ਉਸ ਦੀਆਂ ਗੱਲਾਂ ਵਿੱਚ ਕੱਟੜਤਾ ਦਾ ਅਸਰ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ।

ਆਇਸਾ ਨੂੰ ਪਤਾ ਲੱਗਦਾ ਹੈ ਤਾਂ ਉਹ ਪੁੱਤਰ ਬਾਰੇ ਫਿਕਰਮੰਦ ਹੋ ਜਾਂਦੀ ਹੈ। ਇਸੇ ਦਰਮਿਆਨ ਪਾਕਿਸਤਾਨ ਸਰਕਾਰ ਸਿੱਖ ਸ਼ਰਧਾਲੂਆਂ, ਯਾਤਰੂਆਂ ਨੂੰ ਪਾਕਿਸਤਾਨ ਆਉਣ ਦੀ ਇਜਾਜ਼ਤ ਦੇ ਦਿੰਦੀ ਹੈ।

ਪਿੰਡ ਵਿੱਚ ਆਇਸਾ ਦੀ ਸਾਰੀ ਇੱਜ਼ਤ ਕਰਦੇ ਹਨ, ਪਰ ਉਸ ਬਾਰੇ ਇਹ ਮਸ਼ਹੂਰ ਹੈ ਕਿ ਉਹ ਪਿੰਡ ਦੇ ਖੂਹ ਤੋਂ ਪਾਣੀ ਲੈਣ ਕਦੇ ਨਹੀਂ ਜਾਂਦੀ, ਇਹ ਕੋਈ ਨਹੀਂ ਜਾਣਦਾ ਕਿ ਕਿਉਂ ਉਹ ਖੂਹ ਵੱਲ ਨਹੀਂ ਗਈ ਕਦੇ। ਉਸ ਵਾਸਤੇ ਪਾਣੀ ਲਿਆਉਣ ਦਾ ਕੰਮ ਉਸ ਦੀ ਸਹੇਲੀ ਅੱਲਾ ਬੀ ਅਤੇ ਉਸ ਦੀ ਬੇਟੀ ਕਰ ਦਿੰਦੀਆਂ ਹਨ, ਰੋਜ਼ ਪਾਣੀ ਭਰ ਜਾਂਦੀਆਂ ਹਨ।

ਉਹ ਪਾਣੀ ਲੈਣ ਕਿਉਂ ਨਹੀਂ ਜਾਂਦੀ, ਉਸ ਦੇ ਬੇਟੇ ਨੂੰ ਵੀ ਨਹੀਂ ਇਹ ਇਲਮ ਨਹੀਂ। ਇਸ ਰਾਜ ਦਾ ਪਰਦਾ ਬਾਅਦ ਵਿੱਚ ਖੁੱਲ੍ਹਦਾ ਹੈ, ਫਿਲਮ ਦੇ ਤਕਰੀਬਨ ਅੱਧ 'ਚ।

ਹੁਣ ਜਦੋਂ ਆਇਸਾ ਦਾ ਬੇਟਾ ਸਲੀਮ ਕੱਟੜਵਾਦੀ ਵਿਚਾਰਧਾਰਾ ਦਾ ਹਾਮੀ ਹੋ ਰਿਹਾ ਹੈ, ਦੂਜੀਆਂ ਸ਼੍ਰੇਣੀਆਂ ਨੂੰ ਕਾਫਿਰ ਕਹਿਣਾ ਆਰੰਭ ਕਰਨ ਲੱਗਣ ਲੱਗਿਆ ਹੈ ਤਾਂ ਪਿੰਡ ਦੇ ਕੁਝ ਲੋਕ ਸਮਝਾਉਂਦੇ ਹਨ ਕਿ ਠੀਕ ਨਹੀਂ, ਇਹ ਰਾਜਨੀਤਕ ਚਾਲਾਂ ਨੇ, ਕੋਈ ਧਰਮ ਇਹ ਨਹੀਂ ਸਮਝਾਉਂਦਾ, ਪਰ ਉਹ ਨੌਜਵਾਨ ਉਹਨਾਂ ਨੂੰ ਚੁੱਪ ਕਰਾ ਦਿੰਦੇ ਹਨ।

ਬਲਕਿ ਉਹ ਉਹਨਾਂ ਲੋਕਾਂ ਨੂੰ ਦਬਾਉਣਾ ਚਾਹੁੰਦੇ ਹਨ, ਜੋ ਸੰਤਾਲੀ ਤੋਂ ਪਹਿਲਾਂ ਦੇ ਭਾਈਚਾਰੇ ਨੂੰ ਯਾਦ ਕਰਕੇ ਉਹਨਾਂ ਦਿਨਾਂ ਨੂੰ ਚੰਗਾ ਕਹਿੰਦੇ ਹਨ।

ਰਾਜਨੀਤਕ ਕਾਰਨਾਂ ਕਰਕੇ ਫੈਲੇ ਕੱਟੜਤਾ ਦੇ ਇਸੇ ਮਾਹੌਲ ਵਿੱਚ ਕਹਾਣੀ ਮੋੜ ਕੱਟਣਾ ਸ਼ੁਰੂ ਕਰਦੀ ਹੈ।

ਅਜਿਹਾ ਮੋੜ ਆਉਂਦਾ ਹੈ, ਜੋ ਆਇਸਾ ਦੀ ਵਸੀ-ਵਸਾਈ ਜ਼ਿੰਦਗੀ ਨੂੰ ਖਤਮ ਕਰਕੇ ਰੱਖ ਦਿੰਦਾ ਹੈ, ਭਾਰਤ ਤੋਂ ਗੁਰਧਾਮਾਂ ਦੇ ਦਰਸ਼ਨ ਲਈ ਸਿੱਖਾਂ ਦਾ ਇੱਕ ਜੱਥਾ ਪਾਕਿਸਤਾਨ ਆਇਆ ਹੋਇਆ ਹੈ। ਆਏ ਹੋਏ ਸਿੱਖ ਜੱਥੇ ਵਿੱਚ ਇੱਕ ਸਿੱਖ ਅਜਿਹਾ ਵੀ ਹੈ, ਜੋ ਆਪਣੀ ਭੈਣ ਨੂੰ ਭਾਲਣ ਆਇਆ ਹੋਇਆ ਹੈ, ਜਿਸ ਬਾਰੇ ਉਹਨਾਂ ਨੂੰ ਯਕੀਨ ਹੈ ਕਿ ਉਹ ਵੰਡ ਦੇ ਦੁਖਾਂਤ ਵੇਲੇ ਬਚ ਗਈ ਸੀ। ਉਹ ਪਿੰਡੋਂ-ਪਿੰਡ ਵਿੱਚੋਂ ਪਤਾ ਕਰਦਾ ਹੈ ਕਿ ਕੀ ਕੋਈ ਅਜਿਹੀ ਔਰਤ ਹੈ, ਜੋ ਸੰਤਾਲੀ ਵੇਲੇ ਇੱਥੇ ਰਹਿ ਗਈ ਹੋਵੇ ਤਾਂ ਉਸ ਨੂੰ ਪਤਾ ਨਹੀਂ ਲੱਗਦਾ।

ਇੱਕ ਦਿਨ ਉਸ ਦੀ ਮੁਲਾਕਾਤ ਜ਼ੁਬੈਦਾ ਦੇ ਪਿਤਾ ਨਾਲ ਹੋ ਜਾਂਦੀ ਹੈ। ਪਿੰਡ ਵਿੱਚ ਸਿਰਫ ਉਹੀ ਹੈ, ਜਿਸ ਨੂੰ ਪਤਾ ਹੈ ਕਿ ਆਇਸਾ ਹੀ ਉਹ ਔਰਤ ਹੈ, ਜੋ ਸੰਤਾਲੀ ਦੀ ਵੰਡ ਵੇਲੇ ਖੂਹ ਵਿੱਚੋਂ ਛਾਲ ਮਾਰਨ ਵੇਲੇ ਬਚ ਗਈ ਸੀ ਅਤੇ ਬਾਅਦ ਵਿੱਚ ਉਸ ਨੂੰ ਸਲੀਮ ਦੇ ਪਿਤਾ ਨੇ ਵਸਾ ਲਿਆ ਸੀ।

ਪੁੱਛਦਾ ਪਛਾਂਦਾ ਸਿੱਖ ਜਥੇ ਵਿੱਚ ਆਇਆ, ਉਹ ਸ਼ਖਸ ਜਦੋਂ ਆਇਸਾ ਦੇ ਘਰ ਪਹੁੰਚਦਾ ਹੈ ਅਤੇ ਆਇਸਾ ਨੂੰ ਕਹਿੰਦਾ ਹੈ ਕਿ ਉਸ ਦਾ ਪਿਤਾ ਮਰਨ ਵਾਲਾ ਹੈ, ਉਹ ਆਖਰੀ ਵਾਰ ਆਪਣੀ "ਵੀਰੋ" (ਆਇਸਾ ਦਾ ਬਚਪਨ ਦਾ ਨਾਂਅ) ਨੂੰ ਮਿਲਣਾ ਚਾਹੁੰਦਾ ਹੈ ਤਾਂ ਆਇਸਾ ਜਾਣ ਤੋਂ ਮਨ੍ਹਾ ਕਰ ਦਿੰਦੀ ਹੈ। ਉਸ ਨੇ ਬੜੇ ਤਪ ਅਤੇ ਕਠਿਨਾਈਆਂ ਤੋਂ ਬਾਅਦ ਇਹ ਜ਼ਿੰਦਗੀ ਹਾਸਲ ਕੀਤੀ ਹੈ, ਸੋਹਣਾ ਪੁੱਤ ਹੈ, ਮਿਲਵਰਤਨ ਹੈ। ਉਹ ਇਸ ਨੂੰ ਤਬਾਹ ਨਹੀਂ ਕਰ ਸਕਦੀ, ਪਰ ਬਦਕਿਸਮਤੀ ਨਾਲ ਇਸੇ ਗੱਲਬਾਤ ਦੌਰਾਨ ਉਸ ਦਾ ਕੱਟੜਵਾਦੀ ਵਿਚਾਰਧਾਰਾ ਵਿੱਚ ਗ੍ਰਿਫਤ ਲੜਕਾ ਸਲੀਮ ਵੀ ਆ ਜਾਂਦਾ ਹੈ।

ਇਹ ਸਭ ਕੁਝ ਵੇਖ ਕੇ ਸਲੀਮ ਆਪਣੀ ਮਾਂ ਨਾਲ ਨਫਰਤ ਕਰਨ ਲੱਗ ਜਾਂਦਾ ਹੈ।

ਭਾਵੇਂ ਆਇਸਾ ਆਪਣੇ ਸਿੱਖ ਭਰਾ ਨਾਲ ਨਹੀਂ ਜਾਂਦੀ, ਪਰ ਉਸ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ, ਉਸ ਨੂੰ ਇੰਨੇ ਸਾਲਾਂ ਬਾਅਦ ਯਾਦ ਆ ਜਾਂਦਾ ਹੈ ਕਿ ਉਹ "ਵੀਰੋ" ਸੀ।

ਮਾਹੌਲ ਵਿੱਚ ਘੁਲ ਰਹੀ ਕੱਟੜਤਾ ਅਤੇ ਆਪਣੇ ਸਿੱਖ ਭਰਾ ਦੇ ਆਉਣ ਤੋਂ ਬਾਅਦ ਬਣੇ ਹਾਲਾਤ ਕਾਰਨ ਆਇਸਾ ਦੇ ਜੀਵਨ 'ਚ ਭੂਚਾਲ ਆ ਜਾਂਦਾ ਹੈ, ਉਸ ਦਾ ਸਮਾਜਿਕ ਜੀਵਨ ਖਤਮ ਹੋ ਜਾਂਦਾ ਹੈ, ਸਾਲਾਂ ਤੋਂ ਸਾਥਣ ਅੱਲਾ ਬੀ ਵੀ ਸਾਥ ਛੱਡ ਦਿੰਦੀ ਹੈ, ਉਹ ਅਤੇ ਉਸ ਦੀ ਧੀ ਹੁਣ ਪਾਣੀ ਭਰਨ ਨਹੀਂ ਆਉਂਦੀਆਂ। ਸਾਲਾਂ ਪੁਰਾਣੀ ਸਹੇਲੀ ਵੀ ਉਸ ਨਾਲ ਬਾਜ਼ਾਰ ਜਾਣ ਤੋਂ ਕਤਰਾਉਂਦੀ ਹੈ, ਜੋ ਹਮੇਸ਼ਾ ਉਸ ਨਾਲ ਰਹਿੰਦੀ ਹੁੰਦੀ ਸੀ।

ਇੱਕ ਦਿਨ ਬਾਜ਼ਾਰ ਵਿੱਚ ਉਹ ਦੇਖਦੀ ਹੈ ਕਿ ਨੌਜਵਾਨਾਂ ਦਾ ਇੱਕ ਝੁੰਡ ਹਿੰਦੁਸਤਾਨ ਤੋਂ ਆਏ ਸਿੱਖਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਉਸ ਵਿੱਚ ਬੜੀ ਸਰਗਰਮੀ ਨਾਲ ਉਸ ਦਾ ਆਪਣਾ ਬੇਟਾ ਵੀ ਸ਼ਾਮਲ ਹੈ।

ਇਹ ਦੇਖ ਕੇ ਉਸ ਦੀ ਰੂਹ ਕੰਬ ਜਾਂਦੀ ਹੈ।

ਵੱਢਾ-ਟੁੱਕੀ ਦੇ ਮੰਜ਼ਰ ਉਸ ਦੇ ਜ਼ਿਹਨ ਵਿੱਚ ਦੁਬਾਰਾ ਆਉਣੇ ਸ਼ੁਰੂ ਹੋ ਜਾਂਦੇ ਹਨ। ਫਿਰ ਭਾਵੇਂ ਹੁਣ ਉਹ ਆਇਸਾ ਹੈ, ਪਰ ਉਸ ਦੀ ਪਰਵਰਿਸ਼ ਤਾਂ ਸਿੱਖਾਂ ਦੇ ਘਰ ਵਿੱਚ ਹੀ ਹੋਈ ਸੀ। ਉੱਤੋਂ ਉਸ ਦਾ ਆਪਣਾ ਬੇਟਾ ਉਹਨਾਂ ਦੇ ਵਿਰੁੱਧ ਨਫਰਤ ਨਾਲ ਭਰਿਆ ਹੋਇਆ ਹੈ।

ਬੜੇ ਸੰਗੀਨ ਹਾਲਾਤ ਬਣ ਰਹੇ ਸਨ।

ਹੁਣ ਬਦਲੇ ਹਾਲਾਤ 'ਚ ਜ਼ੁਬੈਦਾ ਦੇ ਮਾਪੇ ਵੀ ਨਹੀਂ ਚਾਹੁੰਦੇ ਕਿ ਉਹ ਸਲੀਮ ਅਤੇ ਜ਼ੁਬੈਦਾ ਦੇ ਵਿਆਹ ਵਿੱਚ ਆਇਸਾ ਵੀ ਸ਼ਾਮਲ ਹੋਵੇ, ਉਨ੍ਹਾਂ ਮੁਤਾਬਕ ਇਹ ਕਿਸੇ ਲਈ ਵੀ ਖਤਰੇ ਤੋਂ ਖਾਲੀ ਨਹੀਂ ਹੈ, ਮਾਹੌਲ ਖਰਾਬ ਹੈ ਤੇ ਹੁਣ ਸਭ ਨੂੰ ਪਤਾ ਲੱਗ ਗਿਆ ਹੈ ਕਿ ਉਹ ਸਿੱਖਾਂ ਦੀ ਧੀ ਹੈ।

ਸਲੀਮ ਦੀਆਂ ਅੱਖਾਂ 'ਤੇ ਕੱਟੜਤਾ ਦੀ ਪੱਟੀ ਬੰਨ੍ਹੀ ਹੋਈ ਹੈ, ਉਹ ਸਿੱਖਾਂ ਨੂੰ ਕਾਫਰ ਮੰਨਦਾ ਹੈ ਤੇ ਹੁਣ ਇਹਨਾਂ 'ਚ ਉਸ ਦੀ ਆਪਣੀ ਮਾਂ ਵੀ ਸ਼ਾਮਲ ਹੈ।

ਮਾਨਸਿਕ ਟੁੱਟ-ਭੱਜ ਦੇ ਇਸੇ ਦੌਰ ਵਿੱਚ ਪਹਿਲੀ ਵਾਰ ਖੂਹ 'ਤੇ ਗਈ ਆਇਸਾ ਦੀ ਮੁਲਾਕਾਤ ਉਸ ਦੇ ਭਰਾ ਨਾਲ ਹੁੰਦੀ ਹੈ, ਭਰਾ ਕਹਿੰਦਾ ਹੈ ਕਿ ਬਾਪੂ ਆਖਰੀ ਸਮੇਂ ਵਿੱਚ ਉਸ ਨੂੰ ਦੇਖਣਾ ਚਾਹੁੰਦਾ ਹੈ ਆਪਣੀ ਵੀਰੋ ਨੂੰ।

ਆਇਸਾ ਜੋ ਕਿ ਅਤੀਤ ਦੀ ਵੀਰੋ ਹੈ, ਦੁਰਾਹੇ 'ਤੇ ਖੜੀ ਹੈ। ਆਪਣੇ ਭਰਾ ਨੂੰ ਕਹਿੰਦੀ ਹੈ ਕਿ ਉਹ ਇੰਨੀ ਦੇਰ ਤੱਕ ਉਹਨਾਂ ਵਾਸਤੇ ਮਰੀ ਹੋਈ ਸੀ ਤਾਂ ਹੁਣ ਵੀ ਉਹਨੂੰ ਮਰੀ ਹੋਈ ਹੀ ਸਮਝ ਲੈਣ, ਹੁਣ ਇਹ ਹਾਲਾਤ ਨਹੀਂ ਕਿ ਉਹ ਆਪਣੇ ਪਿਤਾ ਨੂੰ ਮਿਲਣ ਜਾ ਸਕੇ, ਉਸ ਦਾ ਘਰ ਤਬਾਹ ਹੋ ਜਾਵੇਗਾ, ਚਾਵਾਂ ਨਾਲ ਪਾਲੇ ਪੁੱਤ ਦਾ ਜੀਵਨ ਬਰਬਾਦ ਹੋ ਜਾਏਗਾ।

ਭਰਾ ਨਾਲ ਕੀਤੀਆਂ ਇਹ ਗੱਲਾਂ ਬੜੀਆਂ ਕਰੁਣਾਮਈ ਹਨ। ਉਹ ਕਹਿੰਦੀ ਹੈ ਕਿ ਪਹਿਲਾਂ ਵੰਡ ਨੇ ਮੇਰੇ ਕੋਲੋਂ ਜੰਨਤ ਖੋਹ ਲਈ, ਜਦੋਂ ਮੈਂ ਸਿੱਖ ਸੀ, ਹੁਣ ਜਦੋਂ ਮੈਂ ਮੁਸਲਮਾਨ ਹਾਂ ਤਾਂ

ਬਾਕੀ ਆਖ਼ਰੀ ਤੋਂ ਪਹਿਲੇ ਸਫ਼ੇ 'ਤੇ

CMYK

# ਬਾਤ ਨਿਕਲੀ ਤੋ ਹਰ ਇੱਕ ਬਾਤ ਪੇ ਰੋਨਾ ਆਇਆ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਕਦੇ-ਕਦੇ ਸਾਡੇ ਕੋਲ ਏਨਾ ਕੁਝ ਹੁੰਦਾ ਹੈ ਕਿ ਉਸ ਵਿੱਚੋਂ ਕਿਹੜੀ ਚੀਜ਼ ਪਹਿਲਾਂ ਲਿਖੀ ਜਾਵੇ ਤੇ ਕਿਹੜੀ ਬਾਅਦ ਵਿੱਚ ਲਿਖਣ ਲਈ ਛੱਡ ਦੇਈਏ, ਇਹ ਫੈਸਲਾ ਕਰਨਾ ਔਖਾ ਹੁੰਦਾ ਹੈ ਅਤੇ ਕਦੀ-ਕਦੀ ਕੋਈ ਮੁੱਦਾ ਲਿਖਣ ਜੋਗਾ ਨਹੀਂ ਲੱਭਦਾ। ਇਸ ਵਕਤ ਹਾਲਾਤ ਇਹੋ ਜਿਹੇ ਬਣੀ ਜਾਂਦੇ ਹਨ ਕਿ ਮੁੱਦਿਆਂ ਦੀ ਕਮੀ ਨਹੀਂ, ਲਿਖਣ ਤੋਂ ਹੱਥ ਵੀ ਸਾਡੇ ਕੋਈ ਨਹੀਂ ਫੜ ਰਿਹਾ, ਪਰ ਏਦਾਂ ਲੱਗਣ ਲੱਗ ਜਾਂਦਾ ਹੈ ਕਿ ਕੁਝ ਲੋਕ ਖੁਦ ਕੁਝ ਕਰ ਵਿਖਾਉਣ ਦੀ ਥਾਂ ਸਾਡੇ ਮੋਢਿਆਂ ਉੱਤੇ ਰੱਖ ਕੇ ਵੀ ਬੰਦੂਕ ਖੁਦ ਨਹੀਂ ਚਲਾਉਣੀ ਚਾਹੁੰਦੇ, ਸਾਨੂੰ ਉਕਸਾ ਕੇ ਸਾਥੋਂ ਚਲਵਾਉਣੀ ਚਾਹੁੰਦੇ ਹਨ। ਭਾਰਤ ਵਿਚਲੇ ਵੀ ਥੋੜ੍ਹੇ ਨਹੀਂ ਤੇ ਵਿਦੇਸ਼ ਵਿਚਲੇ ਕਈ ਸੱਜਣ ਵੀ ਸਾਨੂੰ ਫੋਨ ਕਰਦੇ ਅਤੇ ਦੋ ਮਿੰਟ ਗੱਲ ਕਰਨ ਲਈ ਕਹਿ ਕੇ ਜਲੰਧਰ ਤੋਂ ਚੰਡੀਗੜ੍ਹ ਪਹੁੰਚਣ ਦੇ ਸਮੇਂ ਜਿੰਨੀ ਲੰਮੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਦੇਸ਼ ਦੇ ਹਾਲਾਤ ਵਿਗੜਦੇ ਜਾਂਦੇ ਹਨ ਤੇ ਤੁਹਾਨੂੰ ਆਹ ਕੁਝ ਕਰਨ ਵਾਸਤੇ ਪਹਿਲ ਕਰਨੀ ਚਾਹੀਦੀ ਹੈ। ਉਹ ਦੇਸ਼ ਭਗਤ ਗਦਰੀ ਬਾਬਿਆਂ ਦੀ ਸੋਚ ਬਚਾਉਣ ਦੀ ਗੱਲ ਕਰਦੇ ਹਨ, ਪਰ ਜਦੋਂ ਕਿਹਾ ਜਾਵੇ ਕਿ ਬਾਬੇ ਅਮਰੀਕਾ-ਕੈਨੇਡਾ ਵਿੱਚ ਔਖੇ ਹੋ ਕੇ ਬਣਾਏ ਅੱਡੇ ਛੱਡ ਕੇ ਦੇਸ਼ ਬਚਾਉਣ ਲਈ ਭਾਰਤ ਵੱਲ ਚੱਲ ਪਏ ਸਨ, ਉਨ੍ਹਾਂ ਵਾਂਗ ਤੁਸੀਂ ਏਥੇ ਆ ਜਾਵੋ, ਆਪਾਂ ਸਾਰੇ ਏਥੇ ਮਿਲ ਕੇ ਯਤਨ ਕਰਾਂਗੇ ਤਾਂ ਕੰਨੀਂ ਖਿਸਕਾ ਕੇ ਕਹਿੰਦੇ ਹਨ ਕਿ ਤੁਸੀਂ ਸਾਨੂੰ 'ਕੰਡਿਆਂ ਤੋਂ ਘੜੀਸਣਾ' ਚਾਹੁੰਦੇ ਹੋ। 'ਕੰਡਿਆਂ ਤੋਂ ਘੜੀਸਣ' ਦੇ ਮੁਹਾਵਰੇ ਦਾ ਚੇਤਾ ਉਨ੍ਹਾਂ ਨੂੰ ਸ਼ਾਇਦ ਫੋਨ ਕਰਨ ਤੋਂ ਪਹਿਲਾਂ ਆ ਗਿਆ ਹੋਵੇ ਤੇ ਏਸੇ ਮੁਹਾਵਰੇ ਨੇ ਉਨ੍ਹਾਂ ਨੂੰ ਪ੍ਰੇਰਿਆ ਹੋਵੇ ਕਿ ਇਨ੍ਹਾਂ ਲੋਕਾਂ ਨੂੰ ਉਕਸਾ ਕੇ 'ਕੰਡਿਆਂ ਤੋਂ ਘੜੀਸਣ' ਦਾ ਇੱਕ ਹੋਰ ਬਹਾਨਾ ਵਰਤ ਲਿਆ ਜਾਵੇ। ਅਮਰੀਕਾ ਤੋਂ ਇੱਕ ਸੱਜਣ ਨੇ ਕਹਿ ਦਿੱਤਾ ਹੈ ਕਿ ਭਾਰਤ ਤੇ ਪੰਜਾਬ ਨੂੰ 'ਇੱਕ ਹੋਰ ਗ਼ਦਰ ਪਾਰਟੀ ਦੀ ਲੋੜ ਹੈ', ਪਰ ਆਪਣੇ ਬਾਰੇ ਜਦੋਂ ਪੁੱਛਿਆ ਤਾਂ ਕਹਿੰਦਾ ਹੈ ਕਿ ਘਰ ਦੀਆਂ ਮਜਬੂਰੀਆਂ ਏਨੀਆਂ ਹਨ ਕਿ ਜੇ ਉਹ ਖੁਦ ਭਾਰਤ ਨੂੰ ਆ ਗਿਆ ਤਾਂ ਬੜੀ ਮਿਹਨਤ ਨਾਲ ਕਾਇਮ ਕੀਤਾ ਸਾਰਾ ਕਾਰੋਬਾਰ ਹਿੱਲ ਜਾਵੇਗਾ। 'ਸ਼ਾਇਦ' ਉਹ ਸਾਡੇ ਤੋਂ ਜ਼ਿਆਦਾ ਹਕੀਕਤ ਪਸੰਦ ਹੈ।

ਪਿਛਲੇ ਹਫਤੇ ਉਸ ਦੇ ਤਿੰਨ ਵਾਰੀ ਫੋਨ ਆਏ, ਵਕਤ ਕੱਢ ਕੇ ਸੁਣ ਲਏ, ਪਰ ਗੱਲ ਉਹ ਏਥੇ ਨਿਬੇੜਦਾ ਸੀ ਕਿ ਭਾਰਤ ਦਾ ਲੋਕਤੰਤਰ ਇਸ ਲਈ ਨਿਕੰਮਾ ਹੋ ਗਿਆ ਹੈ ਕਿ ਲੋਕ ਹੀ ਕਿਸੇ ਕੰਮ ਦੇ ਨਹੀਂ, ਆਗੂ ਲਿਫਾਫੇਬਾਜ਼ੀ ਕਰਨ ਦਾ ਮਾਹਰ ਹੋਣਾ ਚਾਹੀਦਾ ਹੈ, ਜਾਣੇ-ਪਛਾਣੇ ਚੋਰਾਂ ਨੂੰ ਵੀ ਵੋਟਾਂ ਪਾਈ ਜਾਂਦੇ ਹਨ। ਮੈਂ ਐਵੇਂ ਇਹ ਕਹਿ ਦਿੱਤਾ ਕਿ ਅੱਜਕੱਲ੍ਹ ਤੁਹਾਡੇ ਦੇਸ਼ ਵਿੱਚ ਰਾਸ਼ਟਰਪਤੀ ਚੋਣ ਲਈ ਡੋਨਾਲਡ ਟਰੰਪ ਜ਼ੋਰ ਲਾ ਰਿਹਾ ਹੈ, ਪਰ ਉਸ ਦੇ ਖਿਲਾਫ ਦੋਸ਼ ਬੜੇ ਲੱਗਦੇ ਪਏ ਹਨ। ਅੱਗੋਂ ਉਸ ਨੇ ਕਿਹਾ ਕਿ ਦੋਸ਼ ਝੂਠੇ ਨਹੀਂ ਲੱਗ ਰਹੇ, ਟਰੰਪ ਹੈ ਹੀ ਬੇਈਮਾਨ। ਮੈਂ ਹੱਸ ਕੇ ਕਿਹਾ ਕਿ ਭਾਰਤ ਦੇ ਲੋਕ ਨਿਕੰਮੇ ਹਨ, ਜਾਣੇ-ਪਛਾਣੇ ਚੋਰਾਂ ਨੂੰ ਵੀ ਵੋਟਾਂ ਪਾਈ ਜਾਂਦੇ ਹਨ, ਪਰ ਅਮਰੀਕੀ ਲੋਕ ਵੀ ਟਰੰਪ ਵਰਗੇ ਬੰਦੇ ਨੂੰ ਜਿਤਾਉਣ ਲਈ ਨੱਚੀ ਜਾਂਦੇ ਹਨ, ਨਿਕੰਮੇ ਤਾਂ ਇਹ ਵੀ ਹਨ। ਉਹਦਾ ਜਵਾਬ ਇਹ ਸੀ ਕਿ ਇਹ ਤੂੰ ਇਸ ਲਈ ਕਹਿੰਦਾ ਹੈਂ ਕਿ ਤੈਨੂੰ ਅਮਰੀਕਾ ਦੇ ਲੋਕਤੰਤਰ ਦੀਆਂ ਰਵਾਇਤਾਂ ਦਾ ਪਤਾ ਨਹੀਂ। ਅਮਰੀਕਾ ਦੇ ਲੋਕਤੰਤਰ ਦੀਆਂ ਕਿਹੋ ਜਿਹੀਆਂ ਰਵਾਇਤਾਂ ਦੀ ਗੱਲ ਉਹ ਕਰਦਾ ਸੀ, ਮੈਂ ਨਹੀਂ ਜਾਣ ਸਕਿਆ, ਪਰ ਮੈਨੂੰ ਇਸ ਗੱਲ ਦਾ ਪਤਾ ਹੈ ਕਿ ਇਜ਼ਰਾਈਲ ਵਿੱਚ ਸੌ ਸਕੈਂਡਲੀ ਚਰਚਿਆਂ ਦੇ ਬਾਵਜੂਦ ਜੇ ਲੋਕ ਬੈਂਜਾਮਿਨ ਨੇਤਨਯਾਹੂ ਨੂੰ ਜਿਤਾ ਸਕਦੇ ਹਨ ਤਾਂ ਲੋਕਤੰਤਰ ਹੈ, ਭਾਰਤ ਦੇ ਲੋਕ ਚੋਰਾਂ ਨੂੰ ਜਿਤਾ ਦੇਣ ਤਾਂ ਉਹ ਨਿਕੰਮੇ ਹਨ ਅਤੇ ਇਸ ਦੇਸ਼ ਦਾ ਲੋਕਤੰਤਰ ਵੀ ਨਿਕੰਮਾ ਹੈ।

ਸਾਡੇ ਭਾਰਤੀ ਲੋਕਤੰਤਰ ਨੂੰ ਨਿਕੰਮਾ ਹੋਈ ਜਾਂਦਾ ਕਹਿਣ ਦੀ ਲੋੜ ਨਹੀਂ, ਅਸੀਂ ਇਸ ਨੂੰ ਪਹਿਲਾਂ ਹੀ ਲੀਹੋਂ ਲੱਥ ਚੁੱਕਾ ਮੰਨ ਚੁੱਕੇ ਹਾਂ ਤੇ ਬਹੁਤ ਚਿਰ ਤੋਂ ਭਾਰਤ ਵਿੱਚ ਬੈਠੇ ਉਹ ਕੁਝ ਲਿਖ ਰਹੇ ਹਾਂ, ਜਿਸ ਬਾਰੇ ਸਾਨੂੰ ਕਈ ਵਾਰ ਇਹ ਸਮਝਾਉਣੀ ਦਿੱਤੀ ਜਾਂਦੀ ਹੈ ਕਿ ਬਥੇਰਾ ਲਿਖ ਲਿਆ, ਅੱਗੋਂ ਕੁਝ ਘੱਟ ਕਰ ਦਿਓ। ਅਸੀਂ ਲਿਖਣਾ ਨਹੀਂ ਛੱਡ ਸਕਦੇ ਤਾਂ ਇਸ ਦਾ ਕਾਰਨ ਇਹ ਨਹੀਂ ਕਿ ਬੱਚਾ ਮੂਲਾ ਹੱਟੀ ਨਹੀਂ ਬਹੇਗਾ ਤਾਂ ਕੀ ਕਰੇਗਾ, ਸਗੋਂ ਇਹ ਹੈ ਕਿ ਜਿੰਨਾ ਕੁਝ ਭਾਰਤ ਦੇ ਲੋਕ ਝੱਲ ਰਹੇ ਹਨ, ਉਹ ਸਾਨੂੰ ਚੁੱਪ ਨਹੀਂ ਰਹਿਣ ਦੇਂਦਾ। ਭਾਰਤ ਦੇਸ਼ ਦੇ ਹਰ ਰਾਜ ਵਿੱਚ ਆਮ ਲੋਕ ਇਹੋ ਜਿਹੇ ਨਰਕ ਵਰਗੇ ਦਿਨ ਕੱਟ ਰਹੇ ਹਨ, ਜਿਨ੍ਹਾਂ ਨੂੰ ਜਿਊਣਾ ਨਹੀਂ ਕਿਹਾ ਜਾ ਸਕਦਾ, ਜੂਨ ਭੁਗਤਣਾ ਕਹੋ ਤਾਂ ਵੱਧ ਠੀਕ ਲੱਗਦਾ ਹੈ, ਪਰ ਉਨ੍ਹਾਂ ਦੀਆਂ ਵੋਟਾਂ ਨਾਲ ਜਿੱਤੇ ਲੀਡਰਾਂ ਦੇ ਘਰਾਂ ਦੇ ਜਵਾਕ ਜੰਮਦੇ ਸਾਰ ਕੁਰਸੀਆਂ ਵੱਲ ਝਾਕੀ ਜਾਂਦੇ ਹਨ। ਜਿਨ੍ਹਾਂ ਨੇ ਵੰਸ਼ਵਾਦ ਦੇ ਖਾਤਮੇ ਦੀਆਂ ਟਾਹਰਾਂ ਮਾਰੀਆਂ ਸਨ, ਉਨ੍ਹਾਂ ਆਪਣੀ ਲੋੜ ਲਈ ਵੰਸ਼ਵਾਦ ਦੀ ਇਨਫੈਕਸ਼ਨ ਨਾਲ ਪਰੁੱਚੇ ਹੋਏ ਬੰਦੇ ਆਪਣੇ ਨਾਲ ਜੋੜ ਕੇ ਰਾਜ ਦਾ ਸੁੱਖ ਮਾਣਨ ਵਿੱਚ ਕਦੇ ਝਿਜਕ ਨਹੀਂ ਵਿਖਾਈ। ਜਿਨ੍ਹਾਂ ਨੇ ਇਹ ਕਿਹਾ ਸੀ ਕਿ 'ਮੇਰੇ ਕੋਈ ਆਗੇ ਨਾ ਪੀਛੇ, ਨਾ ਮੈਂ ਖਾਊਂਗਾ, ਨਾ ਖਾਨੇ ਦੂੰਗਾ' ਉਹ ਹਰ ਵੱਡੇ ਚੋਰ ਨੂੰ ਖਾਣ ਦਾ ਖੁੱਲ੍ਹਾ ਮੌਕਾ ਬਖਸ਼ ਦੇਣ ਨੂੰ ਤਿਆਰ ਹਨ, ਸ਼ਰਤ ਸਿਰਫ ਇੱਕੋ ਹੈ ਕਿ ਉਹ ਨਵੇਂ ਯੁੱਗ ਵਿੱਚ ਨਵੇਂ ਉੱਭਰੇ 'ਰਾਜ-ਰਿਸ਼ੀ' ਦਾ ਸਵੇਰੇ-ਸ਼ਾਮ ਰਟਨ ਕਰਨ ਲਈ ਤਿਆਰ ਹੋਵੇ। ਉਹ ਕਿਸੇ ਗੱਲ ਬਾਰੇ ਕਿੰਤੂ ਕਰਨ ਦਾ ਕੀੜਾ ਆਪਣੇ ਸਿਰ ਵਿੱਚੋਂ ਕੱਢ ਦੇਵੇ ਤੇ ਅੰਗਰੇਜ਼ੀ ਦੇ ਮੁਹਾਵਰੇ ਵਾਂਗ ਅਜੋਕੇ ਸੰਸਾਰ ਦਾ ਸੁਨਹਿਰਾ ਅਸੂਲ 'ਬਾਸ ਇਜ਼ ਆਲਵੇਜ਼ ਰਾਈਟ' ਨੂੰ ਸੰਸਾਰ ਦੀ ਚਾਲਕ-ਸ਼ਕਤੀ ਦੇ ਰੂਪ ਵਿੱਚ ਸਵੀਕਾਰ ਕਰਨ ਦੀ 'ਜੁਰਅਤ' ਅਖਵਾਉਂਦੀ ਕਾਇਰਤਾ ਕਰ ਸਕਦਾ ਹੋਵੇ। ਬਹੁਤ ਬਹਾਦਰ ਭਾਰਤ ਦੇ ਲੋਕਾਂ ਨੇ ਇਤਿਹਾਸ ਨੂੰ ਮੋੜੇ ਵੀ ਬਹੁਤ ਸਾਰੇ ਦਿੱਤੇ ਹੋਏ ਹਨ। ਇਸ ਦੇਸ਼ ਦੇ ਅੰਦਰੋਂ ਹਾਕਮਾਂ ਦੀ ਖਿਦਮਤ ਲਈ ਹਰ ਬੇਸ਼ਰਮੀ ਕਰਨ ਨੂੰ ਤਿਆਰ ਰਹਿਣ ਦੀਆਂ ਮਿਸਾਲਾਂ ਵੀ ਇਤਿਹਾਸ ਦੇ ਵਰਕਿਆਂ ਵਿੱਚੋਂ ਲੱਭਣੀਆਂ ਔਖੀਆਂ ਨਹੀਂ।

ਪੰਜਾਬੀ ਦੀ ਕਹਾਵਤ ਹੈ ਕਿ 'ਜਿਹੋ ਜਿਹੀ ਕੋਕੋ, ਉਹੋ ਜਿਹੇ ਬੱਚੇ।' ਇਹ ਕਹਾਵਤ ਅੱਧੀ ਸੱਚ ਹੈ। ਕੋਕੋ ਦੇ ਬੱਚੇ ਕੋਕੋ ਵਰਗੇ ਹੁੰਦੇ ਨਹੀਂ, ਉਹ ਬਣਾ ਲੈਂਦੀ ਹੁੰਦੀ ਹੈ। ਅਸੀਂ ਪੰਜਾਬ ਵਿੱਚ ਇਹ ਵੇਖਿਆ ਹੈ ਕਿ ਕੋਈ ਮੁੱਖ ਮੰਤਰੀ ਖੁਦ ਸਟੇਜਾਂ ਤੋਂ ਕਹਿੰਦਾ ਹੁੰਦਾ ਸੀ ਕਿ ਮੈਂ ਬਿਜਲੀ ਵਾਲਿਆਂ ਨੂੰ ਕਹਿ ਦਿੱਤਾ ਹੈ ਕਿ ਕਿਸੇ ਨੇ ਕੁੰਡੀਆਂ ਲਾਈਆਂ ਨੇ ਤਾਂ ਉਸ ਦਾ ਚਲਾਣ ਕਰਨ ਦੀ ਲੋੜ ਨਹੀਂ, ਪਾਸਾ ਵੱਟ ਕੇ ਲੰਘ ਜਾਇਆ ਕਰੋ। ਉਸ ਦੀ ਇਸ ਗੱਲ ਉੱਤੇ ਲੋਕਾਂ ਨੇ ਸਮੁੱਚੇ ਜ਼ੋਰ ਨਾਲ ਤਾੜੀਆਂ ਮਾਰੀਆਂ ਸਨ ਕਿ ਉਨ੍ਹਾਂ ਨੂੰ ਛੋਟ ਮਿਲੀ ਹੈ, ਉਹ ਨਹੀਂ ਸੀ ਜਾਣਦੇ ਕਿ ਉਹ ਲੋਕਾਂ ਨੂੰ ਵਲਾਵੇਂ ਵਿੱਚ ਲੈ ਕੇ ਰਾਹ ਕੱਢਦਾ ਪਿਆ ਹੈ ਕਿ 'ਚੋਰੀ ਲੱਖ ਦੀ ਵੀ ਹੁੰਦੀ ਹੈ ਅਤੇ ਕੱਖ ਦੀ ਵੀ', ਜਿੰਨੀ ਕਰਨ ਜੋਗੇ ਹੋ, ਤੁਸੀਂ ਕਰਦੇ ਰਹੋ ਅਤੇ ਮੈਂ ਨਹੀਂ ਰੋਕਦਾ ਤੇ ਮੇਰੀ ਟੀਮ ਜੋ ਮਰਜ਼ੀ ਕਰੀ ਜਾਵੇ, ਤੁਸੀਂ ਕਿਸੇ ਦੀਆਂ ਗੱਲਾਂ ਵਿੱਚ ਨਾ ਆਇਓ। ਏਡੀ ਸੌਖੀ ਜਿਹੀ ਚਾਲ ਨਾਲ 'ਕੋਕੋ' ਵਾਂਗ ਉਸ ਨੇ ਆਪਣੇ ਰਾਜ ਦੀ ਪਰਜਾ ਨੂੰ ਬੱਚਿਆਂ ਵਾਂਗ ਆਪਣੇ ਵਰਗੇ ਕਰ ਲਿਆ ਸੀ। ਭਾਰਤ ਦਾ ਪ੍ਰਧਾਨ ਮੰਤਰੀ ਉਸ ਤੋਂ ਜ਼ਿਆਦਾ ਚੁਸਤ ਹੋਣਾ ਚਾਹੀਦਾ ਹੈ, ਤਾਂ ਕਿ 'ਸਾਮ-ਦਾਮ-ਦੰਡ-ਭੇਦ' ਵਰਤਣ ਦੇ ਬਾਅਦ ਵੀ ਕੋਈ ਉਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਸੌ ਵਾਰੀ ਸੋਚਿਆ ਕਰੇ। ਸਿਰਕਰਦਾ ਚੋਰਾਂ ਨੂੰ ਪਹਿਲਾਂ ਡਾਂਟਣਾ ਅਤੇ ਫਿਰ ਉਨ੍ਹਾਂ ਵਿੱਚੋਂ ਕੰਮ ਦੇ ਬੰਦੇ ਛਾਂਟਣਾ ਅਤੇ ਆਪਣੇ ਵਿਹੜੇ ਦੇ ਗਮਲਿਆਂ ਵਿੱਚ ਬੂਟਿਆਂ ਵਾਂਗ ਲਿਆ ਸਜਾਉਣਾ ਉਸ ਨੇਤਾ ਨੂੰ ਆਉਂਦਾ ਹੋਣਾ ਚਾਹੀਦਾ ਹੈ। ਜਿਸ ਨੂੰ ਇਹ ਨਾ ਆਉਂਦਾ ਹੋਵੇ, ਉਹ ਡਾਕਟਰ ਮਨਮੋਹਨ ਸਿੰਘ ਵਾਂਗ ਦੂਸਰਿਆਂ ਦੀ ਮੁਥਾਜੀ ਕਰਨ ਤੱਕ ਵੀ ਸੀਮਤ ਹੋ ਜਾਂਦਾ ਹੈ ਤੇ ਉਨ੍ਹਾਂ ਸਾਰੇ ਦੂਸਰਿਆਂ ਦੇ ਗੁਨਾਹਾਂ ਦਾ ਭਾਰ ਵੀ ਉਸੇ ਨੂੰ ਏਦਾਂ ਚੁੱਕਣਾ ਪੈਂਦਾ ਹੈ, ਬੇਸ਼ੱਕ ਉਸ ਤੋਂ ਚੁੱਕਿਆ ਨਾ ਜਾਂਦਾ ਹੋਵੇ, ਪਰ ਚੁੱਕਣ ਤੋਂ ਨਾਂਹ ਕਰਨ ਜੋਗੀ ਹਿੰਮਤ ਉਸ ਕੋਲ ਨਹੀਂ ਰਹਿ ਜਾਂਦੀ।

ਇਸ ਵੇਲੇ ਨੇਤਾ ਏਨਾ ਸਿਆਣਾ ਹੈ ਕਿ ਉਸ ਨੇ ਖੁਦ ਕਦੇ ਕੁਝ ਖਾਧਾ ਹੋਵੇ, ਇਸ ਦੀ ਸਪੱਸ਼ਟ ਮਿਸਾਲ ਕਦੇ ਵੀ ਕਿਤੋਂ ਨਹੀਂ ਸੁਣੀ ਗਈ, ਪਰ ਉਸ ਨਾਲ ਜੁੜੇ ਲੋਕਾਂ ਨੇ ਕਿਸੇ ਪਾਸੇ ਕਸਰ ਨਹੀਂ ਰਹਿਣ ਦਿੱਤੀ। ਫਿਰ ਵੀ ਭਾਰਤ ਦੇ ਲੋਕਾਂ ਦਾ ਵੱਡਾ ਹਿੱਸਾ ਉਸ ਨੇਤਾ ਦੇ ਚੁਫੇਰੇ ਜੁੜੀ ਜੁੰਡੀ ਦੇ ਸਾਰੇ ਐਬਾਂ ਤੋਂ ਅੱਖਾਂ ਮੀਟੀ ਰੱਖਦਾ ਹੈ। ਕਾਰਨ ਬਹੁਤ ਸਾਫ ਹੈ ਕਿ ਉਸ ਨੇ ਭਾਰਤ ਦੇ ਲੋਕਾਂ ਨੂੰ ਰਾਜ, ਰਾਜੇ ਤੇ ਦੇਸ਼ ਦਾ ਇੱਕ ਨਵਾਂ ਸਬਕ ਪੜ੍ਹਾਉਣਾ ਸ਼ੁਰੂ ਕੀਤਾ ਹੋਇਆ ਹੈ, ਜਿਸ ਵਿੱਚ ਇਸ ਦੇਸ਼ ਦੀ ਅਗਵਾਈ ਕਰਨ ਵਾਲਾ ਸਿਰਫ ਰਾਜਾ ਨਹੀਂ, ਪੁਰਾਤਨ ਸਮੇਂ ਦੇ ਕੁਝ ਚਰਚਿਤ ਰਾਜਿਆਂ ਵਾਂਗ ਰਾਜਾ ਅਤੇ ਰਿਸ਼ੀ ਦੋ ਰੂਪਾਂ ਦਾ ਸੁਮੇਲ ਹੋਣਾ ਚਾਹੀਦਾ ਹੈ। ਪੁਰਾਤਨ ਯੁੱਗਾਂ ਤੋਂ ਸੰਸਕ੍ਰਿਤ ਤੇ ਫਿਰ ਹਿੰਦੀ ਵਿੱਚ ਰਾਜੇ ਨੂੰ ਰਾਜਾ ਕਹਿਣ ਦੀ ਥਾਂ ਉਸ ਲਈ 'ਨਰੇਸ਼' ਦਾ ਸ਼ਬਦ ਵਰਤਿਆ ਜਾਂਦਾ ਰਿਹਾ ਹੈ, ਜਿਸ ਦਾ ਭਾਵ 'ਰਾਜੇ ਦੇ ਰੂਪ ਵਿੱਚ ਈਸ਼ਵਰ' ਹੁੰਦਾ ਸੀ। ਅੱਜਕੱਲ੍ਹ ਉਹ ਸ਼ਬਦ ਭਾਵੇਂ ਨਹੀਂ ਵਰਤਿਆ ਜਾਂਦਾ, ਅਮਲ ਵਿੱਚ ਉਹ ਹੀ ਹੋ ਰਿਹਾ ਹੈ। ਧਰਮ ਅਸਥਾਨਾਂ ਦੇ ਨੀਂਹ ਪੱਥਰ ਰੱਖਣੇ ਜਾਂ ਉਨ੍ਹਾਂ ਦੇ ਉਦਘਾਟਨ ਤੇ ਪ੍ਰਾਣ ਪ੍ਰਤਿਸ਼ਠਾ ਕਰਨੀ ਹੈ ਤਾਂ ਰਾਜ ਦੇ ਰੂਪ ਵਿੱਚ ਈਸ਼ਵਰੀ ਸੰਕਲਪ ਵਰਗਾ ਨੇਤਾ ਹਰ ਥਾਂ ਮੌਜੂਦ ਹੋਣਾ ਚਾਹੀਦਾ ਹੈ। ਜਦੋਂ ਦੇਸ਼ ਦੀ ਪੌਣੀ ਆਬਾਦੀ ਨੂੰ ਇਹ ਪੱਟੀ ਪੜ੍ਹਾ ਦਿੱਤੀ ਜਾਵੇ ਤਾਂ ਉਸ ਵਿੱਚੋਂ ਜੇ ਅੱਧੇ ਵੀ ਉਸ ਦੇ ਅਸਰ ਹੇਠ ਵੋਟਾਂ ਵਾਲੇ ਬੂਥਾਂ ਤੱਕ ਚਲੇ ਗਏ, ਫਿਰ 'ਨਰੇਸ਼' ਵਾਲੀ ਹਸਤੀ ਹਾਸਲ ਕਰ ਚੁੱਕੇ ਨੇਤਾ ਲਈ ਅਗਲੇ ਪੰਜ ਸਾਲ ਭਾਰਤ ਦੀ ਵਾਗ ਸੰਭਾਲਣ ਦਾ ਪਟਾ ਲਿਖਵਾ ਲੈਣ ਦੀ ਸੰਭਾਵਨਾ ਬਣ ਜਾਂਦੀ ਹੈ।

ਨਤੀਜਾ ਇਹ ਹੈ ਕਿ ਸਰਕਾਰ ਅਤੇ ਪਿਛਲੀ ਹਰ ਕਿਸਮ ਦੀ ਸਰਕਾਰ ਦੇ ਖਿਲਾਫ ਬੇਲਿਹਾਜ਼ ਹੋ ਕੇ ਲਿਖਣ ਵਾਲੇ ਲੋਕਾਂ ਦੀ ਗਿਣਤੀ ਇਸ ਵੇਲੇ ਘਟਦੀ ਜਾਂਦੀ ਹੈ ਅਤੇ ਵਲਾਵਾਂ ਪਾ ਕੇ ਸਰਕਾਰ ਦੇ ਹਰ ਕਦਮ ਦੀ ਹਮਾਇਤ ਲਈ ਅੰਕੜੇ ਲੱਭਣ ਲਈ ਅੱਧੀ-ਅੱਧੀ ਰਾਤ ਤੱਕ ਕੰਪਿਊਟਰ ਨਾਲ ਮੱਥਾ ਮਾਰਨ ਦਾ ਰੁਝਾਨ ਵਧੀ ਜਾਂਦਾ ਹੈ। ਜਿਹੜੇ ਨੌਜਵਾਨ ਨੇ ਵੀਹ ਕੁ ਸਾਲ ਪਹਿਲਾਂ ਪੱਤਰਕਾਰੀ ਸ਼ੁਰੂ ਕਰਨ ਵੇਲੇ ਰਾਜਧਾਨੀ ਦਿੱਲੀ ਵਿੱਚ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਂਦੀ ਇੱਕ ਕੁੜੀ ਦੇ ਖਿਲਾਫ ਇਹ ਰਿਪੋਰਟ ਪੇਸ਼ ਕਰ ਕੇ ਹੰਗਾਮਾ ਮਚਾ ਦਿੱਤਾ ਸੀ ਕਿ ਓਥੇ ਆਉਂਦੀਆਂ ਬੱਚੀਆਂ ਤੋਂ ਗਲਤ ਧੰਦਾ ਕਰਾਉਂਦੀ ਹੈ, ਬਾਅਦ ਵਿੱਚ ਸਾਰੀ ਰਿਪੋਰਟ ਗਲਤ ਸਾਬਤ ਹੋਈ ਸੀ, ਉਹ ਅੱਜ ਦੇ ਯੁੱਗ ਦਾ ਸਿਰਮੌਰ ਪੱਤਰਕਾਰ ਹੈ। ਉਸ ਵਰਗੇ ਪੰਜ-ਦਸ ਪੱਤਰਕਾਰ ਨਹੀਂ, ਸੈਂਕੜਿਆਂ ਦੀ ਗਿਣਤੀ ਵਿੱਚ ਹਨ ਅਤੇ ਹਰ ਕੋਈ ਮੌਕੇ ਦੇ ਮਾਲਕਾਂ ਦਾ ਗੁਣਗਾਨ ਕਰਨ ਲਈ ਹੋਰਨਾਂ ਤੋਂ ਅੱਗੇ ਨਿਕਲਣਾ ਚਾਹੁੰਦਾ ਹੈ। ਜਦੋਂ ਏਦਾਂ ਦੇ ਲੋਕ ਇਸ ਕੰਮ ਲੱਗੇ ਹੋਣ, ਓਦੋਂ ਭਾਰਤ ਵਿੱਚ ਸਦੀਆਂ ਤੋਂ ਪ੍ਰਚੱਲਤ ਰਵਾਇਤਾਂ ਜਾਂ ਰਹੁ-ਰੀਤਾਂ ਦੇ ਸਤਿਕਾਰ ਦਾ ਯੁੱਗ ਖਤਮ ਹੋਇਆ ਮੰਨ ਲੈਣਾ ਚਾਹੀਦਾ ਹੈ। ਭਾਰਤ ਦੀ ਤਕਦੀਰ ਅਗਲੀਆਂ ਲੋਕ ਸਭਾ ਚੋਣਾਂ ਕਿਸ ਤਰ੍ਹਾਂ ਦੀ ਲਿਖ ਦੇਣਗੀਆਂ ਜਾਂ ਕੀ ਦਿੱਸਦਾ ਹੈ ਕਿ ਕਿੱਦਾਂ ਦੀ ਲਿਖਣ ਲਈ ਤਿਆਰ ਹੋ ਸਕਦੀਆਂ ਹਨ, ਇਸ ਬਾਰੇ ਕਈ ਪੱਖਾਂ ਤੋਂ ਅੰਦਾਜ਼ੇ ਲਾਏ ਜਾ ਰਹੇ ਹਨ। ਕਮਾਲ ਦੀ ਗੱਲ ਹੈ ਕਿ ਬਹੁਤ ਸਾਰੇ ਸਿਰ ਇਹੋ ਜਿਹੀ ਗੱਲ ਸੋਚਣ ਦੇ ਬਾਵਜੂਦ ਖੁੱਲ੍ਹ ਕੇ ਕਹਿਣ ਨੂੰ ਤਿਆਰ ਨਹੀਂ ਹੁੰਦੇ। ਕਾਰਨ ਵੀ ਇਸ ਦਾ ਸਭ ਨੂੰ ਪਤਾ ਹੈ।

ਇਹੋ ਜਿਹੇ ਹਾਲਾਤ ਵਿੱਚ ਅਸੀਂ ਇਹ ਨਹੀਂ ਸੋਚ ਸਕਦੇ ਕਿ ਬਾਹਰ ਬੈਠ ਕੇ ਸਿਰਫ ਉਕਸਾਉਣ ਦਾ ਕੰਮ ਕਰਨ ਵਾਲੇ ਕੀ ਕਹਿੰਦੇ ਹਨ, ਉਸ ਦੀ ਥਾਂ ਇਹ ਸੋਚਣ ਦੀ ਲੋੜ ਸਮਝਦੇ ਹਾਂ ਕਿ ਏਦਾਂ ਦੇ ਹਾਲਾਤ ਵਿੱਚ ਕੀ ਕੀਤਾ ਤੇ ਕੀ ਨਹੀਂ ਕੀਤਾ ਜਾ ਸਕਦਾ! ਜਦੋਂ ਵੀ ਕੋਈ ਗੱਲ ਕੀਤੀ ਜਾਵੇ, ਉਸ ਦਾ ਅਸਰ ਓਥੋਂ ਤੱਕ ਸੀਮਤ ਨਹੀਂ ਹੁੰਦਾ। ਛੱਪੜ ਵਿਚ ਖੜੋਤੇ ਪਾਣੀ ਵਿੱਚ ਠੀਕਰੀ ਮਾਰੀ ਜਾਵੇ ਤਾਂ ਉਸ ਨਾਲ ਇੱਕ ਛੱਲ ਉੱਠਦੀ ਅਤੇ ਚਾਰ-ਚੁਫੇਰੇ ਗੋਲਾਈ ਵਿੱਚ ਫੈਲਦੀ ਹੈ ਤੇ ਉਹ ਜਿਉਂ-ਜਿਉਂ ਉਸ ਕੇਂਦਰ ਤੋਂ ਦੂਰ ਜਾਂਦੀ ਹੈ, ਘਟਦੀ ਬੇਸ਼ੱਕ ਜਾਂਦੀ ਹੈ, ਘਟਦੀ-ਘਟਦੀ ਭਾਵੇਂ ਮਾਮੂਲੀ ਵੀ ਰਹਿ ਜਾਵੇ, ਛੱਪੜ ਦੇ ਧੁਰ ਸਿਰੇ ਤੀਕਰ ਵੀ ਪਹੁੰਚਦੀ ਹੈ। ਸਾਹਿਰ ਲੁਧਿਆਣਵੀ ਨੇ ਕਿਹਾ ਸੀ : 'ਕਭੀ ਖੁਦ ਪੇ ਕਭੀ ਹਾਲਾਤ ਪੇ ਰੋਨਾ ਆਇਆ, ਬਾਤ ਨਿਕਲੀ ਤੋ ਹਰ ਏਕ ਬਾਤ ਪੇ ਰੋਨਾ ਆਇਆ।' ਹਾਲਾਤ ਏਦਾਂ ਦੇ ਹਨ ਕਿ ਅੱਜ ਹਰ ਗੱਲ ਉੱਤੇ ਰੋਣ ਆ ਸਕਦਾ ਹੈ ਅਤੇ ਇਹੋ ਜਿਹੇ ਮੋੜ ਉੱਤੇ ਫਿਰ ਦੋ ਹੀ ਰਾਹ ਹੋ ਸਕਦੇ ਹਨ। ਇੱਕ ਤਾਂ ਇਹ ਕਿ ਕਲਮ ਨੂੰ ਸਮਝਾ ਦਿੱਤਾ ਜਾਵੇ ਕਿ ਤੇਰਾ ਸਮਾਂ ਨਹੀਂ ਰਿਹਾ, ਤੂੰ ਆਰਾਮ ਨਾਲ ਨੁੱਕਰੇ ਲੱਗ ਕੇ ਨੀਂਦ ਪੂਰੀ ਕਰਨਾ ਸਿੱਖ ਲੈ। ਇਸ ਤੋਂ ਉਲਟ ਦੂਜੀ ਗੱਲ ਜਾਵੇਦ ਅਖਤਰ ਕਹਿੰਦਾ ਹੈ ਕਿ 'ਜੋ ਬਾਤ ਕਹਤੇ ਡਰਤੇ ਹੈਂ ਸਬ, ਤੂ ਵੋ ਬਾਤ ਲਿਖ, ਇਤਨੀ ਅੰਧੇਰੀ ਥੀ ਨਾ ਕਭੀ ਪਹਿਲੇ, ਰਾਤ ਲਿਖ।' ਲਿਖਣਾ ਹੈ ਕਿ ਨਹੀਂ, ਇਹ ਫੈਸਲਾ ਕਲਮ ਨਹੀਂ ਕਰਦੀ ਹੁੰਦੀ, ਕਲਮ ਚੁੱਕਣ ਵਾਲੇ ਨੂੰ ਹੀ ਕਰਨਾ ਪੈਂਦਾ ਹੈ। ਅੱਜ ਦੇ ਕਲਮਾਂ ਵਾਲਿਆਂ ਨੇ ਕੀ ਇਸ ਮੌਕੇ ਕਰਨਾ ਹੈ, ਇਹ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ।

# ਰਾਮ, ਦਾਮ ਅਤੇ ਏਜੰਸੀਆਂ ਸਹਾਰੇ ਭਾਜਪਾ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਲੱਖ ਕੋਸ਼ਿਸ਼ਾਂ ਦੇ ਬਾਵਜੂਦ ਅਠਾਰ੍ਹਵੀਂ ਲੋਕ ਸਭਾ ਜੋ ਤਕਰੀਬਨ ਵੀਹ ਸੌ ਚੌਵੀ ਦੇ ਅਪ੍ਰੈਲ ਮਹੀਨੇ ਤੱਕ ਚੁਣੀ ਜਾਣੀ ਹੈ, ਵਿੱਚ ਵੱਖ-ਵੱਖ ਪਾਰਟੀਆਂ ਅਤੇ ਅਜ਼ਾਦ ਉਮੀਦਵਾਰਾਂ, ਸਮੇਤ ਅਪਰਾਧੀਆਂ ਦਾ ਵੀ ਆਪਣਾ ਹਿੱਸਾ ਹੋਵੇਗਾ। ਜੋ ਬਣਨ ਤੋਂ ਬਾਅਦ ਪਾਰਲੀਮੈਂਟ ਵਿੱਚ ਜਾਣ ਸਮੇਂ ਪਹਿਲੇ ਦਿਨ ਤੋਂ ਹੀ ਕਰੋੜਾਂ ਖਰਚੇ ਨਾਲ ਬਣੀ ਨਵੀਂ ਪਾਰਲੀਮੈਂਟ ਵਿੱਚ ਬੈਠਣਗੇ। ਤੁਸੀਂ ਦੇਖੋਗੇ ਕਿ ਬਿਲਡਿੰਗ ਹੀ ਨਵੀਂ ਹੋਵੇਗੀ, ਬਾਕੀ ਪਾਰਟੀਆਂ-ਹੁਕਮਰਾਨ ਦੀਆਂ ਜ਼ਿਆਦਤੀਆਂ, ਵਿਰੋਧੀਆਂ ਦਾ ਰੌਲਾ-ਰੱਪਾ ਅਤੇ ਵਾਕਆਊਟ ਪੁਰਾਣਾ ਹੀ ਹੋਵੇਗਾ।

ਰਾਜ ਕਰਦੀ ਅਤੇ ਪਿਛਲੇ ਦਸ ਸਾਲਾਂ ਤੋਂ ਰਾਜ ਗੱਦੀ 'ਤੇ ਬੈਠੀ ਭਾਜਪਾ ਨੇ ਅੱਜ ਦੇ ਦਿਨ ਤੱਕ ਜਮਹੂਰੀ ਦੇਸ਼ ਵਿੱਚ ਬੇਝਿਜਕ ਹੋ ਕੇ ਧਰਮ ਦੀ ਵਰਤੋਂ ਕੀਤੀ ਅਤੇ ਕਰ ਰਹੇ ਹਨ। ਜਿਸ ਦੀ ਸਾਡਾ ਸੰਵਿਧਾਨ ਆਗਿਆ ਨਹੀਂ ਦਿੰਦਾ। ਐਜੂਕੇਸ਼ਨ ਤੋਂ ਵੱਧ ਖਰਚਾ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਖਾਤਰ ਧਾਰਮਿਕ ਸੰਸਥਾਵਾਂ ਨੂੰ ਦਿੱਤਾ ਜਾ ਰਿਹਾ ਹੈ। ਇਸੇ ਕਰਕੇ ਅਜ਼ਾਦੀ ਦੇ ਪਝੱਤਰ ਸਾਲ ਬਾਅਦ ਵੀ ਅਸੀਂ ਸਿੱਖਿਆ ਦੇ ਖੇਤਰ ਵਿੱਚ ਦੁਨੀਆ ਦੇ ਮੁਕਾਬਲੇ ਕਿਤੇ ਨਹੀਂ ਲੱਭਦੇ। ਇਸੇ ਕਰਕੇ ਦੇਸ਼ ਦੇ ਆਗੂ ਨੇ ਬਿਨਾਂ ਮੁਕੰਮਲ ਹੋਏ ਰਾਮ ਮੰਦਰ ਦਾ ਉਦਘਾਟਨ ਕਰਕੇ, ਨਿਰਜੀਵ ਪੱਥਰ ਮੂਰਤੀ 'ਚ ਪ੍ਰਾਣ ਪ੍ਰਤਿਸ਼ਟਾ ਦਾ ਪੰਡਤਾਂ-ਪੁਜਾਰੀਆਂ ਨੂੰ ਪਿੱਛੇ ਕਰਕੇ ਨਾਟਕ ਕੀਤਾ ਹੈ। ਪੈਸੇ ਦੇ ਜ਼ੋਰ ਨਾਲ ਐਸਾ ਅਡੰਬਰ ਰਚਿਆ ਗਿਆ, ਜਿਸ ਨੂੰ ਦੇਖ-ਸੁਣ ਕੇ ਸ਼ਰਧਾਲੂ ਭੁੱਖੇ ਢਿੱਡ ਹੀ ਜੈ ਸ੍ਰੀ ਰਾਮ ਅਲਾਪ ਰਹੇ ਹਨ। ਭੁੱਖ, ਮਹਿੰਗਾਈ, ਅੱਤਿਆਚਾਰ, ਬੇਰੁਜ਼ਗਾਰੀ ਆਦਿ ਖਿਲਾਫ਼ ਲੜਨ ਦੀ ਸ਼ਕਤੀ ਜੈ ਸ੍ਰੀ ਰਾਮ ਨੇ ਖ਼ਤਮ ਕਰ ਦਿੱਤੀ ਹੈ। ਇਸ ਕਰਕੇ ਅੱਜ ਦੇ ਦਿਨ ਦੇਸ਼ ਦੀ ਨੌਜਵਾਨੀ ਜੋ ਦੇਸ਼ ਨੂੰ ਆਧੁਨਿਕ ਬਣਾਉਣ ਵਿੱਚ ਹਿੱਸੇਦਾਰ ਹੁੰਦੀ ਹੈ, ਖੁੰਢੀ ਕਰ ਦਿੱਤੀ ਗਈ ਹੈ। ਅੱਜ ਦੇ ਦਿਨ ਦੇਸ਼ ਦੇ ਮੁਖੀ ਦਾ ਯਾਰਾਨਾ ਜਨਤਾ ਦੀ ਬਜਾਏ ਦੋ-ਤਿੰਨ ਦੇਸ਼ ਦੇ ਵੱਡੇ ਘਰਾਣਿਆਂ ਨਾਲ ਹੈ। ਜੋ ਦੇਸ਼ ਨੂੰ ਆਪਣੀ ਮਰਜ਼ੀ ਨਾਲ ਦਿਸ਼ਾ ਦਿੰਦੇ ਹਨ। ਜਿਸ ਕਰਕੇ ਦੇਸ਼-ਮੁਖੀ ਤੇ ਉਸ ਦਾ ਲਾਣਾ ਆਮ ਕਰਕੇ ਦੇਸ਼ ਦੀਆਂ ਚੋਣਾਂ ਦੌਰਾਨ ਉਨ੍ਹਾਂ ਵੱਡੇ ਘਰਾਣਿਆਂ ਦੇ ਹੈਲੀਕਾਪਟਰ ਅਤੇ ਜਹਾਜ਼ਾਂ 'ਤੇ ਸਫ਼ਰ ਅਤੇ ਪ੍ਰਚਾਰ ਕਰਦੇ ਹਨ। ਉਂਜ ਵੀ ਦੇਸ਼ ਦਾ ਸਮੁੱਚਾ ਪੈਸਾ ਸਰਕਾਰ ਪਾਸ ਹੁੰਦਾ ਹੈ। ਜਿਸ ਦੀ ਦੁਰਵਰਤੋਂ ਨਾਲ ਸੂਬੇ ਦੀਆਂ ਸਰਕਾਰਾਂ, ਉਨ੍ਹਾਂ ਦੇ ਚੁਣੇ ਹੋਏ ਮੈਂਬਰ ਜਾਂ ਲੋੜੀਂਦੇ ਨੇਤਾ ਖਰੀਦੇ ਜਾਂਦੇ ਹਨ। ਫਿਰ ਆਪਣਾ ਠੱਪਾ ਲਾ ਕੇ ਥਾਪੀਆਂ ਮਾਰ ਕੇ ਆਪਣੀ ਪਾਰਟੀ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਜਿਵੇਂ ਪਿਛਲੇ ਸਮੇਂ ਸਰਕਾਰ ਦੁਆਰਾ ਵੱਖ-ਵੱਖ ਸੂਬਿਆਂ ਅਤੇ ਯੂਨੀਅਨ ਟੈਰੇਟਰੀ 'ਚ ਕੀਤਾ ਗਿਆ ਹੈ। ਜਿਵੇਂ ਚੀਨ ਨੇ ਆਪਣੇ ਵਿਗਿਆਨੀਆਂ ਦੇ ਗਿਆਨ ਦੁਆਰਾ ਸਾਇੰਸ ਦਾ ਸਹਾਰਾ ਲੈ ਕੇ ਚੰਦ ਚਾੜ੍ਹਿਆ ਹੈ, ਉਵੇਂ ਭਾਜਪਾਈਏ ਪੈਸੇ ਦੇ ਜ਼ੋਰ ਨਾਲ ਵੱਖ-ਵੱਖ ਸੂਬਿਆਂ ਵਿੱਚ ਆਪਣੀਆਂ ਕਰਤੂਤਾਂ ਰਾਹੀਂ ਚੰਦ ਚਾੜ੍ਹ ਰਹੇ ਹਨ। ਭਾਵੇਂ ਦਾਮ ਦੇ ਜ਼ੋਰ ਨਾਲ ਜੋ ਪਿਛਲੇ ਮਹੀਨੇ ਚੰਡੀਗੜ੍ਹ ਇਨ੍ਹਾਂ ਦੁਆਰਾ ਵਿਰੋਧੀਆਂ ਦੀਆਂ ਵੋਟਾਂ ਕੈਂਸਲ ਕਰਕੇ ਚਾੜ੍ਹਿਆ ਗਿਆ ਸੀ, ਜਿਸ ਚੰਦ ਦੀ ਰੌਸ਼ਨੀ ਸੁਪਰੀਮ ਕੋਰਟ ਦੇ ਵੱਡੇ ਜੱਜ ਨੇ ਇਨ੍ਹਾਂ ਦੀਆਂ ਗਲਤੀਆਂ ਫੜ ਕੇ ਰੌਸ਼ਨੀ ਹਨੇਰੇ 'ਚ ਬਦਲ ਦਿੱਤੀ ਪਰ ਜਦ ਮਨੁੱਖ ਜਿਸ ਗੱਲ ਦਾ ਆਦੀ ਹੋ ਜਾਂਦਾ ਹੈ, ਉਹ ਆਪਣੇ ਆਪ ਨੂੰ ਹੋਰ ਅਪਰਾਧ ਕਰਨ ਤੋਂ ਰੋਕ ਨਹੀਂ ਸਕਦਾ। ਇਸੇ ਕਰਕੇ ਤਾਕਤ ਅਤੇ ਪੈਸੇ ਦੇ ਨਸ਼ੇ ਵਿੱਚ ਉਸੇ ਪਾਰਟੀ ਭਾਜਪਾ ਵੱਲੋਂ ਅੱਖ 'ਚ ਰੜਕਦੀ ਹਿਮਾਚਲ ਸਰਕਾਰ ਨਾਲ ਰਾਜ ਸਭਾ ਦੀਆਂ ਚੋਣਾਂ ਵੇਲੇ ਕੀਤਾ ਗਿਆ। ਜਿਸ ਵਿੱਚ ਸਾਰਾ ਜ਼ੋਰ ਲਾਉਣ ਤੋਂ ਬਾਅਦ ਭਾਜਪਾ ਸਿਰਫ਼ ਟਾਸ 'ਚ ਜਿੱਤੀ । ਜਿਸ 'ਤੇ ਹਾਲ ਦੀ ਘੜੀ ਹਿਮਾਚਲ ਦੀ ਕਾਂਗਰਸ ਸਰਕਾਰ ਬਚਾ ਲਈ ਗਈ ਹੈ। ਜਿਸ ਤੋਂ ਕਾਂਗਰਸ ਨੂੰ ਚੌਕਸ ਅਤੇ ਹੋਰ ਸਿੱਖਣਾ ਚਾਹੀਦਾ ਹੈ। ਜ਼ਰੂਰ ਹੀ ਕਾਂਗਰਸੀਆਂ ਵੱਲੋਂ ਕੁਝ ਅਣ-ਗਹਿਲੀਆਂ ਰਹੀਆਂ ਹੋਣਗੀਆਂ ਜੋ ਸੰਬੰਧਤ ਭਾਣਾ ਵਰਤਿਆ। ਕਾਰਾ ਕਰਨ ਵਾਲੇ ਸਾਰੇ ਜਾਇਜ਼-ਨਜਾਇਜ਼ ਹਥਿਆਰ ਵਰਤਦੇ ਹਨ। ਪਰ ਲਗਦਾ ਹੈ ਕਿ ਕਾਂਗਰਸ ਜਾਇਜ਼ ਹਥਿਆਰ ਵਰਤਣ ਵਿੱਚ ਵੀ ਹਰ ਵਾਰ ਫੇਲ੍ਹ ਜਾਂ ਪਛੜ ਜਾਂਦੀ ਹੈ। ਜਿਵੇਂ ਗੋਆ ਵਿੱਚ ਜਿੱਤਦੀ ਕਾਂਗਰਸ ਹੈ ਪਰ ਸਰਕਾਰ ਪੈਸੇ ਦੇ ਜ਼ੋਰ ਨਾਲ ਭਾਜਪਾ ਬਣਾ ਲੈਂਦੀ ਹੈ। ਇਹ ਅਸੀਂ ਨਹੀਂ ਬਲਕਿ ਕਾਂਗਰਸ ਨੇ ਖਿਆਲ ਰੱਖਣਾ ਹੈ ਕਿ ਕਿਵੇਂ ਬਿਨਾਂ ਅਜ਼ਮਾਏ ਪੰਝੀ-ਛੱਬੀ ਸਾਲ ਦੇ ਨੌਜਵਾਨ ਨੂੰ ਟਿਕਟ ਦੇ ਕੇ ਉਸ ਨੂੰ ਜਿਤਾ ਦਿੱਤਾ ਜੋ ਛੇ ਬਾਗੀਆਂ ਵਿੱਚ ਸ਼ਾਮਲ ਹੈ। ਅਗਰ ਜੋ ਪਾਰਟੀ ਲਈ ਦਿਨ-ਰਾਤ ਇੱਕ ਕਰਦੇ ਹਨ, ਉਨ੍ਹਾਂ ਨੂੰ ਬਣਦਾ ਹੱਕ ਨਾ ਦੇ ਕੇ ਆਪਹੁਦਰੀਆਂ ਕਰੋਗੇ ਤਾਂ ਫਿਰ ਪਾਵਰ ਅਤੇ ਪੈਸੇ ਦੇ ਭੁੱਖੇ ਅਜਿਹਾ ਹੀ ਕਰਨਗੇ। ਭਾਵੇਂ ਸੁਣਨ-ਦੇਖਣ 'ਚ ਸਾਹਮਣੇ ਆਇਆ ਹੈ ਕਿ ਅਸਲ ਲੜਾਈ ਸਾਬਕ ਰਾਜੇ ਮੁੱਖ ਮੰਤਰੀ ਦੇ ਪਰਵਾਰ ਅਤੇ ਡਰਾਈਵਰ ਦੇ ਪਰਵਾਰ 'ਚ ਹੈ। ਪਰ ਅਜਿਹੀ ਚੋਣ ਨੂੰ ਅੱਜ ਦੇ ਦਿਨ ਗਲਤ ਨਹੀਂ ਪ੍ਰਚਾਰਨਾ ਚਾਹੀਦਾ। ਅਗਰ ਕੋਈ ਵੀ ਪਾਰਟੀ ਆਪਣੇ ਵਰਕਰ ਦੀ ਕਦਰ ਨਹੀਂ ਕਰੇਗੀ। ਫਿਰ ਕਿਸ ਦੀ? ਪਰ ਹਾਈ ਕਮਾਂਡ ਦੀ ਹਮੇਸ਼ਾ ਬਾਜ ਅੱਖ ਹੋਣੀ ਚਾਹੀਦੀ ਹੈ। ਮਨ-ਮਟਾਵੇ ਵੇਲੇ ਸਿਰ ਦਖ਼ਲ ਦੇ ਕੇ ਨਿਪਟਾਉਣੇ ਚਾਹੀਦੇ ਹਨ। ਹਾਈ ਕਮਾਂਡ ਤੱਕ ਦਾ ਸਭ ਦਾ ਰਸਤਾ ਸਾਫ਼ ਅਤੇ ਸਿੱਧਾ ਹੋਣਾ ਚਾਹੀਦਾ ਹੈ।

ਧਰਮ ਅਤੇ 'ਦਾਮ' ਦਾ ਇਸਤੇਮਾਲ ਸਿਰਫ਼ ਵਿਰੋਧੀ ਪਾਰਟੀ ਖ਼ਿਲਾਫ਼ ਹੀ ਨਹੀਂ ਬਲਕਿ ਸਭ ਪਾਰਟੀਆਂ ਖ਼ਿਲਾਫ਼ ਜੋ ਚੋਣਾਂ 'ਚ ਹਿੱਸਾ ਲੈਂਦੀਆਂ ਹਨ, ਹੁੰਦਾ ਹੈ। ਠੀਕ ਇਸੇ ਤਰ੍ਹਾਂ ਅੱਜ ਦਿਨ ਤੱਕ ਰਾਜ ਕਰਦੀ ਪਾਰਟੀ ਉਪਰੋਕਤ ਹਥਿਆਰ ਤੋਂ ਇਲਾਵਾ ਸਮੇਂ ਸਿਰ ਸਭ ਸਰਕਾਰੀ ਏਜੰਸੀਆਂ ਦਾ ਪ੍ਰਯੋਗ ਕਰਦੀ ਹੈ। ਜਿਸ ਨਾਲ ਸਭ ਨੂੰ ਭੈਭੀਤ ਕੀਤਾ ਜਾਂਦਾ ਹੈ। ਜਿਸ ਕਰਕੇ ਪਾਰਟੀਆਂ ਦੀ ਕਮਜ਼ੋਰ ਕੜੀ ਨੂੰ ਤੋੜਿਆ ਜਾਂਦਾ ਹੈ। ਅਸੀਂ ਏਜੰਸੀਆਂ ਦੀ ਜਾਂਚ ਖ਼ਿਲਾਫ਼ ਨਹੀਂ ਹਾਂ। ਪਰ ਸਮੇਂ ਦੀ ਚੋਣ ਖ਼ਿਲਾਫ਼ ਹਾਂ। ਜਦ ਹਰ ਪਾਰਟੀਆਂ ਚੋਣ ਲਈ ਆਪੋ ਆਪਣੀ ਤਿਆਰੀ ਕਰ ਰਹੀਆਂ ਹਨ ਤਾਂ ਏਜੰਸੀਆਂ ਵੀ ਅਚਾਨਕ ਸਰਗਰਮ ਹੋ ਜਾਂਦੀਆਂ ਹਨ, ਜਿਵੇਂ ਉਨ੍ਹਾਂ ਵੀ ਚੋਣਾਂ ਲੜਨੀਆਂ ਹੋਣ। ਰਾਜ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ। ਲੋਕ ਸਭਾ ਦੀਆਂ ਚੋਣਾਂ ਦੀ ਘੋਸ਼ਣਾ ਹੋਣ ਵਾਲੀ ਹੈ। ਪਰ ਤੁਸੀਂ ਦੇਖੋਗੇ ਕਿ ਸੂਬਿਆਂ ਦੇ ਮੁੱਖ ਮੰਤਰੀਆਂ, ਸਾਬਕਾ ਮੁੱਖ ਮੰਤਰੀਆਂ ਅਤੇ ਵੱਖ-ਵੱਖ ਮੰਤਰੀਆਂ ਨੂੰ ਸੰਮਨ ਤੇ ਸੰਮਨ ਭੇਜੇ ਜਾ ਰਹੇ ਹਨ। ਬੜੀ ਅਸਾਨੀ ਨਾਲ ਪੁੱਛਿਆ ਜਾ ਸਕਦਾ ਹੈ ਕਿ ਇਹ ਕੁਝ ਪਹਿਲਾਂ ਕਿਉਂ ਨਹੀਂ ਕੀਤਾ ਜਾ ਸਕਦਾ?

ਅਜਿਹੀਆਂ ਉਪਰੋਕਤ ਕਾਰਵਾਈਆਂ ਵਿੱਚੋਂ ਕੁਝ ਸਬਕ ਨਿਕਲਦੇ ਹਨ, ਜਿਨ੍ਹਾਂ ਨੂੰ ਸਾਨੂੰ ਆਪਣੇ ਲੜ ਬੰਨ੍ਹਣਾ ਚਾਹੀਦਾ ਹੈ ਕਿ ਸਾਨੂੰ ਸਭ ਵਿਰੋਧੀਆਂ ਨੂੰ ਰਲ ਕੇ ਸਿਰਫ਼ ਚੋਣਾਂ ਸਮੇਂ ਹੀ ਨਹੀਂ, ਬਲਕਿ ਪਹਿਲਾਂ ਵੀ ਰਲ ਕੇ ਸਵਾਲ ਉਠਾਉਣੇ ਚਾਹੀਦੇ ਹਨ। ਉਨ੍ਹਾਂ ਖ਼ਿਲਾਫ਼ ਲੜਨਾ ਚਾਹੀਦਾ ਹੈ। ਜਿਸ ਨਾਲ ਸਭ ਵਿਰੋਧੀਆਂ ਵਿੱਚ ਇੱਕ ਸਾਂਝ ਦੀ ਝਲਕ ਪਵੇਗੀ। ਤੇ ਤੁਹਾਡੇ ਘੋਲਾਂ ਨੂੰ ਬੂਰ ਪਵੇਗਾ। ਜਿਥੇ ਅਜਿਹੇ ਸਵਾਲਾਂ ਖ਼ਿਲਾਫ਼ ਲੜਨਾ ਹੈ, ਉਥੇ ਈ ਵੀ ਐਮ ਖ਼ਿਲਾਫ਼ ਲਗਾਤਾਰ ਇੱਕ ਹੋ ਕੇ ਨਿਰੰਤਰ ਲੜਾਈ ਦੇਣੀ ਹੈ। ਅਸਲ 'ਚ ਸਰਕਾਰ ਦਾ ਰੌਲਾ ਘਬਰਾਹਟ ਵਿੱਚੋਂ ਹੈ।

*ਸੰਪਰਕ : 98721-65741*

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-10

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਇਨ੍ਹੀਂ ਦਿਨੀਂ ਚੱਲ ਰਹੀ ਕਿਸਾਨੀ ਸੰਘਰਸ਼ ਦੀ ਰੂਪ-ਰੇਖਾ ਪਹਿਲੇ ਲੜੇ ਗਏ ਸੰਘਰਸ਼ ਤੋਂ ਵੱਖਰੀ ਨਜ਼ਰ ਆ ਰਹੀ ਹੈ। ਪਹਿਲਾ ਅੰਦੋਲਨ ਜਦੋਂ ਇਕ ਸਾਲ ਤੋਂ ਵੱਧ ਸਮੇਂ ਵਿੱਚ ਪਹੁੰਚਿਆ ਸੀ ਤਾਂ ਦੇਸ਼ ਦੇ ਹਾਕਮਾਂ ਵੱਲੋਂ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਵਾਲੇ ਦਿਨ ਆਪਣੇ 'ਮਨ ਕੀ ਬਾਤ' ਕਹਿੰਦਿਆਂ ਉਹ ਤਿੰਨ ਕਾਨੂੰਨ ਵਾਪਸ ਲੈਣ ਦਾ ਇੱਕਤਰਫਾ ਐਲਾਨ ਕਰਕੇ ਕਿਸਾਨਾਂ ਸਮੇਤ ਆਪਣੀ ਪਾਰਟੀ ਦੇ ਆਗੂਆਂ/ਲੋਕਾਂ ਨੂੰ ਵੀ ਹੈਰਾਨ ਕਰ ਦਿੱਤਾ ਸੀ, ਜਿਨ੍ਹਾਂ ਨੂੰ ਰੱਦ ਕਰਾਉਣ ਦੀ ਉਸ ਸੰਘਰਸ਼ ਕਰਨ ਵਾਲੀਆਂ ਧਿਰਾਂ ਦੀ ਮੁੱਖ ਮੰਗ ਸੀ। ਉਹ ਕਾਨੂੰਨ ਰੱਦ ਕਰਨ ਦੀ ਇੱਕ ਸੰਵਿਧਾਨਕ ਪ੍ਰਕਿਰਿਆ ਸੀ, ਜੋ ਅੱਜ ਤੱਕ ਵੀ ਪੂਰੀ ਤਰ੍ਹਾਂ ਮੁਕੰਮਲ ਨਹੀਂ ਹੋ ਸਕੀ। ਰੱਦ ਕੀਤੇ ਕਾਨੂੰਨ ਨੂੰ ਅਜੇ ਤੱਕ ਵੀ ਨੋਟੀਫਾਈ ਨਹੀਂ ਕੀਤਾ ਗਿਆ। ਅੱਜ ਕੁਝ ਲੋਕ ਤਾਂ ਇਹ ਵੀ ਸੋਚ ਰਹੇ ਹਨ ਕਿ ਉਸ ਸਮੇਂ ਸੰਘਰਸ਼ ਕਰਨ ਵਾਲੀਆਂ ਧਿਰਾਂ ਸੰਘਰਸ਼ ਦੀ ਸਮਾਪਤੀ ਵਿੱਚ ਕਾਹਲ ਕਰ ਗਈਆਂ, ਪਰ ਕਿਉਂ ਜੋ ਉਸ ਸੰਘਰਸ਼ ਵਿੱਚ ਫੈਸਲਾ ਕੋਈ ਇੱਕ ਧਿਰ ਜਾਂ ਧੜਾ ਨਹੀਂ ਸੀ ਲੈ ਰਿਹਾ ਹੁੰਦਾ, ਸੋ ਅੰਦੋਲਨ ਵਾਪਸੀ ਦਾ ਫੈਸਲਾ ਆਮ ਕਰਕੇ ਸਰਬ ਸਹਿਮਤੀ ਨਾਲ ਹੀ ਲਿਆ ਗਿਆ ਸੀ। ਹਾਕਮਾਂ ਦੀ ਚਲਾਕੀ ਨੂੰ ਸ਼ਾਇਦ ਕਦੇ ਵੀ ਸੰਘਰਸ਼ ਕਰਨ ਵਾਲੀਆਂ ਧਿਰਾਂ ਪੂਰੀ ਤਰ੍ਹਾਂ ਸਮਝ ਨਹੀਂ ਸਕਦੀਆਂ ਹੁੰਦੀਆਂ ਅਤੇ ਲੱਗਦਾ ਹੈ ਕਿ ਇੱਥੇ ਵੀ ਅਜਿਹਾ ਹੀ ਹੋਇਆ।

ਜਦੋਂ ਦੇਸ਼ ਦੇ ਹਾਕਮ ਨੇ ਉਹ ਤਿੰਨ ਕਾਨੂੰਨ ਵਾਪਸ ਲੈਣ ਦਾ ਇਕਤਰਫਾ ਐਲਾਨ ਕੀਤਾ ਸੀ ਤਾਂ ਉਸ ਨੇ ਨਾਲ ਹੀ ਉਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਕਿਸਾਨ ਹਿਤੈਸ਼ੀ ਦੱਸਦਿਆਂ ਇਹ ਕਿਹਾ ਸੀ ਕਿ ਸਾਡੀ ਸਰਕਾਰ (ਮੈਂ) ਆਪਣੇ ਕਿਸਾਨ ਭਰਾਵਾਂ ਨੂੰ ਇਸ ਦੇ ਹੋਣ ਵਾਲੇ ਫਾਇਦੇ ਸਮਝਾ ਨਹੀਂ ਸਕੀ। ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਜਦੋਂ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਤੋਂ ਸਰਕਾਰ ਮੁੱਕਰਦੀ ਨਜ਼ਰ ਆ ਰਹੀ ਹੈ ਤਾਂ ਕੁਝ ਇੱਕ ਕਿਸਾਨ ਜਥੇਬੰਦੀਆਂ ਵੱਲੋਂ ਸ਼ੁਰੂ ਕੀਤੇ ਇਸ ਅੰਦੋਲਨ ਦੀ ਚੌਥੇ ਗੇੜ ਦੀ ਗੱਲਬਾਤ ਵਿੱਚ ਪੰਜ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀ ਪੇਸ਼ਕਸ਼ ਤਾਂ ਕੀਤੀ ਗਈ, ਪਰ ਸ਼ਰਤਾਂ ਸਹਿਤ। ਜਿਹੜੇ ਠੇਕੇਦਾਰੀ ਸਿਸਟਮ ਨੂੰ ਮੰਡੀ ਵਿੱਚੋਂ ਖਤਮ ਕਰਾਉਣ ਲਈ ਪਹਿਲਾਂ ਇੱਕ ਸਾਲ ਤੋਂ ਵੱਧ ਸਮੇਂ ਸੰਘਰਸ਼ ਚੱਲਿਆ ਸੀ, ਉਸ ਨੂੰ ਸਰਕਾਰ ਫਿਰ ਲਾਗੂ ਕਰਨ ਲਈ ਅਹੁਲ ਰਹੀ ਹੈ। ਪੰਜ ਸਾਲ ਦਾ 'ਕੰਟਰੈਕਟ' (ਠੇਕਾ) ਦੀ ਤਜਵੀਜ਼ ਲੈ ਕੇ ਆਉਣਾ ਸਰਕਾਰ ਦੀ ਮਨਸ਼ਾ ਜ਼ਾਹਿਰ ਕਰਦੀ ਹੈ ਕਿ ਉਹ ਰੱਦ ਕੀਤੇ ਕਾਨੂੰਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਲਾਗੂ ਕਰਨ ਲਈ ਬਜ਼ਿੱਦ ਹੈ।

ਮੌਜੂਦਾ ਅੰਦੋਲਨ ਦੀ ਲੋੜ ਸਾਰੀਆਂ ਕਿਸਾਨ ਜਥੇਬੰਦੀਆਂ ਬਹੁਤ ਸ਼ਿੱਦਤ ਨਾਲ ਮਹਿਸੂਸ ਕਰ ਰਹੀਆਂ ਸਨ, ਪਰ ਪਹਿਲ ਪੰਜਾਬ ਵਿਚਲੀਆਂ ਦੋ ਕਿਸਾਨ ਜਥੇਬੰਦੀਆਂ ਨੇ ਕਰ ਲਈ। ਭਾਵੇਂ ਉਸ ਸੰਘਰਸ਼ ਵਿੱਚ ਹੌਲੀ-ਹੌਲੀ ਕੁਝ ਹੋਰ ਜਥੇਬੰਦੀਆਂ ਵੀ ਸ਼ਾਮਲ ਹੋ ਰਹੀਆਂ ਹਨ, ਪਰ ਪ੍ਰਭਾਵ ਪਹਿਲੇ ਅੰਦੋਲਨ ਵਾਲਾ ਨਹੀਂ ਬਣ ਰਿਹਾ। ਪੰਜਾਬ-ਹਰਿਆਣਾ ਦੇ ਬਾਰਡਰ ਤੋਂ ਆਪਣੇ ਅੰਦੋਲਨ ਨੂੰ ਦੇਸ਼ ਦੀ ਰਾਜਧਾਨੀ ਜਾ ਕੇ ਆਪਣੇ ਹੀ ਚੁਣੇ ਹੋਏ ਹਾਕਮਾਂ ਨੂੰ ਆਪਣੀ ਗੱਲ ਕਹਿਣ/ਮਨਾਉਣ ਦੇ ਸੰਵਿਧਾਨਕ ਹੱਕ ਤੋਂ ਜਦੋਂ ਕਿਸਾਨਾਂ ਨੂੰ ਰੋਕਣ ਲਈ ਅਜਿਹੇ ਬਲ ਦੀ ਵਰਤੋਂ ਕੀਤੀ ਗਈ ਕਿ ਆਮ ਬੰਦੇ ਨੂੰ ਲੱਗਾ ਹੈ ਕਿ ਇਹ ਹੱਦ ਦੋ ਸੂਬਿਆਂ ਦੀ ਨਹੀਂ, ਸਗੋਂ ਦੋ ਦੁਸ਼ਮਣ ਮੁਲਕਾਂ ਦੀ ਹੋਵੇ ਤਾਂ ਇਸ ਨਾਲ ਲੋਕਾਂ ਵਿੱਚ ਬੇਗਾਨਗੀ ਦੀ ਭਾਵਨਾ ਤਾਂ ਵਧਦੀ ਹੀ ਹੈ, ਜਿਸ ਦੇ ਕਈ ਨਾਂਹ-ਪੱਖੀ ਪ੍ਰਭਾਵ ਪੈਣ ਦਾ ਖਦਸ਼ਾ ਵਧਦਾ ਹੈ। ਕਿਸਾਨਾਂ ਉੱਪਰ ਜਿਸ ਤਰ੍ਹਾਂ ਹਰਿਆਣਾ ਪੁਲਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਤਸ਼ੱਦਦ ਕੀਤਾ ਗਿਆ ਜਾਂ ਕੀਤਾ ਜਾ ਰਿਹਾ ਹੈ, ਉਸ ਨਾਲ ਕਿਸਾਨਾਂ ਦੀ ਇਸ ਸੰਘਰਸ਼ ਤੋਂ ਬਾਹਰ ਬੈਠੀਆਂ ਜਥੇਬੰਦੀਆਂ ਨੇ ਸੰਘਰਸ਼ੀ ਧਿਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ, ਪਰ ਉਸ ਵਿੱਚ ਸ਼ਾਮਲ ਨਹੀਂ ਹੋ ਰਹੀਆਂ, ਕਾਰਨ ਇਹ ਕਿ ਸੰਘਰਸ਼ ਕਰ ਰਹੀਆਂ ਧਿਰਾਂ ਨੇ ਬਾਕੀ ਜਥੇਬੰਦੀਆਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ। ਭਾਵੇਂ ਸੰਘਰਸ਼ ਤੋਂ ਬਾਹਰ ਬੈਠੀਆਂ ਜਥੇਬੰਦੀਆਂ ਸਰਕਾਰ ਦੀ ਕਿਸਾਨਾਂ ਪ੍ਰਤੀ ਅਣਦੇਖੀ ਦੇ ਵਿਰੋਧ ਵਿੱਚ ਆਪਣੇ ਵੱਖਰੇ ਪ੍ਰੋਗਰਾਮ ਉਲੀਕ ਰਹੀਆਂ ਹਨ, ਪਰ ਉਸ ਨਾਲ ਉਹ ਬੱਝਵਾਂ ਪ੍ਰਭਾਵ ਨਹੀਂ ਪੈ ਰਿਹਾ, ਜਿਸ ਨਾਲ ਸਰਕਾਰ ਦਬਾਅ ਵਿੱਚ ਨਜ਼ਰ ਆਵੇ। ਪਹਿਲੇ ਅੰਦੋਲਨ ਦੇ ਮੁਕਾਬਲੇ ਇਸ ਅੰਦੋਲਨ ਦੀ ਰੂਪ-ਰੇਖਾ ਉਲਝੀ ਨਜ਼ਰ ਆਉਂਦੀ ਹੈ। ਇਸ ਉਲਝਣ ਦੀ ਸਥਿਤੀ ਵਿੱਚ ਉਹ ਆਮ ਬੰਦਾ ਵੀ ਇਕ ਵਾਰ ਫਿਰ ਉਲਝਦਾ ਜਾ ਰਿਹਾ ਹੈ, ਜੋ ਕਿਸਾਨ-ਮਜ਼ਦੂਰ ਦੇ ਰੂਪ ਵਿੱਚ ਪਹਿਲਾਂ ਹੀ ਜ਼ਿੰਦਗੀ ਦੇ ਤਾਣੇ-ਬਾਣੇ ਵਿੱਚ ਉਲਝਿਆ ਪਿਆ ਹੈ।

ਇਸ ਸੰਘਰਸ਼ ਦਾ ਇੱਕ ਹੋਰ ਪਹਿਲੂ ਵੀ ਦੇਖਣ ਵਾਲਾ ਅਤੇ ਗੌਰ ਕਰਨ ਵਾਲਾ ਹੈ ਕਿ ਜਿਹੜਾ ਦਿਨ ਦਿੱਲੀ ਕੂਚ ਕਰਨ ਲਈ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਮਿੱਥਿਆ ਗਿਆ ਸੀ, ਉਸ ਦਿਨ ਸੰਘਰਸ਼ ਨੂੰ ਅਹੁਲਦੇ ਲੋਕ ਆਪ-ਮੁਹਾਰੇ ਹੀ ਸ਼ੰਭੂ ਬਾਰਡਰ 'ਤੇ ਪਹੁੰਚ ਗਏ ਸਨ, ਜਦ ਕਿ ਕਿਸਾਨ ਲੀਡਰ ਅਜੇ ਰਾਹ ਵਿੱਚ ਹੀ ਸਨ। ਆਮ ਲੋਕਾਂ ਵਿੱਚ ਸੰਘਰਸ਼ ਦੀ ਲੋੜ ਅਤੇ ਰੀਝ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ, ਉਨ੍ਹਾਂ ਦੀ ਇਸ ਹਿੰਮਤ ਵਾਲੀ ਰੀਝ ਨੂੰ ਅੱਜ ਲੋੜ ਹੈ, ਇਕ ਸਹੀ ਸੇਧ ਦੀ। ਉਹ ਸੇਧ ਤਾਂ ਹੀ ਸਹੀ ਦਿਸ਼ਾ ਵਿੱਚ ਹੋ ਸਕਦੀ ਹੈ ਜੇ ਪਹਿਲਾਂ ਵਾਂਗ ਸਾਰੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਮਿਲ ਬੈਠਣ, ਦੇਰੀ ਕਿਤੇ ਇਸ ਸੰਘਰਸ਼ ਨੂੰ ਲੀਹੋਂ ਨਾ ਲਾਹ ਦੇਵੇ ਤਾਂ ਲੋਕ ਰਾਜਨੀਤਕ ਨੇਤਾਵਾਂ ਵਾਂਗ ਕਿਸਾਨ ਨੇਤਾਵਾਂ ਦੀਆਂ ਗੱਲਾਂ 'ਤੇ ਵੀ ਯਕੀਨ ਕਰਨੋਂ ਹਟ ਜਾਣ। ਲੋੜ ਇਸ ਅੰਦੋਲਨ ਨੂੰ ਪਹਿਲਾਂ ਵਾਂਗ ਹੀ ਇੱਕ ਜਨ ਅੰਦੋਲਨ ਬਣਾਉਣ ਦੀ ਹੈ ਤਾਂ ਕਿ ਲੋਕਾਂ ਦੇ ਵਿਸ਼ਵਾਸ 'ਤੇ ਨੇਤਾ ਖਰੇ ਉੱਤਰ ਸਕਣ ਅਤੇ ਲੋਕ ਸ਼ਕਤੀ ਦੀ ਸਹੀ ਦਿਸ਼ ਵਿੱਚ ਵਰਤੋਂ ਕੀਤੀ ਜਾ ਸਕੇ।

*ਸੰਪਰਕ : 98721-73475*

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ: ਸ਼ਿਆਮ ਸੁੰਦਰ ਦੀਪਤੀ**

# ਮਾਂ ਮੇਰੇ ਕਿਰਦਾਰ ਵਿਚ ਹੈ ....

ਮਾਂ ਸਾਡੇ ਪਰਵਾਰ, ਸਮਾਜ ਦੀ ਉਹ ਹਸਤੀ ਹੈ, ਜਿਸ ਉਪਰ ਹਰ ਲੇਖਕ, ਬੁੱਧੀਜੀਵੀ ਨੇ ਆਪਣੇ ਵਿਚਾਰ ਪ੍ਰਗਟਾਏ ਹਨ, ਪਰ ਹੈਰਾਨੀ ਦੀ ਗੱਲ ਇਹ ਹੈ ਤੇ ਸੱਚ ਵੀ ਕਿ ਮੇਰੇ ਕੋਲ ਆਪਣੇ ਮਾਪਿਆਂ ਤੇ ਖਾਸ ਤੌਰ 'ਤੇ ਪਿਤਾ ਜੀ ਲਈ ਕੋਈ ਪ੍ਰਭਾਵਸ਼ਾਲੀ ਪ੍ਰਸੰਗ ਨਹੀਂ ਹੈ, ਜਿਸ ਨੂੰ ਮੈਂ ਕਿਸੇ ਨਾਲ ਸਾਂਝਾ ਕਰ ਸਕਾਂ। ਜਿਵੇਂ ਅਕਸਰ ਲੋਕ ਕਹਿੰਦੇ ਹਨ, ਮਾਂ ਦੀ ਉਹ ਗੱਲ ਯਾਦ ਹੈ ਜਾਂ ਪਿਤਾ ਦੀ ਉਹ ਗੱਲ ਚੇਤੇ ਹੈ, ਰਹੇਗੀ। ਮਾਂ ਅਕਸਰ ਕਹਿੰਦੀ ਸੀ, ਪਿਤਾ ਜੀ ਹਮੇਸ਼ਾ ਕਹਿੰਦੇ ਹੁੰਦੇ ਸੀ, ਅਜਿਹਾ ਕੋਈ ਵੀ ਵਾਕ ਮੇਰੇ ਚੇਤੇ ਵਿਚ ਨਹੀਂ ਹੈ, ਜੋ ਸਾਂਝਾ ਕਰ ਸਕਾਂ। ਪਿਤਾ ਜੀ ਦੀ ਮੌਤ ਅਤੇ ਤਕਰੀਬਨ 25 ਸਾਲ ਤੱਕ ਮਾਂ ਦਾ ਇਕੱਲਿਆਂ ਬੱਚਿਆਂ ਨੂੰ ਪਾਲਣਾ, ਉਸ ਦੇ ਇਸ ਸੰਘਰਸ਼ ਦੀ ਤੇ ਉਸ ਤੋਂ ਪਹਿਲਾਂ ਪਿਤਾ ਜੀ ਦੇ ਪਾਕਿਸਤਾਨ ਤੋਂ ਉਜਾੜੇ ਦੀ ਕਹਾਣੀ ਤੇ ਸਮੇਂ-ਸਮੇਂ ਉਨ੍ਹਾ ਦੇ ਚਿਹਰੇ 'ਤੇ ਆਏ ਅਹਿਸਾਸ ਜ਼ਰੂਰ ਚੇਤੇ ਹਨ। ਮਾਂ ਨੇ ਕਦੇ ਵੀ ਸਹੀ ਅਰਥਾਂ ਵਿਚ ਸੁੱਖ ਦਾ ਸਾਹ ਨਹੀਂ ਲਿਆ ਤੇ ਅਖੀਰ ਤੱਕ ਉਹਨੇ ਆਪਣੇ ਹੌਸਲੇ ਮੁਤਾਬਕ ਪਰਵਾਰ ਵਿਚ ਆਪਣਾ ਬਣਦਾ ਹਿੱਸਾ ਪਾਇਆ।

ਆਪਣੇ ਜੀਵਨ ਦੇ ਆਖਰੀ ਦਿਨ ਦੌਰਾਨ ਉਹ ਮੇਰੇ ਕੋਲ ਸੀ ਤੇ ਮੇਰੇ ਹੀ ਹੱਥਾਂ ਵਿਚ ਉਸ ਨੇ ਆਪਣੇ ਅੰਤਮ ਸਾਹ ਲਏ। 23 ਦਸੰਬਰ ਦੀ ਸਵੇਰ ਦਾ ਦਿਨ ਸੀ, ਜਦੋਂ ਮਾਂ ਦਾ ਜਿਊਂਦਾ ਸਰੂਪ ਦੇਖਦੇ-ਦੇਖਦੇ ਹੀ ਅੱਖਾਂ ਮੀਟ ਗਿਆ। ਉਹ ਬਿਮਾਰ ਜ਼ਰੂਰ ਸੀ, ਪਰ ਮਨ ਦੇ ਕਿਸੇ ਵੀ ਕੋਨੇ ਵਿਚ ਇਹ ਅਣਹੋਣੀ ਵਾਪਰਨ ਦਾ ਅਹਿਸਾਸ ਨਹੀਂ ਸੀ। ਸਵੇਰੇ ਅਚਾਨਕ ਹਾਲਤ ਵਿਗੜ ਗਈ, ਜ਼ੋਰਦਾਰ ਖਾਂਸੀ ਛਿੜੀ ਤੇ ਮੂੰਹ ਵਿਚੋਂ ਖੂਨ ਨਿਕਲਿਆ ਤੇ ਉਸ ਤੋਂ ਬਾਅਦ ਸ਼ਾਂਤੀ। ਮੈਂ ਨਬਜ਼ ਟੋਹ ਕੇ ਦੇਖੀ, ਸਟੈਥੋਸਕੋਪ ਨਾਲ ਦਿਲ ਦੀ ਧੜਕਣ ਨੂੰ ਸੁਣਨ ਦੀ ਕੋਸ਼ਿਸ਼ ਕੀਤੀ, ਸਭ ਕੁਝ ਚੁੱਪ। ਪਰ ਵਿਸ਼ਵਾਸ ਨਹੀਂ ਆਇਆ, ਆਪਣੀ ਮਾਂ ਦੀ ਮੌਤ ਦੱਸਣ ਵੇਲੇ ਜ਼ੁਬਾਨ ਕੰਬ ਗਈ। ਦੌੜ ਕੇ ਆਪਣੇ ਦੋਸਤ ਡਾਕਟਰ ਕੋਲ ਗਿਆ, ਉਹ ਕਾਹਲੀ ਨਾਲ ਭੱਜਾ ਆਇਆ।

'ਸੀ ਇਜ਼ ਨੋ ਮੋਰ' ਉਸ ਨੇ ਕਿਹਾ ਤੇ ਮੇਰਾ ਮੋਢਾ ਘੁੱਟਿਆ। ਪਲਾਂ-ਛਿਣਾਂ ਵਿਚ ਮਾਂ ਨੇ ਹੋਣ ਤੋਂ ਨਾ ਹੋਣ ਤੱਕ ਦਾ ਫਾਸਲਾ ਤਹਿ ਕਰ ਲਿਆ। ਚੁੱਪ-ਚਪੀਤੇ, ਸਹਿਜ-ਸੁਭਾਅ।

ਜਿਸ ਨੂੰ ਪਤਾ ਲੱਗਿਆ ਆਇਆ। 'ਮਾਂ ਦਾ ਵਿਛੋੜਾ ਬੜਾ ਵੱਡਾ ਵਿਛੋੜਾ ਹੈ। ਬਜ਼ੁਰਗ ਘਰ ਦਾ ਜਿੰਦਰਾ ਹੁੰਦੇ ਨੇ, ਜਿਸ ਹਾਲਤ ਵਿਚ ਵੀ ਹੋਣ ਇਨ੍ਹਾਂ ਦਾ ਬੜਾ ਸਹਾਰਾ ਹੁੰਦਾ। ਇਹ ਘਰ ਦੇ ਥੰਮ੍ਹ ਹੁੰਦੇ ਨੇ, ਇਨ੍ਹਾਂ ਦੀ ਹਾਜ਼ਰੀ ਵਿਚ ਬੰਦਾ ਆਪਣੇ ਆਪ ਨੂੰ ਬੱਚਾ ਹੀ ਸਮਝਦਾ ਹੈ।'

'ਇੱਕ ਨਾ ਇਕ ਦਿਨ ਸਭ ਨੇ ਜਾਣਾ ਹੀ ਹੈ ਇਹ ਸੰਸਾਰ ਦਾ ਨਿਯਮ ਹੈ। ਜਦੋਂ ਹੁਕਮ ਆਇਆ ਨਾਲ ਤੁਰਨਾ ਹੀ ਪੈਣਾ ਹੈ। ਮਹਾਰਾਜ ਨੇ ਜਿੰਨੀ ਲਿਖੀ ਭੋਗ ਲਈ।'

ਮੈਂ ਸਿਰ ਸੁੱਟ ਕੇ ਸੁਣ ਰਿਹਾ ਸੀ, ਇਹ ਸਮਝਦਾ ਜਾਣਦਾ ਸੀ ਕਿ ਇਸ ਤੋਂ ਅੱਗੇ ਕੋਈ ਦੁਨੀਆ ਨਹੀਂ ਹੁੰਦੀ, ਕੋਈ ਆਤਮਾ ਨਹੀਂ ਹੁੰਦੀ। ਮੌਤ ਤੋਂ ਬਾਅਦ ਕੋਈ ਸਫ਼ਰ ਨਹੀਂ ਹੁੰਦਾ। ਕੋਈ ਨਰਕ-ਸਵਰਗ ਨਹੀਂ। ਮੈਂ ਚੁੱਪ ਸਾਂ, ਮੇਰੇ ਦੁੱਖ ਵਿਚ ਸ਼ਰੀਕ ਹੋਣ ਆਏ ਮੇਰੇ ਹੀ ਆਂਢੀ-ਗੁਆਂਢੀ ਆਪਣੀ ਸਮਝ ਅਨੁਸਾਰ ਵਿਚਾਰ ਰੱਖ ਰਹੇ ਹਨ। ਇਹ ਵੇਲਾ ਇਸ ਵਿਸ਼ੇ 'ਤੇ ਵਾਧੂ ਬਹਿਸ ਕਰਨ ਦਾ ਉੱਕਾ ਨਹੀਂ ਸੀ।

ਪਰ ਇਹ ਸੱਚ ਸੀ ਕਿ ਘਰ ਖਾਲੀ ਹੋ ਗਿਆ। ਮਾਂ ਦੀ ਬਿਮਾਰੀ ਵਿਚ ਵੀ ਇਕ ਰੁਝੇਵਾਂ ਸੀ। ਉਹ ਸਾਨੂੰ ਦੋਹਾਂ ਨੂੰ ਆਪਣੀ ਤੰਦਰੁਸਤੀ ਤੱਕ ਰੋਜ਼ ਸਵੇਰੇ ਨਾਸ਼ਤਾ ਕਰਵਾ ਕੇ ਡਿਊਟੀ 'ਤੇ ਤੋਰਦੀ ਤੇ ਦੁਪਹਿਰ ਆਉਂਦੇ ਵੀ ਰੋਟੀ ਬਣਾ ਕੇ ਦਿੰਦੀ। ਸਾਡੇ ਮਨ੍ਹਾਂ ਕਰਨ 'ਤੇ ਵੀ ਕਹਿੰਦੀ—ਸਾਰਾ ਦਿਨ ਮੈਂ ਕੀ ਕਰਦੀ ਹਾਂ। ਮਾਂ ਨੇ ਸਾਰੀ ਉਮਰ ਹੰਢ-ਭੰਨਵਾ ਕੰਮ ਕੀਤਾ ਹੈ। ਮੈਂ ਚਾਹੁੰਦਾ ਸੀ ਉਹ ਕੁਝ ਸਮਾਂ ਆਰਾਮ ਕਰੇ, ਪਰ ਉਹ ਸੁੱਖ ਦੀ ਘੜੀ ਉਹਦੇ ਲਈ ਘੱਟ ਸਮਾਂ ਹੀ ਆਈ।

ਪਿਛਲੇ ਦਿਨਾਂ ਤੋਂ ਮਾਂ ਦੀ ਹਾਲਤ ਡਾਵਾਂ-ਡੋਲ ਸੀ। ਖਾਣ-ਪੀਣ ਵੀ ਨਾਂਹ ਦੇ ਬਰਾਬਰ ਸੀ। ਉਹ ਅਬੋਹਰ ਵਸਦੇ ਦੂਜੇ ਪੁੱਤਾਂ ਨੂੰ ਉਡੀਕਦੀ, ਗੰਗਾਨਗਰ ਬੈਠੀ ਧੀ ਦਾ ਇੰਤਜ਼ਾਰ ਕਰਦੀ, ਮੈਨੂੰ ਵਾਰ-ਵਾਰ ਸਭ ਨੂੰ ਸੁਨੇਹਾ ਲਾਉਣ ਨੂੰ ਕਹਿੰਦੀ। ਹੁਣ ਮਾਂ ਦੇ ਨਾ ਹੋਣ ਬਾਰੇ ਫੋਨ ਕਰਦਿਆਂ ਮੇਰੀ ਜ਼ੁਬਾਨ ਕੰਬ ਰਹੀ ਸੀ। ਸ਼ਾਮ ਢਲਦੇ ਨੂੰ ਸਾਰੇ ਆ ਗਏ।

'ਦੀਵਾ ਬੱਤੀ ਨਹੀਂ? ਮਾਂ ਨੂੰ ਭੁੰਜੇ ਵੀ ਨਹੀਂ ਲਾਹਿਆ,' ਸਾਰਿਆਂ ਨੇ ਘੁਸਰ-ਮੁਸਰ ਕੀਤੀ।

'ਦੀਵਾ ਜਗਾ ਕੇ ਤਾਂ ਸਿਰਹਾਣੇ ਰੱਖ ਦੇਣਾ ਸੀ।'

ਮੈਂ ਸੋਚਿਆ। ਟਿਊਬ ਤਾਂ ਜਗ ਹੀ ਰਹੀ ਹੈ, ਦੀਵੇ ਦੀ ਕੀ ਲੋੜ ਆ। ਫਿਰ ਵੀ ਦੂਜਿਆ ਦੀ ਇੱਛਾ ਦਾ ਸਤਿਕਾਰ ਕਰਦਿਆਂ ਦੀਵਾ ਜਗਾ ਦਿੱਤਾ ਗਿਆ ਸੀ।

ਥੋੜ੍ਹੀ-ਥੋੜ੍ਹੀ ਦੇਰ ਬਾਅਦ ਦੀਵੇ ਵਿਚ ਤੇਲ ਪਾ ਦਿੰਦੇ, ਧੂਫ ਧੁਖਾ ਦਿੰਦੇ । ਆਂਢੀ-ਗੁਆਂਢੀ ਵਿਚ-ਵਿਚਾਲੇ ਚਾਹ ਬਣਾ ਲਿਆਂਦੇ। ਸਵੇਰੇ ਮਾਂ ਦੇ ਕਿਰਿਆ ਕਰਮ ਦਾ ਰੁਝੇਵਾਂ ਸ਼ੁਰੂ ਹੋਇਆ, ਦੁਰਗਿਆਨਾ ਮੰਦਰ ਸ਼ਿਵਪੁਰੀ ਦੀ ਵੈਨ ਬੁੱਕ ਕਰਾਈ। ਦੋਸਤਾਂ ਨੇ ਬਾਜ਼ਾਰੋਂ ਸਮਾਨ ਇਕੱਠਾ ਕੀਤਾ। ਚਿੱਟੇ ਕੱਪੜਿਆਂ ਵਿਚ ਲਪੇਟੀ ਮਾਂ ਸਸਕਾਰ ਲਈ ਜਾਣ ਨੂੰ ਤਿਆਰ ਸੀ।

ਕਿਸੇ ਨੇ ਆਖਿਆ, 'ਬਜ਼ਾਰੋਂ ਗੁਬਾਰੇ ਮੰਗਵਾ ਲੈਣੇ ਸੀ, ਮੂੰਗਫਲੀ-ਰਿਓੜੀਆਂ ਵੀ ਚਾਹੀਦੀਆਂ ਸੀ। ਮਾਂ ਨੂੰ ਵੱਡਾ ਕਰਨਾ ਚਾਹੀਦਾ ਸੀ।'

ਮੈਂ ਸੁਣ ਕੇ ਵੀ ਚੁੱਪ ਸੀ। ਸ਼ਿਵਪੁਰੀ ਤੱਕ ਘਰ ਦੇ ਕੁਝ ਲੋਕ ਵੈਨ ਵਿਚ ਗਏ ਤੇ ਸ਼ਮਸ਼ਾਨ ਘਾਟ ਪਹੁੰਚ ਕੇ ਵੱਡੇ ਭਰਾ ਨੇ ਚਿਤਾ ਨੂੰ ਅੱਗ ਦਿਖਾਈ, ਆਪਣੇ ਹੱਥੋਂ ਮਾਂ ਨੂੰ ਅਗਨੀ ਭੇਟ ਕਰਕੇ ਅਸੀਂ ਘਰ ਨੂੰ ਆਏ। ਤੀਸਰੇ ਦਿਨ ਫੁੱਲ ਚੁਗ ਕੇ ਤੇਹਰਵੇਂ ਦਿਨ ਰਸਮ ਪਗੜੀ ਦਾ ਪ੍ਰੋਗਰਾਮ ਦੇ ਦਿੱਤਾ ਗਿਆ।

ਇਕ ਰਿਸ਼ਤੇਦਾਰ ਨੇ ਕਿਹਾ, 'ਦੇਖ ਪੁੱਤਰ ਤੇਹਰਵੇਂ 'ਤੇ ਖਾਣਾ ਸ਼ਾਨਦਾਰ ਬਣਵਾਈਂ। ਘੱਟੋ-ਘੱਟ ਦੋ ਸਬਜ਼ੀਆਂ ਪਨੀਰ ਵਾਲੀਆਂ ਤੇ ਨਾਲ ਪੂੜੀਆਂ। ਨਾਲ ਕੁਝ ਮਿੱਠਾ ਵੀ ਹੋਵੇ, ਪੈਸੇ ਦੀ ਕਿਰਸ ਨਾ ਕਰੀਂ, ਸਮਝਿਆ ਨਾ।' ਮੈਂ ਨਿਮਰਤਾ ਨਾਲ ਜਆਬ ਦਿੱਤਾ, 'ਆਏ ਸੰਬੰਧੀਆਂ ਨੂੰ ਖਾਣਾ ਜ਼ਰੂਰ ਖੁਆਵਾਂਗੇ, ਪਰ ਖਾਣਾ ਬਿਲਕੁਲ ਸਾਦਾ। ਜੇ ਤੁਸੀਂ ਕਹੋ ਕਿ ਮਾਂ ਦੇ ਮਰਨ ਦੀ ਖੁਸ਼ੀ ਮਨਾਈ ਜਾਵੇ, ਉਹ ਨਹੀਂ ਹੋਵੇਗਾ।'

ਉਹ ਮੇਰਾ ਮੂੰਹ ਦੇਖਦਾ ਰਿਹਾ।

'ਮੈਂ ਫਿਰ ਕਿਹਾ—ਪਹਿਲੀ ਗੱਲ ਮਾਂ ਨੇ ਜ਼ਿੰਦਗੀ ਭਰ ਕੋਈ ਸੁੱਖ ਨਹੀਂ ਦੇਖਿਆ। 27 ਸਾਲ ਦਾ ਵਿਧਵਾ ਵਾਲਾ ਲੰਮਾ ਜੀਵਨ ਜੀਵਿਆ, ਦੂਜੀ ਗੱਲ ਅਜੇ ਛੋਟਾ ਭਰਾ ਵਿਆਹੁਣ ਵਾਲਾ ਹੈ ਤੇ ਫਿਰ ਮੌਤ-ਮੌਤ ਹੈ, ਮੌਤ 'ਤੇ ਕਾਹਦੀ ਖੁਸ਼ੀ।' ਉਹ ਚੁੱਪ-ਚਾਪ ਖੜੇ ਹੋ ਗਏ। ਸਸਕਾਰ ਦੇ ਤੀਜੇ ਦਿਨ ਅਸੀਂ ਮਾਂ ਦੇ ਫੁੱਲ ਚੁਗਣ ਗਏ, ਪਰ ਭਰਮਾਂ ਦਾ ਅੰਡਬਰ ਕਿ ਫੁੱਲਾਂ ਵਾਲਾ ਉਹ ਝੋਲਾ ਅਸੀਂ ਘਰ ਨਹੀਂ ਲਿਆ ਸਕੇ, ਉਥੇ ਹੀ ਇਕ ਸਟੋਰ ਵਿਚ ਜਮ੍ਹਾਂ ਹੋ ਗਿਆ। ਪਤਾ ਲੱਗਿਆ ਫੁੱਲ ਘਰ ਨਹੀਂ ਲਿਆਈਦੇ, ਹਾਲਾਂਕਿ ਮੈਡੀਕਲ ਕਾਲਜ ਪੜ੍ਹਦਿਆਂ ਅਸੀਂ ਹੱਡੀਆਂ ਹੋਸਟਲ ਦੇ ਕਮਰੇ ਵਿਚ ਰੱਖੀ ਰੱਖਦੇ ਤੇ ਉਨ੍ਹਾਂ ਬਾਰੇ ਪੜ੍ਹਾਈ ਕਰਦੇ, ਉਦੋਂ ਖਿਆਲ ਹੀ ਨਹੀਂ ਸੀ ਕਿ ਕਿਸੇ ਮੁਰਦੇ ਦੀਆਂ ਹੱਡੀਆਂ ਨੂੰ ਕਮਰੇ ਵਿਚ ਨਹੀਂ ਰੱਖੀਦਾ।

ਵਹਿਮਾਂ-ਭਰਮਾਂ ਤੇ ਰੂੜ੍ਹੀਆਂ ਦਾ ਇਕ ਅਜੀਬ ਤਾਣਾ-ਬਾਣਾ ਸਮਾਜ ਨੂੰ ਜਕੜੀ ਬੈਠਾ ਹੈ। ਮੈਂ ਸੋਚ ਰਿਹਾ ਸੀ ਪੈਦਾ ਹੋਣ ਤੋਂ ਮੌਤ ਤੱਕ ਦੋ ਹੀ ਅਜਿਹੇ ਵਰਤਾਰੇ ਹਨ, ਜੋ ਸਹਿਜ-ਸੁਭਾਅ ਤੇ ਬਿਨਾਂ ਕਿਸੇ ਘੜੀ, ਪਲ ਜਾਂ ਮਹੂਰਤ ਦੇਖੇ ਬਿਨਾਂ ਵਾਪਰਦੇ ਹਨ, ਇਸ ਦੇ ਵਿਚ ਅਸੀਂ ਕਿੰਨੇ ਅਡੰਬਰ ਉਸਾਰ ਲਏ ਨੇ। ਤੇਹਰਾਂ ਦਿਨਾਂ ਤੱਕ ਸਭ ਤੋਂ ਪਹਿਲਾਂ ਗਊ ਨੂੰ ਰੋਟੀ ਖੁਆਉਣੀ ਹੈ, ਕਿਉਂਕਿ ਗਾਂ ਵਿਚ 33 ਕਰੋੜ ਦੇਵਤਿਆਂ ਦਾ ਵਾਸਾ ਹੈ। ਗਾਂ ਨੂੰ ਖੁਆਇਆ ਮਰਨ ਵਾਲੇ ਨੂੰ ਮਿਲੇਗਾ। ਘਰ ਦੀਆਂ ਧੀਆਂ ਨੂੰ ਸ਼ਗਨ ਪਾਏ ਜਾਣਗੇ। ਭਾਈਚਾਰੇ ਨੂੰ ਜੋ ਰੋਟੀ ਖੁਆਈ ਜਾਣੀ, ਉਸ ਦਾ ਖਰਚਾ ਸਹੁਰੇ ਕਰਨਗੇ।

ਇਸ ਸਭ ਦੇ ਵਿਚ ਖੜੋਤਾ ਮੈਂ ਜੋ ਜ਼ਿੰਦਗੀ ਲਈ ਨਰੋਈਆਂ ਕਦਰਾਂ-ਕੀਮਤਾਂ ਤੇ ਤਰਕਸ਼ੀਲ ਸੋਚ ਲਈ ਕਲਮ ਚੁੱਕ ਰੱਖੀ ਸੀ, ਆਪਣੇ ਦੋਸਤਾਂ ਨਾਲ 'ਇਨ੍ਹਾਂ' ਰਿਵਾਜਾਂ ਦੀ ਸਾਰਥਿਕਤਾ ਬਾਰੇ ਗੱਲਾਂ ਕਰਦਾ ਇਨ੍ਹਾਂ ਨੂੰ ਬੇਲੋੜੇ ਅਤੇ ਵਕਤ ਵਿਹਾ ਚੁੱਕੇ ਦੱਸਦਾ।

ਮਾਂ ਨੇ ਸਾਦਗੀ ਭਰਿਆ ਜੀਵਨ ਜੀਵਿਆ। ਮਿਹਨਤ ਦੇ ਬਲਬੂਤੇ ਪਰਵਾਰ ਨੂੰ ਥਾਂ ਸਿਰ ਕੀਤਾ। ਔਖੇ ਵੇਲਿਆ ਵਿਚ ਵੀ ਹੌਸਲਾ ਅਤੇ ਦਲੇਰੀ ਦਾ ਪੱਲਾ ਨਹੀਂ ਛੱਡਿਆ। ਇਕ ਖੂਬਸੂਰਤ ਕਿਰਦਾਰ ਦਾ ਵਾਸਾ 'ਮਾਂ' ਕੁਦਰਤ ਨੇ ਉਸ ਨੂੰ ਪੌਣੀ ਸਦੀ ਦਾ ਇਕ ਕਿਰਦਾਰ ਨਿਭਾਉਣ ਦਾ ਸਮਾਂ ਦਿੱਤਾ, ਜੋ ਇਹ ਭੂਮਿਕਾ ਨਿਭਾ ਕੇ ਦੁਨੀਆ ਦੇ ਰੰਗ-ਮੰਚ ਤੋਂ ਪਾਸੇ ਹੋ ਗਈ। ਪਿੱਛੇ ਛੱਡ ਗਈ ਉਹ ਪੈੜਾਂ, ਜਿਹੜੀਆਂ ਸਾਡੇ ਲਈ ਪ੍ਰੇਰਨਾਵਾਂ ਨੇ। ਸਾਡੇ ਸੀਨੇ ਵਿਚ ਧੜਕਦਾ ਦਿਲ ਮਾਂ ਦਾ ਹੈ, ਭਾਵੇਂ ਮੇਰੇ ਕੋਲ ਮਾਂ ਦਾ ਕੋਈ ਕਥਨ ਚੇਤੇ ਰੱਖਣ ਲਾਇਕ ਨਹੀਂ, ਪਰ ਬਹੁਤ ਕੁਝ ਮਾਂ ਦੇ ਦਿਲ ਦਾ ਧੜਕਦਾ ਹੋਇਆ ਅਹਿਸਾਸ ਮੇਰੇ ਨਾਲ ਹੈ।

ਇਹ ਭਰਮ-ਜਾਲ, ਇਹ ਵਿਖਾਵਾ, ਕਿਸੇ ਧਾਰਨਾ ਦਾ ਮੁਹਤਾਜ਼ ਨਹੀਂ। ਮਾਂ ਸਾਡੇ ਸਾਹਾਂ ਵਿਚ ਹੈ। ਸਾਡੀਆਂ ਗੱਲਾਂਬਾਤਾਂ ਵਿਚ ਹੈ, ਸਾਡੇ ਸਮੁੱਚੇ ਸੱਭਿਆਚਾਰ ਵਿਚ ਮਾਂ ਦਾ ਪਸਾਰਾ ਹੈ। ਉਦਾਸੀ ਸਿਰਫ਼ ਇਹ ਹੈ, ਉਸ ਦੀ ਹੁਣ ਅਵਾਜ਼ ਨਹੀਂ ਪੈਂਦੀ। ਉਹਦੇ ਕੋਲ ਬੈਠ ਕੇ ਉਹਦੇ ਨਿੱਘੇ ਹੱਥਾਂ ਦੀ ਛੋਹ ਪ੍ਰਾਪਤ ਨਹੀਂ ਹੋਣੀ।

ਅੱਜ ਤਕਰੀਬਨ ਸੱਤਰ ਸਾਲ ਬਾਅਦ ਮਾਂ ਨੂੰ ਯਾਦ ਕਰਦਿਆਂ, ਇਹ ਨਹੀਂ ਹੋਣਾ ਚਾਹੀਦਾ, ਉਹ ਤਾਂ ਹਰਦਮ ਨਾਲ ਹੈ। ਮੈਂ ਆਪਣੇ ਅੱਠ ਭੈਣ-ਭਰਾਵਾਂ ਵਿਚੋਂ ਚੌਥੀ ਥਾਂ 'ਤੇ ਹਾਂ। ਤਿੰਨ ਵੱਡੇ, ਚਾਰ ਛੋਟੇ। ਮੇਰੀ ਇਕ ਭੈਣ ਸਭ ਤੋਂ ਵੱਡੀ ਤੇ ਦੂਸਰੀ ਮੇਰੇ ਤੋਂ ਛੋਟੀ, ਛੇ ਸਾਲ ਛੋਟੀ। ਮਾਂ ਦਾ ਹੱਥ ਵੰਡਾਉਣ ਵਾਲਾ ਮੈਂ ਸੀ ਵਿਚਕਾਰਲਾ। ਬਸ ਫਾਇਦਾ ਇਹ ਹੋਇਆ ਕਿ ਮਾਂ ਨੇ ਉਹ ਸਭ ਸਿਖਾਇਆ, ਰੋਟੀ ਬਣਾਉਣੀ, ਸੂਈ-ਧਾਗੇ ਦਾ ਕੰਮ, ਸਵੇਰੇ ਬਿਸਤਰੇ ਸਾਂਭਣੇ ਤੇ ਨਾਲ ਹੀ ਨਰਮ ਸੁਭਾਅ। ਮੈਂ ਕਿਹਾ ਨਾ, ਮਾਂ ਦਾ ਮੇਰੇ ਕੋਲ ਬਹੁਤ ਕੁਝ ਹੈ, ਦੱਸਣ ਵਾਲਾ, ਦਿਖਾਣ ਵਾਲਾ ਨਹੀਂ। ਮੈਂ ਔਰਤ ਦਾ ਅਸਲੀ ਰੂਪ, ਮਾਂ ਦਾ ਸੁਭਾਅ ਹੈ, ਦੇਖਿਆ ਹੀ ਨਹੀਂ, ਜੀਵਿਆ ਹੈ।

ਸਹੀ ਅਰਥਾਂ ਵਿਚ, ਮਾਂ ਮੇਰੇ ਕਿਰਦਾਰ ਵਿਚ ਹੈ, ਮੇਰੇ ਅੰਗਸੰਗ।

(ਜਾਂਦੇ-ਜਾਂਦੇ...) ਸਹੀ ਹੈ ਕਿ ਮਾਂ ਬਾਰੇ ਦੁਨੀਆ ਬਹੁਤ ਭਾਵੁਕ ਹੈ, ਮੈਂ ਵੀ ਪਿਤਾ ਦਾ ਜ਼ਿਕਰ ਪੋਲਾ ਜਿਹਾ ਕੀਤਾ ਹੈ, ਪਰ ਪਿਤਾ ਦਾ ਸੰਘਰਸ਼ ਮਾਂ ਜਿੰਨਾ ਹੀ ਹੈ, ਹੈ ਉਹ ਵੀ ਓਨਾ ਹੀ ਮੇਰੇ ਜੀਵਨ ਦਾ ਹਿੱਸਾ ਹੈ, ਭਾਵੇਂ ਮੈਨੂੰ ਚੇਤਾ ਨਹੀਂ, ਉਦੋਂ ਕੀ-ਕੀ ਵਾਪਰਿਆ। ਛੋਟਾ ਸੀ। ਨੌਵੀਂ ਵਿਚ ਪੜ੍ਹਦਾ ਬੱਚਾ ਛੋਟਾ ਨਹੀਂ ਹੁੰਦਾ, ਪਰ ਤਿੰਨ ਵੱਡੇ ਭੈਣ-ਭਰਾ, ਮਾਂ, ਭੂਆ, ਮਾਸੀ, ਮਾਮੇ-ਮਾਮੀਆਂ ਅੱਗੇ ਛੋਟਾ ਹੀ ਸੀ ਤੇ ਸਭ ਤੋਂ ਪਿੱਛੇ ਵੀ।

*ਮੋਬਾਇਲ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਸਿਰਜਣਾਤਮਕ ਸਵੈ ਦਾ ਕਾਵਿ-ਅਨੁਭਵ




ਕਿਤਾਬ ਦੀ

## ਪਰਖ ਪੜਚੋਲ

### ਡਾ. ਹਰਪ੍ਰੀਤ ਸਿੰਘ




## ਖ਼ਤ ਜੋ ਲਿਖਣੋਂ ਰਹਿ ਗਏ

**ਰਣਧੀਰ**
**ਪੰਨੇ-130, ਮੁੱਲ-180 ਰੁਪਏ**
**ਆਟਮ ਆਰਟ, ਪਟਿਆਲਾ**

ਕਵਿਤਾ ਕੋਲ ਚੋਭ ਵੀ ਹੁੰਦੀ ਹੈ ਅਤੇ ਮੱਲ੍ਹਮ ਵੀ। ਉਸ ਕੋਲ ਮਾਨਵੀ ਪੀੜ ਦੀ ਕਨਸੋਅ ਹੁੰਦੀ ਹੈ। ਉਸ ਵਿਚ ਦਰਦ, ਜਸ਼ਨ, ਸੁਹਜ ਤੇ ਇਤਿਹਾਸ ਦੀ ਰੌਸ਼ਨੀ ਵੀ ਹੁੰਦੀ ਹੈ। ਉਹ ਆਪਣੇ ਸੱਚ ਦਾ ਪ੍ਰਤੱਖ ਪ੍ਰਗਟਾਓ ਨਹੀਂ ਸਿਰਜਦੀ, ਸਗੋਂ ਕਾਵਿ-ਭਾਸ਼ਾ ਦੇ ਕੋਣ ਵਿੱਚੋਂ ਸੱਚ ਦੀਆਂ ਰਿਸ਼ਮਾਂ ਕਾਵਿ-ਪਰਤਾਂ ਵਿਚ ਫੈਲਾਅ ਦਿੰਦੀ ਹੈ। ਕਵੀ ਜਟਿਲਤਾ ਦੇ ਸੰਘਣੇਪਨ ਨੂੰ ਪੇਸ਼ ਕਰਦਾ ਹੈ। ਬੇਸ਼ੱਕ ਕਵਿਤਾ ਨਾਲ ਸਮੁੱਚੀ ਜਟਿਲਤਾ ਖ਼ਤਮ ਨਹੀਂ ਹੁੰਦੀ, ਪਰ ਉਸ ਦੀ ਪੀੜ ਦਾ ਪਰਛਾਵਾਂ ਧਰਤੀ 'ਤੇ ਸਿਰਜਣਾ ਦੇ ਕਣ ਬਣ ਕੇ ਫੈਲ ਜਾਂਦਾ ਹੈ। ਇਹਨਾਂ ਸਿਰਜਣਾਤਮਕ ਕਣਾਂ ਦੀਆਂ ਝਲਕਾਂ ਰਣਧੀਰ ਦੀ ਕਵਿਤਾ ਵਿਚ ਦਰਜ ਹਨ। ਉਹ ਕਵਿਤਾ ਨੂੰ ਲਿਖਦਾ ਨਹੀਂ, ਸਿਰਜਦਾ ਹੈ। ਉਸ ਦੀ ਸਿਰਜਣਾ ਮਾਸੂਮੀਅਤ ਨਾਲ ਭਰੀ ਹੈ। ਕਵਿਤਾ ਵਿਚ ਦਿਲ ਧੜਕਦਾ ਸੁਣਾਈ ਦਿੰਦਾ ਹੈ। ਹਰ ਧੜਕਣ ਦਾ ਆਪਣਾ ਸੰਸਾਰ, ਹਰ ਸੰਸਾਰ ਦੀ ਆਪਣੀ ਲੋਅ। ਕਵੀ ਉਸ ਲੋਅ ਦਾ ਰੂਪਾਂਤਰਣ ਕਵਿਤਾ ਵਿਚ ਕਰਦਾ ਜਾਂਦਾ ਹੈ। ਉਹ ਆਪਣੇ ਆਪ ਨੂੰ ਜਾਣਦਾ ਹੈ। ਸਵੈ ਨੂੰ ਜਾਨਣਾ ਜ਼ਰੂਰੀ ਵੀ ਹੈ। ਅਗਲੀ ਯਾਤਰਾ ਦਾ ਪਹਿਲਾ ਪੜਾਅ ਇਸ ਮੋੜ 'ਤੇ ਹੀ ਹੈ। ਆਪਣੀ ਕਵਿਤਾ ਬਾਰੇ ਲਿਖਦਿਆਂ ਰਣਧੀਰ ਸਵਾਲਾਂ ਦੇ ਸਨਮੁੱਖ ਹੁੰਦਾ ਹੈ। ਉਹ ਆਪਣੀ ਕਾਵਿ-ਕਿਤਾਬ 'ਖ਼ਤ ਜੋ ਲਿਖਣੋਂ ਰਹਿ ਗਏ' ਵਿਚ ਲਿਖਦਾ ਹੈ-

'ਜਦੋਂ ਕਦੇ ਕਵਿਤਾ ਲਿਖਦਾ ਹਾਂ ਤਾਂ ਇਸ ਸਵਾਲ ਨੂੰ ਮੁਖ਼ਾਤਿਬ ਹੁੰਦਾ ਹਾਂ ਕਿ ਲਿਖੀ ਗਈ ਕਵਿਤਾ ਦਿਸਦੇ ਵਸਤ-ਸੰਸਾਰ ਦਾ ਪ੍ਰਤੀਕਰਮ ਹੈ ਜਾਂ ਚੇਤਨਾ 'ਚ ਪਈਆਂ ਸਿਮਰਤੀਆਂ ਦੀ ਪੁਨਰ-ਸੁਰਜੀਤੀ। ਦੂਜਾ ਸਵਾਲ ਇਹ ਹੈ ਕਿ ਜੇ ਲਿਖੀ ਕਵਿਤਾ ਮੇਰਾ ਨਿੱਜੀ ਅਨੁਭਵ ਜਾਂ ਵੇਦਨਾ ਹੈ ਤਾਂ ਪਾਠਕ/ਸਰੋਤਾ ਕਵਿਤਾ ਪੜ੍ਹਦਾ/ਸੁਣਦਾ ਕਿਉਂ ਹੈ ? ਜੇ ਕਵਿਤਾ ਦਿਸਦੇ ਸੰਸਾਰ ਦੀ ਹੀ ਪ੍ਰਤੀਨਿਧਤਾ ਕਰਦੀ ਹੈ ਤਾਂ ਕਵਿਤਾ ਲਿਖੀ ਹੀ ਕਿਉਂ ਜਾਵੇ ? ਨਵਤੇਜ ਭਾਰਤੀ ਹੋਰੀਂ ਕਹਿੰਦੇ ਹਨ ਕਵੀ ਮਾਧਿਅਮ ਹੈ। ਕਵਿਤਾ ਬਾਰੇ ਉਹ ਕੋਈ ਦਾਅਵਾ ਨਹੀਂ ਕਰ ਸਕਦਾ'। ਸਵਾਲ ਬਹੁਤ ਖ਼ੂਬਸੂਰਤ ਹੁੰਦੇ ਹਨ, ਕਿਉਂਕਿ ਇਹਨਾਂ ਸਵਾਲਾਂ ਦੇ ਜਵਾਬ ਕਵਿਤਾ ਵਿੱਚੋਂ ਤਲਾਸ਼ਣੇ ਹੁੰਦੇ ਹਨ। ਇਤਿਹਾਸ ਦੀ ਕਾਲ ਗਤੀ ਵਿਚ ਬਹੁਤ ਕੁਝ ਸੁੰਨ ਦੀ ਅਵਸਥਾ ਵਿਚ ਹੁੰਦਾ ਹੈ। ਸ਼ਾਇਰ ਉਸ ਸੁੰਨ ਨੂੰ ਸੁਣਦਾ ਹੈ, ਸੁਣਾਉਂਦਾ ਹੈ ਅਤੇ ਸੁੰਨ ਨੂੰ ਵਹਿਣ ਦਿੰਦਾ ਹੈ। ਇਸ ਵਹਿਣ ਵਿੱਚੋਂ ਕਵੀ ਦੀ ਕਾਵਿ-ਭਾਸ਼ਾ ਆਪਣਾ ਚਿਹਰਾ ਸਿਰਜਦੀ ਹੈ। ਕਵੀ ਦੀ ਮੌਲਿਕਤਾ ਇੱਥੋਂ ਆਪਣਾ ਰੂਪ ਅਖ਼ਤਿਆਰ ਕਰਦੀ ਹੈ। ਇਹ ਆਪਣੀ ਕਿਸਮ ਦਾ ਇਕ ਸੰਵਾਦ ਹੈ। ਰਣਧੀਰ ਕਵਿਤਾ ਦਾ ਕਾਵਿ-ਸ਼ਾਸਤਰ ਸਹਿਜਤਾ, ਨਿਰੰਤਰਤਾ ਅਤੇ ਵਹਿਣ ਵਿੱਚੋਂ ਤਲਾਸ਼ਦਾ ਹੈ। ਕਵਿਤਾ ਬਾਰੇ ਉਸ ਦੀ ਕਵਿਤਾ ਹੈ-

ਕਵਿਤਾ/ਇਉਂ ਹੁੰਦੀ ਹੈ
ਜਿਵੇਂ ਨਦੀ ਤੁਰਦੀ ਹੈ
ਭੁੱਖ ਲੱਗਦੀ ਹੈ
ਤਾਰੇ ਟਿਮਟਿਮਾਉਂਦੇ ਹਨ
ਸੂਰਜ ਚਾਨਣ ਵੰਡਦਾ ਹੈ
ਜਾਂ ਜਿਵੇਂ ਅਸੀਂ
ਸਾਹ ਲੈਂਦੇ ਹਾਂ (ਪੰਨਾ-73)

ਰਣਧੀਰ ਲਈ ਇਤਿਹਾਸ ਤੱਥਾਂ ਦਾ ਝੁਰਮਟ ਨਹੀਂ, ਨਾ ਹੀ ਕਿਸੇ ਵੱਡੇ ਬੋਹੜ 'ਤੇ ਚੜ੍ਹੀ ਅਮਰ ਵੇਲ ਹੈ। ਉਹ ਕਵਿਤਾ ਵਿਚ ਇਤਿਹਾਸਕ ਚੇਤਨਾ ਅਤੇ ਮਿਥਕ ਹਵਾਲਿਆਂ ਨੂੰ ਵਡਿਆਉਣ ਜਾਂ ਮਹਿਮਾ-ਗਾਣ ਲਈ ਨਹੀਂ ਰੂਪਾਂਤਰਿਤ ਕਰਦਾ, ਸਗੋਂ ਉਹ ਇਸ ਚੇਤਨਾ ਆਸਰੇ ਇਤਿਹਾਸ/ਮਿਥਿਹਾਸ ਦੀ ਸਿਆਸਤ ਦਾ ਚਿਹਰਾ ਖੁਰਚਦਾ ਹੈ। ਪਰਦੇ ਜਾਲ੍ਹੇ ਉਤਾਰਦਾ ਹੈ, ਇਸ ਬਹਾਨੇ ਉਹ ਕਈ ਕਿਸਮ ਦੇ ਮੁਖੌਟਿਆਂ 'ਤੇ ਟਾਰਚ ਮਾਰਦਾ ਹੈ। ਤਿੜਕੇ ਸ਼ੀਸ਼ੇ 'ਚੋਂ ਖੰਡਰ ਦੇਖਦਾ ਹੈ। ਉਹ ਇਤਿਹਾਸ ਨੂੰ ਕਵਿਤਾ 'ਤੇ ਲੋਡ ਨਹੀਂ ਕਰਦਾ, ਸਗੋਂ ਭਾਸ਼ਾ ਨਾਲ ਵਿਸਫ਼ੋਟ ਕਰਦਾ ਹੈ। ਉਹ ਸਭਿਅਤਾ ਨੂੰ ਸ਼ੀਸ਼ਾ ਦਿਖਾਉਂਦਾ ਹੈ, 'ਆਧੁਨਿਕ' ਹੋਣ ਦੇ ਸੰਕਲਪ ਨੂੰ, ਧਰਮ, ਨੈਤਿਕਤਾ, ਮਾਨਵਤਾ ਨੂੰ, ਵੱਡੇ ਉੱਚੇ ਆਦਰਸ਼ਾਂ ਦੇ ਖ਼ੋਖਲੇਪਨ ਨੂੰ। ਉਹ ਕਵਿਤਾ ਕਹਿਣ ਦੀ ਜੁਰਅਤ ਕਰਦਾ ਹੈ।

ਕਵੀ ਦੀ ਮੁਹੱਬਤ ਧਰਤੀ ਨਾਲ ਹੈ, ਧਰਤੀ ਦੇ ਤੁਰਦੇ ਰਹਿਣ ਨਾਲ ਹੈ। ਉਹ ਹਰ ਕਿਸਮ ਦੀ ਖੜੋਤ ਨੂੰ ਤੋੜਨ ਦੀ ਲਲ੍ਹਕ ਰੱਖਦਾ ਹੈ। ਖ਼ਾਸ ਕਰਕੇ ਉਹ ਇਤਿਹਾਸਕ ਖੜੋਤ ਨੂੰ ਪਾਠਕਾਂ ਸਾਹਮਣੇ ਦ੍ਰਿਸ਼ਮਾਨ ਕਰਦਾ ਹੈ। ਬੱਜਰ ਗੁਨਾਹਾਂ ਨੂੰ ਸਾਹਮਣੇ ਲਿਆ ਧਰਦਾ ਹੈ। ਉਹ ਇਮਾਨਦਾਰ ਹੈ। ਇੰਨਾ ਇਮਾਨਦਾਰ ਕਿ ਕਾਵਿ-ਸੰਬੋਧਨ ਵਿਚ ਉਹ 'ਸਵੈ' ਨੂੰ ਦੋਸ਼ੀ ਧਿਰ ਵਿਚ ਰਲ੍ਹਿਆ ਮਨੁੱਖ ਮੰਨ ਕੇ ਚੱਲਦਾ ਹੈ ਉਹ ਸਭਿਅਤਾ ਸਾਹਮਣੇ ਕੋਰਾ ਕਾਗਜ਼ ਧਰਦਾ ਹੈ, ਜਿਸ ਨੇ ਖ਼ਤ ਹੋਣਾ ਸੀ, ਪਰ ਕਾਲ-ਖੰਡ ਵਿਚ ਉਹ ਕਦੇ ਮੌਤ ਦਾ ਫ਼ਰਮਾਨ ਬਣਿਆ, ਕਦੇ ਫ਼ਿਰਕੂ ਹਿੰਸਾ ਦਾ ਪੈਗ਼ਾਮ, ਕਦੇ ਭੀੜ ਦਾ, ਕਦੇ ਹਾਕਮ ਦਾ ਅਤੇ ਕਦੇ ਸੱਤਾ ਦੀ ਹਜੂਮੀ ਹਿੰਸਾ ਦਾ ਹਿੱਸਾ ਬਣਿਆ। ਅਸਲ ਵਿਚ ਰਣਧੀਰ ਇਤਿਹਾਸ ਨੂੰ ਗ਼ਲਤੀ ਦੁਹਰਾਉਣ ਨਹੀਂ ਦੇਣਾ ਚਾਹੁੰਦਾ। ਉਸ ਦੀ ਕਵਿਤਾ ਸੱਭਿਅਤਾ ਦੇ ਦਵੰਦ ਦੀ ਕਵਿਤਾ ਹੈ। ਮਹਾਂਬਿਰਤਾਂਤਾਂ ਦੇ ਸਾਹਮਣੇ ਸਵਾਲਾਂ ਦੀ ਚੁਣੌਤੀ ਹੈ। ਇਹ ਵਿਚਾਰਾਂ ਦੇ ਖਹਿਣ ਦਾ ਸਮਾਂ ਹੈ। ਕਵੀ ਅਣਕਿਹਾ ਆਖਦਾ ਹੈ, ਗੱਲ ਦੀ ਰਮਜ਼ ਜਾਣਦਾ ਹੈ ਅਤੇ ਪਾਠਕ ਨੂੰ ਗੱਲ ਬੁੱਝਣ ਲਈ ਤੰਗ ਕਰਦਾ ਹੈ। ਇਹ ਨਵੀਂ ਕਵਿਤਾ ਦਾ ਹੁਨਰ ਹੈ। ਉਸ ਦੀ ਕਵਿਤਾ ਵਿਚ ਖ਼ਤ ਦੇ ਚਿਹਨ ਵਿਚਾਰਧਾਰਾਈ ਚੇਤਨਾ ਵਾਲੇ ਹਨ। ਹਾਫ਼ਿਜ਼ ਸ਼ੀਰਾਜ਼ੀ ਯਾਦ ਆਉਂਦੇ ਹਨ- "ਅਸੀਂ ਫ਼ਕੀਰ ਸਾਰੀ-ਸਾਰੀ ਰਾਤ ਚਾਬੀਆਂ ਵੰਡਦੇ ਫਿਰਦੇ ਹਾਂ।"

ਕਵੀ ਖ਼ਤ ਭੇਜਣੇ ਚਾਹੁੰਦਾ ਹੈ, ਪਰ ਉਸ ਨੂੰ ਕੌਣ ਰੋਕ ਰਿਹੈ ? ਤਹਿਜ਼ੀਬ, ਤਵਾਰੀਖ਼, ਤਾਕਤ, ਪਛਾਣ, ਧਰਮ ? ਕਵਿਤਾ ਦਾ ਸਵਾਲ ਇਹੀ ਹੈ :

ਤੇਰਾ ਗ਼ਿਲਾ ਸਿਰ ਮੱਥੇ
ਮੇਰੀ ਮਾਫ਼ੀ ਪ੍ਰਵਾਨ ਕਰੀਂ
ਉਮੀਦ ਕਰਦਾਂ
ਸਦੀ ਦੇ ਏਸ ਵਰ੍ਹੇ
ਲਿਖ ਸਕੂੰਗਾ ਤੈਨੂੰ ਉਹ
ਖ਼ਤ ਜੋ ਲਿਖਣੋਂ ਰਹਿ ਗਏ। (ਪੰਨਾ-42)

ਰਣਧੀਰ ਦੀ ਕਵਿਤਾ 'ਚ ਜੋ ਸੰਬੋਧਕ ਹੈ, ਉਹ ਇਕ ਪਾਸੇ ਸ਼ਹਿਰੀ ਜੀਵਨ ਅਤੇ ਜੀਵਨ-ਸ਼ੈਲੀ ਦੀ ਖੜੋਤ ਨਾਲ ਟਕਰਾਉਂਦਾ ਹੈ, ਦੂਜੇ ਪਾਸੇ ਉਹ ਇਸ ਗਤੀਰੋਧ 'ਚੋਂ ਰਾਹ ਦੀ ਤਲਾਸ਼ ਵੀ ਕਰਦਾ ਹੈ। ਕੇਂਦਰੀ ਚਿਹਨ ਜੰਗਲ ਬਣਦਾ ਹੈ। ਉਹ ਜੰਗਲ ਨੂੰ ਅਤੇ ਉਸ ਜੰਗਲ ਦੀ ਡੈਂਸਨੈੱਸ ਨੂੰ ਆਪਣੇ ਖਲਾਅ 'ਚ ਭਰ ਲੈਂਦਾ ਹੈ। ਜੰਗਲ ਉਸ ਅੰਦਰੋਂ ਲੰਘਦਾ ਹੈ। ਇੰਝ ਉਹ ਪ੍ਰਾਕ੍ਰਿਤੀ ਦਾ ਦਰਸ਼ਕ ਨਹੀਂ, ਸਗੋਂ ਉਸ ਦਾ ਅੰਗ ਬਣ ਜਾਂਦਾ ਹੈ। ਉਸ ਦੀ 'ਮੈਂ' ਨੂੰ ਜੰਗਲ ਆਪਣੀ ਊਰਜਾ ਨਾਲ ਭਰਦਾ ਹੈ ਤੇ ਪ੍ਰੇਮ/ਮਹਿਬੂਬ ਉਸ 'ਮੈਂ' ਨੂੰ ਮੌਲਣ/ਫੈਲਣ ਦਾ ਬਲ ਦਿੰਦਾ ਹੈ।

ਉਸ ਦੀ ਸੰਵੇਦਨੀ ਸਮਰੱਥਾ ਪ੍ਰਕਿਰਤੀ ਦਾ ਗੌਣ ਸੁਣਦੀ ਹੈ ਅਤੇ ਕਵਿਤਾ 'ਚ ਰੂਪਾਂਤਰਣ ਕਰਦੀ ਹੈ। ਇਸ ਸਿਰਜਣਾਤਮਕ ਰੂਪਾਂਤਰਣ ਵਿੱਚੋਂ ਉਸ ਦੀ ਸਵੈ, ਸਮਾਜ ਅਤੇ ਇਤਿਹਾਸ ਨਾਲ ਖਹਿ ਕੇ ਲੰਘਦੀ ਹੈ।

ਰਣਧੀਰ ਦੀ ਕਵਿਤਾ ਸੁਹਜ ਦੇ ਜਮਾਤੀ ਸੁਭਾਅ ਵੱਲ ਇਸ਼ਾਰਾ ਵੀ ਕਰਦੀ ਹੈ। 'ਮੀਂਹ ਬਨਾਮ ਚਿੱਕੜ' ਕਵਿਤਾ ਇਕ ਕਾਵਿਕ-ਬਿਰਤਾਂਤ ਉਸਾਰਦੀ ਹੈ, ਜਿਸ ਵਿਚ ਦੋ ਧਿਰਾਂ ਹਨ ਸਾਹਿਬ ਅਤੇ ਕਰਿੰਦੇ ਦੀ। ਇਕ ਹੋਰ ਧਿਰ ਹੈ ਉਹ ਹੈ ਪ੍ਰਕਿਰਤੀ, ਜਿਸ ਦਾ ਪ੍ਰਗਟਾਵਾ ਉਸ ਨੇ ਮੀਂਹ ਦੇ ਚਿਹਨ ਰਾਹੀਂ ਕੀਤਾ ਹੈ। ਇਸ ਕਵਿਤਾ ਵਿਚ ਆਤਮ-ਸੰਵਾਦ ਅਤੇ ਆਤਮ-ਦਵੰਦ ਦੀ ਕਾਵਿ-ਵਿਧੀ ਦਾ ਮਿਸ਼ਰਣ ਹੈ। ਕਾਵਿ-ਪਾਤਰ ਖਿੜਕੀ ਵਿੱਚੋਂ ਬਾਹਰ ਦੇਖਦਾ ਹੈ, ਬਰਸਾਤ ਹੈ, ਮੀਂਹ ਵਿਚ ਭਿੱਜਣਾ ਚਾਹੁੰਦਾ ਹੈ, ਉੱਠਣਾ ਚਾਹੁੰਦਾ ਹੈ, ਭੱਜਣਾ ਚਾਹੁੰਦਾ ਹੈ, ਪਰ ਉਹ ਦੋ ਪਾਸੇ ਦੇਖਦਾ ਹੈ, ਇਕ ਆਪਣੇ ਕੋਟ ਅਤੇ ਟਾਈ ਵੱਲ, ਦੂਜਾ ਵੱਡੇ ਸਾਹਬ ਦੀਆਂ ਅੱਖਾਂ ਵੱਲ। ਕਵੀ 'ਸੈਲਫ਼' ਅਤੇ 'ਅਦਰ' ਦੀ ਦਵੰਦ ਨੂੰ ਖਿੱਚਦਾ ਹੈ। ਅੰਤ ਉਹ ਕੋਟ ਤੇ ਟਾਈ ਦੇ ਭਾਰ ਹੇਠ ਝੁਕ ਜਾਂਦਾ ਹੈ ਅਤੇ ਸਹਿਮ ਜਾਂਦਾ ਹੈ, ਪਰ ਇਹ ਸਹਿਮ ਦੀ ਵਿਚਾਰਕੀ ਕੀ ਹੈ ? ਇਹ ਸਹਿਮ ਖੌਫ਼ ਵਾਲ੍ਹਾ ਨਹੀਂ ਹੈ। ਉਸ ਦਾ ਸੰਵੇਦਨਸ਼ੀਲ ਹਿਰਦਾ ਨਿਰਮਲ ਹੈ। ਹਰਿਆ-ਭਰਿਆ ਹੈ। ਜੋ 'ਪ੍ਰਬੰਧਨ-ਪ੍ਰਕ੍ਰਿਆ' ਵਿਚ ਖਿੱਚਿਆ ਜਾ ਰਿਹਾ ਹੈ, ਜ਼ਖ਼ਮੀ ਹੋ ਰਿਹਾ ਹੈ। ਕਵੀ ਕਵਿਤਾ ਨਾਲ ਮੱਲ੍ਹਮ ਲਗਾ ਰਿਹਾ ਹੈ।

ਸੁਹਜ/ਆਨੰਦ ਦੀ ਤ੍ਰਿਪਤੀ ਕਈ ਕਿਸਮ ਦੇ ਸਹਿਮ ਅਤੇ ਸਾਏ ਹੇਠ ਹੈ। ਡਰ, ਸੰਸੇ ਅਤੇ ਮਜਬੂਰੀ ਦੀ ਵਿਆਕਰਣ ਦਾ ਝਲਕਾਰਾ ਰਣਧੀਰ ਦੀ ਕਵਿਤਾ ਵਿੱਚੋਂ ਵਾਰ-ਵਾਰ ਪੈਂਦਾ ਹੈ, ਪਰ ਸ਼ਾਇਰ ਇਸ ਸਥਿਤੀ ਨੂੰ ਵਿਕਰਾਲ ਬਣਾ ਕੇ ਉਸ ਹੇਠ ਪਿਸਦਾ ਨਹੀਂ, ਸਗੋਂ ਉਹ ਅਣਕਹੇ ਵਿਚ ਸੂਖ਼ਮ ਪ੍ਰਤੀਰੋਧ ਦਾ ਸੰਚਾਰ ਕਰਦਾ ਹੈ। ਇਹ ਉਸ ਦੀ ਕਾਵਿ-ਦ੍ਰਿਸ਼ਟੀ ਦਾ ਹਾਸਲ ਹੈ ਕਿ ਉਹ ਇਹ ਸਵਾਲ ਉਭਾਰਨ ਵਿਚ ਸਫ਼ਲ ਹੋਇਆ ਹੈ-ਮੀਂਹ ਕਦੋਂ ਅਤੇ ਕਿਸ ਲਈ ਚਿੱਕੜ ਅਤੇ ਬੂ ਵਿਚ ਬਦਲ ਜਾਂਦਾ ਹੈ ? ਮੀਂਹ ਸੁਹਜ, ਆਨੰਦ, ਤ੍ਰਿਪਤੀ ਅਤੇ ਖ਼ੁਸ਼ੀ ਦਾ ਅਹਿਸਾਸ ਭਰਦਾ ਹੈ। ਕਵੀ ਕੋਲ ਦੇਖਣ ਵਾਲੀ ਅੱਖ ਹੈ। ਜੋ ਮਹਿਬੂਬ ਦੀਆਂ ਅੱਖਾਂ ਵਿਚ ਸੁਪਨੇ ਅਤੇ ਵੱਡੇ ਸਾਹਬ ਦੀਆਂ ਅੱਖਾਂ ਵਿਚ ਚਿੱਕੜ ਅਤੇ ਬੂ ਦੇਖ ਲੈਂਦੀ ਹੈ-

ਖਿੜਕੀ ਤੋਂ ਬਾਹਰ/ਬਰਸਾਤ ਹੋ ਰਹੀ ਹੈ
ਮੈਂ ਆਪਣੇ/ਕੋਟ ਤੇ ਟਾਈ ਵੱਲ ਤੱਕਦਾਂ
ਡਰਦਾ ਡਰਦਾ ਵੇਖਦਾ
ਵੱਡੇ ਸਾਹਬ ਦੀਆਂ ਅੱਖਾਂ ਵੱਲ
ਬਰਸਾਤ ਜਿਨ੍ਹਾਂ ਲਈ ਬੂ ਹੈ
ਬਸ ਚਿੱਕੜ/ਹੋਰ ਕੁਝ ਨਹੀਂ
ਮੇਰਾ ਚਿੱਤ ਉਠ ਕੇ/ਮੀਂਹ 'ਚ ਭਿੱਜਣ ਨੂੰ ਕਰਦਾ
ਝੁਕ ਜਾਨਾਂ/ਕੋਟ ਤੇ ਟਾਈ ਦੇ ਵਜ਼ਨ ਹੇਠ
ਸਹਿਮ ਜਾਨਾਂ/ਵੱਡੇ ਸਾਹਬ ਦੀਆਂ ਅੱਖਾਂ 'ਚ/ਚਿੱਕੜ ਦੇਖ
(ਪੰਨਾ-26)

ਰਣਧੀਰ 'ਮੈਂ' ਰਾਹੀਂ ਇਤਿਹਾਸ ਅਤੇ ਵਰਤਮਾਨ ਦੀਆਂ ਸੂਖ਼ਮ ਘਟਨਾਵਾਂ ਨੂੰ ਕਟਾਖ਼ਸ਼ੀ ਅੰਦਾਜ਼ ਵਿਚ ਉਭਾਰਦਾ ਹੈ। ਉਹ ਘਟਨਾਵਾਂ ਜਿਨ੍ਹਾਂ ਸਾਹਮਣੇ ਹਰ ਕੱਜਣ ਹੌਲ੍ਹਾ ਹੋ ਜਾਂਦਾ ਹੈ। ਉਹ ਹਜੂਮੀ ਭੀੜ, ਹਿੰਸਾ, ਪ੍ਰਤਿ ਹਿੰਸਾ, ਸਟੇਟ ਦੇ ਜਬਰ, ਫ਼ਿਰਕੂ ਸਿਆਸਤ ਅਤੇ ਨਾਗਰਿਕ ਹੋਣ ਦੇ ਦੰਭ ਨੂੰ ਐਕਸਪੋਜ਼ ਕਰਦਾ ਹੈ। ਟੀ.ਵੀ. ਸਕਰੀਨ ਅਤੇ ਐਂਕਰ ਇਸ ਸਿਆਸਤ ਦੇ ਵਕਤਾ, ਸ੍ਰੋਤੇ ਅਤੇ ਦਰਸ਼ਕ ਪੈਦਾ ਕਰਦੇ ਹਨ। ਪਛਾਣ ਦੀ ਸਿਆਸਤ, ਫ਼ਿਰਕੂ ਸਿਆਸਤ, ਫ਼ਾਸ਼ੀਵਾਦੀ ਤੱਤ ਉੱਭਰਦੇ ਹਨ। ਇਸ ਦੌਰ ਵਿਚ ਜਦੋਂ ਹਜੂਮੀ ਭੀੜ ਅਤੇ ਬੁਲਡੋਜ਼ਰ ਦੀ ਹਿੰਸਾ ਨੂੰ 'ਵੈਧ' ਕਰਾਰ ਦਿੱਤਾ ਜਾ ਰਿਹਾ ਹੋਵੇ, ਉਸ ਸਮੇਂ 'ਸਵੈ' ਦੀ ਪੜਚੋਲ ਕਰਨੀ ਜ਼ਰੂਰੀ ਹੋ ਜਾਂਦੀ ਹੈ ਕਿ ਇਕ ਨਾਗਰਿਕ ਅਤੇ ਮਨੁੱਖ ਵਜੋਂ ਕਿਧਰੇ ਉਹ ਭੀੜ 'ਚ ਫਸੀ ਦੌੜ ਦਾ ਹਿੱਸਾ ਤਾਂ ਨਹੀਂ ਬਣ ਰਿਹਾ! ਕਵਿਤਾ ਵਿਚ ਉਹ ਮੁਹੱਬਤ ਅਤੇ ਬਚਪਨ ਦੇ ਸੂਖ਼ਮ ਅਹਿਸਾਸ ਦੀ ਸੰਵੇਦਨਾ ਰਾਹੀਂ ਇਸ ਦੌੜ ਨੂੰ ਸਹਿਜਤਾ ਨਾਲ ਕੱਟ ਦਿੰਦਾ ਹੈ।

Jean Baudrillard 'Simulacra and Simulations' ਕਿਤਾਬ ਵਿਚ ਲਿਖਦਾ ਹੈ ਕਿ 'ਅਸੀਂ ਅਜਿਹੀ ਦੁਨੀਆ ਵਿਚ ਰਹਿੰਦੇ ਹਾਂ, ਜਿੱਥੇ ਜ਼ਿਆਦਾ ਤੋਂ ਜ਼ਿਆਦਾ ਸੂਚਨਾ ਹੈ ਅਤੇ ਘੱਟ ਤੋਂ ਘੱਟ ਅਰਥ ਹਨ। ਸੂਚਨਾ ਚਿੰਨ੍ਹਾਂ ਦਾ ਇੱਕ ਕ੍ਰਮਬੱਧ ਤਰਤੀਬਦਾਰ ਰੂਪ ਹੈ,...ਇਹ ਇੱਕ ਅਪ੍ਰੇਸ਼ਨਲ ਮਾਡਲ ਹੈ। ਸੂਚਨਾ ਅਰਥ ਨੂੰ ਤਬਾਹ ਕਰ ਦਿੰਦੀ ਹੈ।' ਸਮਕਾਲ ਸੂਚਨਾ ਕ੍ਰਾਂਤੀ ਦਾ ਦੌਰ ਹੈ। ਅਖ਼ਬਾਰੀ ਖ਼ਬਰ ਨੂੰ ਜ਼ਿੰਦਗੀ ਦਾ ਦਰਸ਼ਨ ਬਣਾ ਦਿੱਤਾ ਜਾਂਦਾ ਹੈ। ਗਿਆਨ, ਬੌਧਿਕਤਾ ਅਤੇ ਚਿੰਤਨ ਲਈ ਸਪੇਸ ਨਹੀਂ ਬਚਣ ਦਿੱਤੀ ਜਾਂਦੀ। ਟੀ.ਵੀ., ਮੀਡੀਆ ਅਤੇ ਸੋਸ਼ਲ ਮੀਡੀਆ ਸਿਰਜਣਾਤਮਕ ਸ੍ਰੋਤਾਂ ਨੂੰ ਨਿਗਲਦਾ ਹੈ। ਖ਼ਪਤੀ ਰੁਚੀ ਬਲਵਾਨ ਹੁੰਦੀ ਹੈ। ਹਉਂ ਨੂੰ ਬਲ ਮਿਲਦਾ ਹੈ। ਇਹ ਵਿਚਾਰ ਤੱਥ ਬਣਦਾ ਹੈ, ਜੋ ਸੂਖ਼ਮ ਯੰਤਰ ਬਣ ਕੇ ਹੈਜਮੋਨਿਕ ਵਿਚਾਰ ਦਾ ਅਸਰ ਪੈਦਾ ਕਰਦਾ ਹੈ। ਕਾਲ੍ਹਾ ਬੱਦਲ ਬਣ ਕੇ ਜ਼ਿਹਨ 'ਤੇ ਫੈਲ ਜਾਂਦਾ ਹੈ। ਰਣਧੀਰ ਦੀ ਕਵਿਤਾ ਵਿਚ ਇਸ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਮਾਜਿਕ ਵਰਤਾਰਿਆਂ ਨੂੰ ਪੇਸ਼ ਕਰਦੀ ਗਲਪਮਈ ਰਚਨਾ

### ਸੁਖਦੇਵ ਸਿੰਘ ਸ਼ਾਂਤ

## ਰਿਸ਼ਤਿਆਂ ਦੀ ਜ਼ਮੀਨ

**(ਮਿੰਨੀ ਕਹਾਣੀ ਸੰਗ੍ਰਹਿ)**
**ਸੁਖਮਿੰਦਰ ਸੇਖੋਂ**
**ਪੰਨੇ-104, ਮੁੱਲ-200 ਰੁਪਏ**
**ਤਰਲੋਚਨ ਪਬਲੀਸ਼ਰਜ਼, ਚੰਡੀਗੜ੍ਹ**

ਵਿਚਾਰ-ਅਧੀਨ ਪੁਸਤਕ 'ਰਿਸ਼ਤਿਆਂ ਦੀ ਜ਼ਮੀਨ' (ਚੋਣਵੀਆਂ ਮਿੰਨੀ ਕਹਾਣੀਆਂ) ਤੋਂ ਪਹਿਲਾਂ ਸੁਖਮਿੰਦਰ ਸੇਖੋਂ ਦੇ ਦੋ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਸੂਰਜ ਦਾ ਸ਼ਿਕਾਰ (1994) ਅਤੇ ਮਜ਼ਾਕ ਨਹੀਂ ਪ੍ਰੀਤੋ (2008) ਪਾਠਕਾਂ ਦੀ ਨਜ਼ਰ ਹੋ ਚੁੱਕੇ ਹਨ। ਇਨ੍ਹਾਂ ਤਿੰਨ ਮੌਲਿਕ ਪੁਸਤਕਾਂ ਤੋਂ ਇਲਾਵਾ ਲੇਖਕ ਨੇ ਵੱਖ-ਵੱਖ ਲੇਖਕਾਂ ਦੀਆਂ ਮਿੰਨੀ ਕਹਾਣੀਆਂ ਚੁਣ ਕੇ ਸਾਲ 2004 ਵਿੱਚ ਇੱਕ ਸੰਪਾਦਿਤ ਪੁਸਤਕ ਮਿੰਨੀ ਕਰੇ ਸੰਵਾਦ (101 ਲੇਖਕ) ਵੀ ਪ੍ਰਕਾਸ਼ਿਤ ਕੀਤੀ ਸੀ।




ਸੁਖਮਿੰਦਰ ਸੇਖੋਂ ਬਹੁ-ਪੱਖੀ ਅਤੇ ਬਹੁ-ਵਿਧਾਵੀ ਸਾਹਿਤਕਾਰ ਹੈ। ਮਿੰਨੀ ਕਹਾਣੀਆਂ ਨਾਲ ਸੰਬੰਧਤ ਪੁਸਤਕਾਂ ਤੋਂ ਇਲਾਵਾ ਉਸ ਦੇ ਸੱਤ ਕਹਾਣੀ ਸੰਗ੍ਰਹਿ, ਚਾਰ ਨਾਵਲ, ਇੱਕ ਵਿਅੰਗ ਸੰਗ੍ਰਹਿ, ਦੋ ਨਾਟਕ ਦੀਆਂ ਕਿਤਾਬਾਂ ਵੀ ਛਪ ਕੇ ਪਾਠਕਾਂ ਤੇ ਆਲੋਚਕਾਂ ਤੋਂ ਆਪਣਾ ਲੋਹਾ ਮਨਵਾ ਚੁੱਕੀਆਂ ਹਨ। ਇਹ ਪੁਸਤਕ ਪੜ੍ਹਦਿਆਂ ਮੈਨੂੰ ਲੇਖਕ ਦੇ ਨਾਟਕੀ ਅੰਦਾਜ਼ ਨੇ ਬਹੁਤ ਟੁੰਬਿਆ ਹੈ, ਕਿਉਂਕਿ ਲੇਖਕ ਨਾਟਕ ਲਿਖਣ ਵਿੱਚ ਮਾਹਰ ਹੈ ਅਤੇ ਉਸ ਦੇ ਨਾਟਕਾਂ ਦੀਆਂ ਪੁਸਤਕਾਂ ਛਪਣ ਦੇ ਨਾਲ-ਨਾਲ ਉਸ ਦੇ ਨਾਟਕ ਸਫਲਤਾ-ਪੂਰਵਕ ਸਟੇਜ ਵੀ ਹੋਏ ਹਨ। ਇਸ ਲਈ ਉਸ ਦੀਆਂ ਮਿੰਨੀ ਕਹਾਣੀਆਂ ਵਿੱਚ ਨਾਟਕੀਅਤਾ ਦਾ ਅੰਸ਼ ਗੌਲਣਯੋਗ ਬਣਦਾ ਹੈ। ਇਨ੍ਹਾਂ ਮਿੰਨੀ ਕਹਾਣੀਆਂ ਨੂੰ ਪੜ੍ਹਦੇ ਹੋਏ ਪਾਠਕ ਉਕਤਾਉਂਦਾ ਨਹੀਂ ਅਤੇ ਉਸ ਦੀ ਰੁਚੀ ਲਗਾਤਾਰ ਬਰਕਰਾਰ ਰਹਿੰਦੀ ਹੈ। ਮਿੰਨੀ ਕਹਾਣੀ ਸੋਧ ਦਿਆਂਗਾ ਅਖੀਰ ਵਿੱਚ ਇੱਕ ਹਾਂ-ਵਾਚਕ ਵਿਸਫੋਟ ਸਿਰਜਦੀ ਹੈ ਅਤੇ ਪਾਠਕ ਹੈਰਾਨ ਰਹਿ ਜਾਂਦਾ ਹੈ। ਇਸੇ ਤਰ੍ਹਾਂ ਮਿੰਨੀ ਕਹਾਣੀ 'ਕੁੱਤਾ' ਦੀ ਰਚਨਾ ਵੀ ਖ਼ੂਬਸੂਰਤ ਨਾਟਕੀ-ਅੰਦਾਜ਼ ਵਾਲੀ ਹੈ। ਬਦੋ-ਬਦੀ ਪਾਠਕ ਦੇ ਚਿਹਰੇ 'ਤੇ ਮੁਸਕਰਾਹਟ ਲੈ ਆਉਂਦੀ ਹੈ ਇਹ ਮਿੰਨੀ ਕਹਾਣੀ। ਮਿੰਨੀ ਕਹਾਣੀ ਸ਼ਰਧਾਲੂ ਵੀ ਨਾਟਕੀ ਢੰਗ ਨਾਲ ਸਿਰਜੀ ਹੋਈ ਇੱਕ ਸੁੰਦਰ ਵਿਅੰਗਾਤਮਿਕ ਰਚਨਾ ਹੈ। ਇੱਕ ਦਰੱਖਤ ਦੀ ਜੜ੍ਹ ਵਿੱਚ ਪਹਿਲਾਂ ਇੱਕ ਕੁੱਤਾ ਪਿਸ਼ਾਬ ਕਰ ਜਾਂਦਾ ਹੈ। ਕੁਝ ਦੇਰ ਬਾਅਦ ਉਸ ਰਾਜ ਲੰਘ ਰਿਹਾ ਇੱਕ ਵਿਅਕਤੀ ਉਸੇ ਦਰੱਖਤ ਦੀ ਓਟ ਲੈ ਕੇ ਉਸ ਦੀ ਜੜ੍ਹ ਵਿੱਚ ਪਿਸ਼ਾਬ ਕਰਕੇ ਤੁਰਦਾ ਬਣਦਾ ਹੈ। ਇਸ ਤੋਂ ਬਾਅਦ ਦੋ ਸ਼ਰਧਾਲੂ ਔਰਤਾਂ ਫਲ, ਚੌਲ ਅਤੇ ਮਿੱਠਾ ਕਿਤੇ ਚੜ੍ਹਾਉਣ ਲਈ ਲੈ ਕੇ ਲੰਘਦੀਆਂ ਹਨ। ਉਨ੍ਹਾਂ ਦੀ ਨਜ਼ਰ ਉਸ ਦਰੱਖਤ ਦੀਆਂ ਜੜ੍ਹਾਂ ਵੱਲ ਪੈਂਦੀ ਹੈ। ਉਹ ਇਹ ਸਮਝ ਲੈਂਦੀਆਂ ਹਨ ਕਿ ਇਹ ਦਰੱਖਤ ਧਾਰਮਿਕ ਤੌਰ 'ਤੇ ਪੂਜਣਯੋਗ ਹੈ ਅਤੇ ਉਨ੍ਹਾਂ ਤੋਂ ਪਹਿਲਾਂ ਕਿਸੇ ਨੇ ਸ਼ਰਧਾ ਵਜੋਂ ਇਸ ਨੂੰ ਪਾਣੀ ਵੀ ਚੜ੍ਹਾਇਆ ਹੁੰਦਾ ਹੈ। ਉਹ ਵੀ ਫੁੱਲ, ਚੌਲ ਤੇ ਮਿੱਠਾ ਰੱਖ ਕੇ ਉਸ ਦਰੱਖਤ ਨੂੰ ਮੱਥਾ ਟੇਕ ਦਿੰਦੀਆਂ ਹਨ। ਬਸ ਫਿਰ ਦੇਖਾ-ਦੇਖੀ ਪੂਜਾ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਛੇਤੀ ਹੀ ਇੱਕ ਧਰਮ ਸਥਾਨ ਦਾ ਨਿਰਮਾਣ ਹੋ ਜਾਂਦਾ ਹੈ। ਧਰਮ ਦੇ ਨਾਂਅ 'ਤੇ ਅੰਧ-ਵਿਸ਼ਵਾਸ 'ਤੇ ਇੱਕ ਗਹਿਰੀ ਚੋਟ ਹੈ ਇਹ ਮਿੰਨੀ ਕਹਾਣੀ। ਧਰਮ ਦੀ ਜ਼ਿਆਦਾਤਰ ਵਰਤੋਂ ਲੋਕ ਕੇਵਲ ਭੇਖ ਅਤੇ ਵਿਖਾਵੇ ਲਈ ਕਰਦੇ ਹਨ, ਪਰ ਜ਼ਿੰਦਗੀ ਸੱਚ, ਈਮਾਨਦਾਰੀ, ਦਇਆ ਅਤੇ ਹਮਦਰਦੀ ਵਰਗੇ ਧਾਰਮਿਕ ਗੁਣ ਧਾਰਨ ਨਹੀਂ ਕਰਦੇ। ਇਸ ਤੱਥ ਦਾ ਪ੍ਰਗਟਾਵਾ ਕਰਦੀਆਂ ਮਿੰਨੀ ਕਹਾਣੀਆਂ ਹਨ ਕਿਰਦਾਰ ਅਤੇ ਧਰਮ। ਮਿਹਨਤ ਅੱਗੇ ਅੰਧ-ਵਿਸ਼ਵਾਸ ਹਾਰ ਜਾਂਦਾ ਹੈ। ਮਿੰਨੀ ਕਹਾਣੀ ਭਰਮ ਵਿੱਚ ਜਦੋਂ ਬੱਚੇ ਦੀ ਮਿਹਨਤ ਰੰਗ ਲਿਆਉਂਦੀ ਹੈ।

ਦੇਸ਼ ਵਿੱਚ ਬੇਰੁਜ਼ਗਾਰੀ ਅਤੇ ਵਿਸ਼ੇਸ਼ ਕਰਕੇ ਸਰਕਾਰੀ ਨੌਕਰੀਆਂ ਦੀ ਘਾਟ ਸਦਕਾ ਸਾਡੀ ਨੌਜਵਾਨ ਪੀੜ੍ਹੀ ਨੂੰ ਜ਼ਿੰਦਗੀ ਦੇ ਨਿਰਬਾਹ ਲਈ ਡੰਗ-ਟਪਾਊ ਪ੍ਰਾਈਵੇਟ ਨੌਕਰੀਆਂ ਦਾ ਸਹਾਰਾ ਲੈਣਾ ਪੈਂਦਾ ਹੈ। ਇਨ੍ਹਾਂ ਨੌਕਰੀਆਂ ਕਾਰਨ ਤਰ੍ਹਾਂ-ਤਰ੍ਹਾਂ ਦੀ ਸਰੀਰਕ ਅਤੇ ਮਾਨਸਿਕ ਪੀੜਾ ਵਿੱਚੋਂ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਗੁਜ਼ਰਨਾ ਪੈਂਦਾ ਹੈ। ਇਸ ਵਿਸ਼ੇ ਨੂੰ ਭਾਵੁਕਤਾ ਦੇ ਨਜ਼ਰੀਏ ਨਾਲ ਸੁਖਮਿੰਦਰ ਸੇਖੋਂ ਨੇ ਬਾਖ਼ੂਬੀ ਬਿਆਨਿਆ ਹੈ। ਲੇਖਕ ਦੀ ਸੁਹਿਰਦ ਸੰਵੇਦਨਸ਼ੀਲਤਾ ਇਸ ਵਿਸ਼ੇ ਨਾਲ ਸੰਬੰਧਤ ਮਿੰਨੀ ਕਹਾਣੀਆਂ ਵਿੱਚੋਂ ਖ਼ੂਬ ਪ੍ਰਗਟ ਹੁੰਦੀ ਹੈ। ਮਿੰਨੀ ਕਹਾਣੀ 'ਨੌਕਰੀ' ਵਿੱਚ ਇੱਕ ਪਾਸੇ ਪੁੱਤਰ ਨੂੰ ਆਪਣੇ ਪਿਤਾ ਦੀ ਮੌਤ ਦਾ ਦੁੱਖ ਹੈ, ਪਰ ਦੂਜੇ ਪਾਸੇ ਉਸੇ ਸਮੇਂ ਹੀ ਬੇਰੁਜ਼ਗਾਰੀ ਤੋਂ ਦੁਖੀ ਹੋਣ ਕਰਕੇ ਸਰਕਾਰੀ ਮੁਲਾਜ਼ਮ ਵਜੋਂ ਪਿਤਾ ਦੇ ਮਰਨ 'ਤੇ ਉਸ ਦੀ ਥਾਂ 'ਤੇ ਸਰਕਾਰੀ ਨੌਕਰੀ ਮਿਲ ਜਾਣ ਦਾ ਫੁਰਨਾ ਵੀ ਮਨ ਵਿੱਚ ਆ ਜਾਂਦਾ ਹੈ। ਮਿੰਨੀ ਕਹਾਣੀ ਯੋਗਤਾਵਾਂ ਵਿੱਚ ਮੁੰਡੇ ਨੂੰ ਨੌਕਰੀ ਪੈਸੇ ਦੇਣ ਕਰਕੇ ਅਤੇ ਕੁੜੀ ਨੂੰ ਨੌਕਰੀ ਉਸ ਦੇ ਜਿਸਮ ਦੇ ਸੌਦੇ ਕਰਕੇ ਚੋਣਕਾਰਾਂ ਵੱਲੋਂ ਦਿੱਤੀ ਜਾ ਰਹੀ ਹੈ। ਘੱਟ ਤਨਖਾਹ 'ਤੇ ਪ੍ਰਾਈਵੇਟ ਨੌਕਰੀਆਂ ਕਰ ਰਹੇ ਪਾਤਰਾਂ ਦੇ ਦੁੱਖ-ਦਰਦ ਨਾਲ ਸੰਬੰਧ ਰੱਖਦੀਆਂ ਮਿੰਨੀ ਕਹਾਣੀਆਂ ਹਨ, ਤਿਆਗ, ਕਾਨੂੰਨ, ਮਜਬੂਰੀਆਂ, ਧੰਦਾ, ਪਰਛਾਵਾਂ ਅਤੇ ਨਵਾਂ ਰਸਤਾ।

ਪਤੀ-ਪਤਨੀ ਦੇ ਰਿਸ਼ਤੇ ਮਾਮੂਲੀ ਜਿਹਾ ਸ਼ੱਕ ਵੀ ਤੋੜ ਕੇ ਰੱਖ ਦਿੰਦਾ ਹੈ। ਮਿੰਨੀ ਕਹਾਣੀ 'ਤੁਹਾਡੀ ਸਹੁੰ' ਵਿੱਚ ਇਹ ਰਿਸ਼ਤਾ ਟੁੱਟਦਾ-ਟੁੱਟਦਾ ਬਚ ਜਾਂਦਾ ਹੈ, ਕਿਉਂਕਿ ਪਤਨੀ ਨੂੰ ਆਪਣੇ ਲਈ ਲਿਆਂਦੇ ਹਾਰ ਨੂੰ ਦੇਖ ਕੇ ਉਸ ਦਾ ਸ਼ੱਕ ਦੂਰ ਹੋ ਜਾਂਦਾ ਹੈ। ਮਿੰਨੀ ਕਹਾਣੀ 'ਸੀਮਾ' ਵਿੱਚ ਪਤੀ ਨੂੰ ਆਪਣੇ ਬੇਟੇ ਰਾਜਨ ਬਾਰੇ ਵੀ ਵਹਿਮ ਹੋ ਜਾਂਦਾ ਹੈ ਕਿ ਉਹ ਪਤਨੀ ਦੇ ਦਫਤਰ ਦੇ ਸੁਪਰਡੈਂਟ ਨਾਲ ਮੇਲ ਤੋਂ ਪੈਦਾ ਹੋਇਆ ਹੈ। ਪਤੀ ਆਪਣੀ ਤਰੱਕੀ ਖਾਤਰ ਆਪਣੀਆਂ ਪਤਨੀਆਂ ਦੇ ਸਰੀਰ ਦੂਜਿਆਂ ਦੇ ਹਵਾਲੇ ਕਰਨ ਦੇ ਸਮਝੌਤਿਆਂ ਤੱਕ ਡਿੱਗਦੇ ਵੀ ਦਿਖਾਏ ਗਏ ਹਨ। ਇਹ ਗਿਰਾਵਟ ਮਿੰਨੀ ਕਹਾਣੀਆਂ 'ਡੀਲ' ਅਤੇ 'ਤੁਹਾਡੀ ਖ਼ੁਸ਼ੀ' ਵਿੱਚ ਦਰਸਾਈ ਗਈ ਹੈ।

ਗਰੀਬੀ ਦੀ ਅਵਸਥਾ ਕਰਕੇ ਹੇਠ ਦੱਬੀ ਕਿਰਸਾਨੀ, ਕਿਸਾਨ ਅੰਦੋਲਨ, ਰਿਸ਼ਵਤਖੋਰੀ, ਦਲਿਤਾਂ ਦੀ ਭਲਾਈ ਦੇ ਨਾਂਅ 'ਤੇ ਸਿਆਸਤ ਆਦਿ ਵਿਸ਼ੇ ਵੀ ਸੁਖਮਿੰਦਰ ਸੇਖੋਂ ਨੇ ਆਪਣੀਆਂ ਮਿੰਨੀ ਕਹਾਣੀਆਂ ਵਿੱਚ ਬਾਖ਼ੂਬੀ ਪੇਸ਼ ਕੀਤੇ ਹਨ। ਇਉਂ ਲੇਖਕ ਮੌਜੂਦਾ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਹਾਲਾਤ ਤੋਂ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਉਹ ਸਮਾਜ ਦੇ ਗਰੀਬ, ਦੱਬੇ-ਕੁਚਲੇ ਅਤੇ ਲੁੱਟੇ ਜਾ ਰਹੇ ਲੋਕਾਂ ਦੇ ਨਾਲ ਖੜ੍ਹਾ ਹੈ। ਬੇਇਨਸਾਫੀ ਕਿਸੇ ਵੀ ਖੇਤਰ ਵਿੱਚ ਉਸ ਨੂੰ ਪ੍ਰਵਾਨ ਨਹੀਂ ਹੈ। ਇਹ ਵਿਸ਼ੇ ਮਿੰਨੀ ਕਹਾਣੀਆਂ ਦਿੱਲੀ ਦੂਰ ਨਹੀਂ, ਗੱਦਾਰ, ਖ਼ੁਦਕੁਸ਼ੀ ਨੋਟ, ਕਿਰਸਾਨ ਦੀ ਮੌਤ ਅਤੇ ਪੱਛੜੇ ਲੋਕ ਵਿੱਚ ਡੂੰਘਿਆਈ ਨਾਲ ਲਏ ਗਏ ਹਨ।

ਸੁਖਮਿੰਦਰ ਸੇਖੋਂ ਦੀਆਂ ਮਿੰਨੀ ਕਹਾਣੀਆਂ ਸੰਜਮੀ ਸ਼ੈਲੀ ਵਾਲੀਆਂ ਹਨ। ਉਹ ਆਪਣੀਆਂ ਮਿੰਨੀ ਕਹਾਣੀਆਂ ਦਾ ਸਿੱਧਾ ਆਰੰਭ ਕਰਦਾ ਹੈ ਅਤੇ ਸਿਖਰ 'ਤੇ ਲਿਜਾ ਕੇ ਇਕਦਮ ਬਹੁਤ ਕੁਝ ਅਣਕਿਹਾ ਵੀ ਛੱਡ ਜਾਂਦਾ ਹੈ। ਕਥਾ ਰਸ ਇਨ੍ਹਾਂ ਰਚਨਾਵਾਂ ਨੂੰ ਅਮੀਰ ਬਣਾਉਂਦਾ ਹੈ। ਮਨੋਵਿਗਿਆਨਕ ਛੋਹਾਂ ਇਨ੍ਹਾਂ ਮਿੰਨੀ ਕਹਾਣੀਆਂ ਨੂੰ ਆਕਰਸ਼ਕ ਮਿੰਨੀ ਕਹਾਣੀਆਂ ਬਣਾਉਣ ਵਿੱਚ ਸਫਲ ਹਨ। ਮਿੰਨੀ ਕਹਾਣੀ ਮੁਆਵਜ਼ਾ ਦੇ ਜ਼ਿਕਰ ਨਾਲ ਪੁਸਤਕ ਦੇ ਇਸ ਰੀਵਿਊ ਨੂੰ ਮੈਂ ਇੱਥੇ ਹੀ ਬੰਦ ਕਰਦਾ ਹਾਂ। ਸਰਕਾਰ ਹੜ੍ਹਾਂ ਵਿੱਚ ਮਰਨ ਵਾਲੇ ਵਿਅਕਤੀਆਂ ਦੇ ਪਰਵਾਰਾਂ ਲਈ ਮੁਆਵਜ਼ੇ ਦਾ ਐਲਾਨ ਕਰਦੀ ਹੈ ਤਾਂ ਗਰੀਬ ਘਰ ਦਾ ਇੱਕ ਬੱਚਾ ਆਪਣੀ ਮਾਂ ਨੂੰ ਆਖਦਾ ਹੈ-ਤਾਂ ਮਾਂ ? -ਮੈਂ ਇਸ ਪਾਣੀ ਵਿੱਚ ਡੁੱਬ ਜਾਂਦਾ ਹਾਂ—। ਬੱਚੇ ਦੇ ਮਨ ਦੀ ਵੇਦਨਾ ਨੂੰ ਸੁਖਮਿੰਦਰ ਸੇਖੋਂ ਨੇ ਬੜੀ ਭਾਵੁਕਤਾ ਨਾਲ ਪਕੜਿਆ ਹੈ। ਇਸ ਗੌਲਣਯੋਗ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

*ਸੰਪਰਕ : 98149-01254*

# ਪੁਸਤਕ ਰੀਵਿਊ

## ਫੇਸ ਬੁੱਕ-ਬਨਾਮ ਕਲੇਸ਼ ਬੁੱਕ

**(ਵਿਅੰਗ ਲੇਖ) ਤਰਸੇਮ ਸਿੰਘ ਭੰਗੂ**
**ਮੁੱਲ : 200 ਰੁਪਏ, ਪੰਨੇ (ਸੁਜਿਲਦ : 108)**
**ਪ੍ਰਕਾਸ਼ਕ : ਤਕਦੀਰ ਪ੍ਰਕਾਸ਼ਨ, ਗੁਰਦਾਸਪੁਰ**

ਤਰਸੇਮ ਸਿੰਘ ਭੰਗੂ ਪਿਛਲੇ ਦਹਾਕੇ ਤੋਂ ਕਹਾਣੀ, ਲੇਖ ਤੇ ਨਾਵਲ ਲਿਖ ਰਹੇ ਹਨ। ਆਪ ਨੇ ਪ੍ਰੋ: ਕਿਰਪਾਲ ਸਿੰਘ ਯੋਗੀ (ਯਾਦਾਂ ਤੇ ਕਿਰਤਾਂ) ਪੁਸਤਕ ਦੀ ਸੰਪਾਦਨਾ ਵੀ ਕੀਤੀ ਹੈ। ਫੇਸ ਬੁੱਕ ਬਨਾਕ ਕਲੇਸ਼ ਬੁੱਕ ਆਪ ਦੀ ਪਹਿਲੀ ਵਿਅੰਗ-ਲੇਖਾਂ ਦੀ ਪੁਸਤਕ ਹੈ, ਜਿਸ ਵਿਚ ਆਪ ਦੇ 28 ਲਿਖੇ ਵਿਅੰਗ ਪ੍ਰਧਾਨ ਲੇਖ ਹਨ।

ਇਸ ਪੁਸਤਕ ਦੇ ਤਤਕਰਾ ਤੋਂ ਇਨ੍ਹਾਂ ਲੇਖਾਂ ਦੇ ਨਾਵਾਂ ਤੋਂ ਹੀ ਇਨ੍ਹਾਂ ਦੇ ਵਿਅੰਗ ਹੋਣ ਦਾ ਪਤਾ ਲੱਗਦਾ ਹੈ। 'ਭਾਨੇ ਦਾ ਚੋਣ ਮਨਸੂਬਾ, ਜੀਤਾ ਜੁਗਾੜੀ, ਪੁੱਛਾਂ ਵਾਲੇ, ਰੁਲੀਆ ਰਾਮ ਦੀ ਰਾਮ ਪਿਆਰੀ, ਛਟਾਕੂ ਦੀ ਫੇਸ- ਬੁੱਕੀ ਮੁਹੱਬਤ, ਨਵੇਂ ਭਾਰਤ ਦਾ ਸੰਕਲਪ ਜਾਂ ਨਵਾਂ ਜੁਮਲਾ, ਅਸੀਂ ਲੇਖਕ ਹੁੰਨੇ ਆਂ'। ਪੁਸਤਕ ਦੇ ਪਹਿਲੇ ਵਿਅੰਗ ਲੇਖ 'ਭਾਨੇ ਦਾ ਚੋਣ ਮਨਸੂਬਾ' ਵਿਚ ਜਦ ਉਸ ਨੂੰ ਸਵਾਲ ਪੁੱਛਿਆ ਜਾਂਦਾ ਹੈ, ਕੀ ਆਪ ਚੋਣ ਲੜਨ ਸਮੇਂ ਕੀਤੇ ਵਾਅਦੇ ਪੂਰੇ ਕਰੋਗੇ? ਤਾਂ ਉੱਤਰ ਵਿਚ 'ਭਾਨਾ ਭੁੱਖੜ, ਉੱਤਰ ਦਿੰਦਾ ਹੈ, 'ਇਕ ਤਾਂ ਅਸੀਂ ਤੁਹਾਡੇ ਤੋਂ ਬਹੁਤ ਦੁਖੀ ਹਾਂ, ਵਾਲ੍ਹ ਦੀ ਖਲ ਲਾਹੁਣੀਆਂ ਗੱਲਾਂ ਕਰਕੇ ਤੁਸੀਂ ਸੁੱਤੀਆਂ ਕਲਾਂ ਜਗਾਉਂਦੇ, ਅਸੀਂ ਤਾਂ ਜਲੇਬੀ ਵਰਗੇ ਸਿੱਧੇ ਸਾਦੇ ਬੰਦੇ ਹਾਂ, ਆਜ਼ਾਦ ਦਾ ਮਤਲਬ ਹੈ, ਹਰ ਪਾਸੋਂ ਤੋਂ ਆਜ਼ਾਦ, ਸਾਡਾ ਮਨੋਰਥ ਸੀ ਚੋਣ ਜਿੱਤਣਾ, ਫਿਰ ਪੱਤਰ ਕੀ ਕਰਨੈ।'.....ਪਿਛਲੇ 75 ਸਾਲਾਂ ਤੋਂ ਮੇਰੇ ਵਰਗੇ ਭੁੱਖੜ ਕਰਦੇ ਆਏ ਨੇ। ........ਵਾਅਦੇ ਕਰਕੇ ਮੁਕਰਨਾ, ਇਕ ਤਰ੍ਹਾਂ ਪਾਲੀਟੇਸ਼ਨਾਂ ਲਈ.... ਜਾਇਜ਼ ਗੱਲ ਬਣ ਗਈ ਹੈ।

ਪੁਸਤਕ ਵਿਚ ਆਮ ਲੋਕਾਂ ਦੇ ਚਰਿਤਰ ਲੱਭ ਕੇ ਉਨ੍ਹਾਂ ਦੇ ਚਰਿੱਤਰ 'ਚ ਵਿਅੰਗ ਲੱਭੇ ਗਏ ਹਨ। ਜਿਵੇਂ ਚੋਰਾਂ ਦੀਆਂ ਕਿਸਮਾਂ, ਪੁੱਛਾਂ ਵਾਲੇ, ਫੁੱਫੜਾਂ ਤੋਂ ਰੱਬ ਬਚਾਏ, ਚਾਹ ਵੇਚਣ ਵਾਲੇ, ਨਾਲੇ ਗੁਸਤਾਖੀ ਟਟਿਉਰੇ ਵਾਲਾ ਸਾਕ, ਮੇਰੇ ਪਿੰਡ ਦਾ ਧਰਮ ਸਰਪੰਚ ਆਦਿ। ਇਹ ਸਾਰੇ ਲੇਖ ਤਿੱਖੇ ਵਿਅੰਗ ਲੇਖ, ਸਮਾਜ ਦੇ ਉਨ੍ਹਾਂ ਲੋਕਾਂ ਦੇ ਦਰਸ਼ਨ ਕਰਵਾਉਂਦੇ ਹਨ, ਜਿਹੜੇ ਅਸਾਧਾਰਨ ਹੁੰਦੇ ਹੋਏ ਵੀ, ਦੂਜੇ ਲੋਕਾਂ ਵਿਚ ਆਪਣੀ ਪ੍ਰਕਿਰਤੀ ਸਦਕਾ ਹਰਮਨ ਪਿਆਰੇ ਬਣ ਗਏ ਹਨ। ਤਰਸੇਮ ਸਿੰਘ ਦੀ ਵਿਅੰਗ ਚੋਭਨਾਂ ਵਿਚ ਅਜਿਹੀ ਕਾਟ ਹੈ ਕਿ ਉਹ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਸੱਭਿਆਚਾਰਕ ਖੇਤਰ ਵਿਚ ਵਿਅੰਗ ਤਲਾਸ਼ ਲੈਂਦਾ ਹੈ। ਇਨ੍ਹਾਂ ਵਿਅੰਗਾਂ ਨੂੰ ਤਿੱਖੀ ਕਾਟ ਦਾ ਹਥਿਆਰ ਬਣਾ ਕੇ ਅਜਿਹੀ ਸਿੱਖਿਆ ਪ੍ਰਦਾਨ ਕਰਵਾ ਦਿੰਦਾ ਹੈ, ਜਿਸ ਤੋਂ ਪਾਠਕ ਨਵੀਂ ਸਿੱਖਿਆ ਵੀ ਪ੍ਰਾਪਤ ਕਰ ਲੈਂਦੇ ਹਨ। ਉਸ ਦੇ ਵਿਅੰਗ ਚੋਣ ਦੇ ਖੇਤਰ ਸਮਾਜ, ਸੱਭਿਆਚਾਰ, ਰਾਜਨੀਤੀ ਖੇਤਰ ਦੀਆਂ ਵਿਸੰਗਤੀਆਂ ਹਨ। ਵਿਅੰਗ ਲੇਖਕ ਦਾ ਮੂਲ ਉਦੇਸ਼ ਸੁਧਾਰ ਕਰਵਾਉਣਾ ਹੁੰਦਾ ਹੈ। ਪਾਠਕ, ਇਨ੍ਹਾਂ ਵਿਸੰਗਤੀਆਂ ਤੋਂ ਵੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਤਰਸੇਮ ਸਿੰਘ ਭੰਗੂ ਆਪਣੇ ਇਨ੍ਹਾਂ ਵਿਅੰਗ ਨਿਬੰਧਾਂ ਰਾਹੀਂ ਸਫਲ ਕਹਿ ਸਕਦੇ ਹਾਂ।

**- ਡਾ. ਅਮਰ ਕੋਮਲ**

## ਸੋਨ ਸਵੇਰਾ

**(ਕਹਾਣੀ ਸੰਗ੍ਰਹਿ)**
**ਸੁਰਿੰਦਰ ਕੈਲੇ**
**ਪੰਨੇ-127, ਕੀਮਤ-290 ਰੁਪਏ**
**ਅਣੂ ਮੰਚ, ਲੁਧਿਆਣਾ**

ਮਿੰਨੀ ਕਹਾਣੀ ਦੇ ਖੇਤਰ ਅੰਦਰ ਧਰੂ ਤਾਰਾ ਬਣੇ ਤੇ ਮੋਢੀਆਂ 'ਚ ਬਿਰਾਜਮਾਨ ਸੁਰਿੰਦਰ ਕੈਲੇ ਇਸ ਵਾਰ ਕਹਾਣੀਆਂ ਦੀ ਪੁਸਤਕ 'ਸੋਨ ਸਵੇਰਾ' ਲੈ ਕੇ ਹਾਜ਼ਰ ਹੋਏ ਹਨ। ਜਿਵੇਂ ਕੁਝ ਵਿਸ਼ੇ ਮਿੰਨੀ ਕਹਾਣੀਆਂ 'ਚ ਸਮਾਅ ਜਾਂਦੇ ਹਨ, ਪਰ ਕੁਝ ਵਿਸਥਾਰ ਮੰਗਦੇ ਹੋਏ ਕਹਾਣੀ ਵੱਲ ਵਧ ਜਾਂਦੇ ਹਨ। ਉਹ ਵੱਡੇ ਕੈਨਵਸ ਦੀ ਮੰਗ ਹੁੰਦੇ ਹਨ। ਕੈਲੇ ਸਾਹਬ ਨੇ ਇੱਥੇ ਜੀਵਨ ਦੇ ਯਥਾਰਥ ਦੀਆਂ ਅਨੇਕਾਂ ਪਰਤਾਂ ਨੂੰ ਉਘੇੜਦਿਆਂ ਕੁਝ ਕਹਾਣੀਆਂ ਸਾਡੇ ਸਨਮੁੱਖ ਲਿਆ ਧਰੀਆਂ ਹਨ। ਇਨ੍ਹਾਂ ਕਹਾਣੀਆਂ 'ਚੋਂ ਜੀਵਨ ਦੇ ਨਵੇਂ ਰਾਹ ਤੇ ਮਾਡਲ ਦੇਖੇ-ਪਰਖੇ ਜਾ ਸਕਦੇ ਹਨ।

ਉਨ੍ਹਾਂ ਦੀ ਪਹਿਲੀ ਕਹਾਣੀ 'ਸੋਨ ਸਵੇਰਾ' ਆਦਰਸ਼ਵਾਦੀ ਕਹਾਣੀ ਹੋ ਨਿੱਬੜੀ ਹੈ। ਜੇ ਕੋਈ ਛੋਟਾ ਕਿਸਾਨ ਚਾਹੇ ਤਾਂ ਆਪਣੇ ਬਲਬੂਤੇ ਮੁਨਾਫਾ ਕਮਾ ਸਕਦਾ ਹੈ। ਇੱਥੇ ਦੀਪੇ ਨੇ ਉਹ ਕੁਝ ਕਰਕੇ ਦਿਖਾ ਦਿੱਤਾ ਹੈ ਕਿ ਛੋਟੀਆਂ-ਛੋਟੀਆਂ ਬੱਚਤਾਂ ਤੇ ਨਵੀਆਂ ਤਕਨੀਕਾਂ ਨੂੰ ਅਪਣਾ ਲਿਆ ਜਾਵੇ, ਸੰਗ, ਸ਼ਰਮ ਨੂੰ ਵਗਾਹ ਮਾਰਿਆ ਜਾਵੇ ਤਾਂ ਸਫਲਤਾ ਵੱਟ 'ਤੇ ਪਈ ਹੈ।

ਦੂਸਰੀ ਕਹਾਣੀ 'ਮੈਂ ਨਹੀਂ ਦੱਸਾਂਗੀ' 'ਚ ਫੌਜੀ ਜਵਾਨ ਦੀ ਹਿੰਮਤ ਤੇ ਦਲੇਰੀ ਦੀ ਮਾਰਮਿਕ ਦਾਸਤਾਨ ਹੈ। ਜੋ ਆਪਣੀ ਪ੍ਰੇਮਿਕਾ ਦੇ ਆਸਰੇ ਜੀਅ ਰਿਹਾ ਹੈ, ਪਰ ਉਹ ਜ਼ਖ਼ਮੀ ਤੇ ਹਸਪਤਾਲ 'ਚ ਪਿਆ ਹੋਇਆ ਵੀ ਕਦੇ ਮਿਲ ਪੈਣ ਦੀ ਮ੍ਰਿਗਤ੍ਰਿਸ਼ਨੀ ਆਸ 'ਤੇ ਜਿਉਂਈ ਜਾ ਰਿਹਾ, ਪਰ ਪ੍ਰੇਮਿਕਾ ਤਾਂ ਹੋਰ ਕਿਸੇ ਦੀ ਮੁੰਦਰੀ ਪੁਆ ਕੇ ਆਪਣੇ ਹੀ ਰੰਗਾਂ 'ਚ ਹੈ।

ਵਿਦੇਸ਼ ਗਏ ਬਜ਼ੁਰਗਾਂ ਦੇ ਹੌਕੇ, ਲੜਾਈਆਂ-ਝਗੜਿਆਂ ਦਾ ਕਹਾਣੀ 'ਬਿੱਕਰ ਸਿੰਘ ਖੁੱਡੇਵਾਲਾ' 'ਚ ਵਰਣਨ ਮਿਲਦਾ ਹੈ। ਕਿਵੇਂ ਬਜ਼ੁਰਗ ਅਵਸਥਾ 'ਚ ਬੱਚੇ ਮਾਪਿਆਂ ਨੂੰ ਬਾਲ ਖਿਡਾਉਣ ਲਈ ਲੈ ਜਾਂਦੇ ਹਨ, ਜਿਨ੍ਹਾ ਨੇ ਇੱਧਰ ਚੌਧਰਾਂ ਕੀਤੀਆਂ ਹੁੰਦੀਆਂ, ਉਹ ਇਹੋ ਜਿਹੇ ਨਿੱਕੇ-ਨਿੱਕੇ ਕੰਮ ਕਰਨ 'ਚ ਔਖਿਆਈ ਮਹਿਸੂਸ ਕਰਦੇ ਹਨ। ਇਵੇਂ ਲੜਾਈ-ਝਗੜੇ ਤੇ ਮਹੌਲ ਖਰਾਬ ਹੋਣ ਦੀ ਨੌਬਤ ਆ ਜਾਂਦੀ ਹੈ।

ਪਤੀ ਦੀ ਅਚਨਚੇਤ ਮੌਤ ਹੋਣ 'ਤੇ ਅਕਸਰ ਹੀ ਪੰਚਾਇਤੀ ਜਾਂ ਘਰ ਦੇ ਇਹੋ ਹੀ ਫੈਸਲਾ ਕਰਦੇ ਹਨ, ਛੋਟੇ ਦਿਉਰ ਨਾਲ ਚਾਦਰ ਪੁਆ ਦਿੱਤੀ ਜਾਵੇ। ਇਸ ਨਾਲ ਵਿਧਵਾ ਉਸੇ ਘਰ 'ਚ ਟਿਕ ਜਾਂਦੀ ਹੈ, ਪਰ ਇੱਥੇ ਪਾਤਰ ਮਨਪ੍ਰੀਤ ਅਨੋਖਾ ਫੈਸਲਾ ਕਰਦੀ ਹੋਈ ਨਿਕੰਮੇ ਤੇ ਵਿਹਲੜ ਦਿਉਰ ਦੀ ਚਾਦਰ ਪੁਆਉਣ ਨੂੰ ਅਪ੍ਰਵਾਨ ਕਰ ਦੇਂਦੀ ਹੈ। ਦੁਚਿੱਤੀ ਛੱਡਦੀ ਹੈ। ਆਪਣੇ ਪੈਰਾਂ 'ਤੇ ਖਲੋਣ ਤੇ ਨੌਕਰੀ ਨੂੰ ਤਰਜੀਹ ਦਿੰਦੀ ਹੈ। ਇਵੇਂ 'ਚਾਦਰ' ਕਹਾਣੀ ਔਰਤਾਂ ਦੀ ਆਪਣੇ ਫੈਸਲੇ ਆਪ ਲੈਣ ਦੀ ਜੁਰਅਤ ਦੀ ਮਿਸਾਲ ਹੈ।

ਇਵੇਂ ਹੀ ਭਰੂਣ ਹੱਤਿਆ ਲਈ ਉਕਸਾਉਂਦੀ 'ਚਾਂਦਨੀ ਦੀ ਧੀ' 'ਚ ਸੱਸ ਤੇ ਪਤੀ ਦੇ ਜਾਲ ਤੋਂ ਬਚਦੀ ਪਹਿਲੀ ਕੁੜੀ ਨੂੰ ਜਨਮ ਦਿੰਦੀ ਹੈ ਤੇ ਉਸ ਤੋਂ ਬਾਅਦ ਉਸ ਤੋਂ ਦੋ ਜੌੜੇ ਮੁੰਡੇ ਵੀ ਪੈਦਾ ਹੁੰਦੇ ਹਨ, ਪਰ ਮਨੁੱਖ ਆਪਣੀ ਆਈ 'ਤੇ ਆਇਆ ਕੁਦਰਤ ਨਾਲ ਕਿਵੇਂ ਖਿਲਵਾੜ ਕਰਦਾ ਹੈ। ਫਿਰ ਮੁਸ਼ਕਲਾਂ ਨਾਲ ਜੂਝਦਾ ਹੈ। 'ਦੇਹ ਸਸਕਾਰ' ਦੇਸ਼ ਦੀ ਵੰਡ ਨਾਲ ਸੰਬੰਧਤ ਅੰਤਲੀ ਤੇ ਇੱਕੋ-ਇੱਕ ਕਹਾਣੀ 'ਚ ਮੁਸਲਿਮ ਭੈਣ-ਭਰਾ, ਜਿਨ੍ਹਾਂ ਦੇ ਮਾਪੇ ਵੀ ਨਹੀਂ ਹਨ। ਉਨ੍ਹਾਂ ਦੀ ਗੁਆਂਢੀ ਸਿੱਖ ਸੰਭਾਲ ਕਰਦਾ ਹੈ। ਉਹ ਸਿੱਖ ਧਰਮ ਗ੍ਰਹਿਣ ਕਰਕੇ, ਹੱਸਦੇ-ਖੇਡਦੇ ਜੀਵਨ ਜਿਉਂਦੇ ਤੇ ਵੱਡੇ ਹੁੰਦੇ ਤੇ ਫਿਰ ਬਜ਼ੁਰਗ ਹੋ ਜਾਂਦੇ ਹਨ, ਪਰ ਜਦੋਂ ਭਰਾ ਦੀ ਮੌਤ ਹੁੰਦੀ ਹੈ ਤਾਂ ਉਸ ਦੇ ਸਸਕਾਰ ਕਰਨ ਜਾਂ ਕਬਰ 'ਚ ਪਾਉਣ ਲਈ ਝਗੜਾ ਹੋ ਜਾਂਦਾ ਹੈ। ਜੋ ਸਮਾਜ 'ਚ ਅਨਪੜ੍ਹਤਾ ਦੀ ਨਿਸ਼ਾਨੀ ਹੀ ਕਿਹਾ ਜਾ ਸਕਦਾ ਹੈ।

ਇਵੇਂ ਇਸ ਸੰਗ੍ਰਹਿ 'ਚ ਸੁਰਿੰਦਰ ਕੈਲੇ ਹੁਰਾਂ ਦੀਆਂ ਲਿਖੀਆਂ ਕੋਈ ਦਸ ਕੁ ਕਹਾਣੀਆਂ, ਜਿਨ੍ਹਾਂ 'ਚੋਂ ਕਹਾਣੀਕਾਰ ਦੀ ਕਹਾਣੀ ਕਲਾ ਤੇ ਸ਼ੈਲੀ ਦਾ ਡੂੰਘਾ ਅਧਿਐਨ ਕੀਤਾ ਜਾ ਸਕਦਾ ਹੈ। ਉਹ ਜਿੱਥੇ ਯਥਾਰਥ ਦੀਆਂ ਬਹੁਤ ਸਾਰੀਆਂ ਪੌੜੀਆਂ ਚੜ੍ਹਦਾ ਹੋਇਆ ਕਹਾਣੀਆਂ ਰਚਦਾ ਹੈ, ਉੱਥੇ ਉਸ ਦੀਆਂ ਇਹ ਰਚਨਾਵਾਂ ਕਿਤੇ ਵੀ ਉਕਾਊਪਣ ਦਾ ਸ਼ਿਕਾਰ ਨਹੀਂ ਹੁੰਦੀਆਂ। ਉਸ ਦੀ ਮਿੰਨੀ ਕਹਾਣੀ ਕਲਾ ਤੋਂ ਤਾਂ ਸਭ ਬਾਖ਼ੂਬੀ ਵਾਕਫ ਹਾਂ, ਪਰ ਹੁਣ ਕਹਾਣੀ 'ਚ ਵੀ ਉਨ੍ਹਾਂ ਦਾ ਜ਼ੋਰ, ਮਿਹਨਤ ਤੇ ਪੁਖਤਗੀ ਦੇਖਣ ਤੇ ਮਾਨਣ ਨੂੰ ਮਿਲੇਗੀ।

ਉਸ ਦੀਆਂ ਕਹਾਣੀਆਂ ਖ਼ੂਬਸੂਰਤ ਕਾਵਿਮਈ ਸ਼ੈਲੀ 'ਚ ਲਪੇਟੀਆਂ 'ਸੋਨ ਸਵੇਰਾ' ਹੀ ਹਨ, ਜੋ ਪਾਠਕਾਂ ਦੀ ਕਚਹਿਰੀ 'ਚ ਹਾਜ਼ਰ ਹਨ।

**— ਡਾ. ਕਰਮਜੀਤ ਸਿੰਘ ਨਡਾਲਾ**

## ਸਿਖੁ ਸੁ ਖੋਜਿ ਲਹੈ

**ਜਸਵੰਤ ਸਿੰਘ ਜ਼ਫ਼ਰ**
**ਪੰਨੇ : 112, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਸਮਕਾਲੀ ਪੰਜਾਬੀ ਵਾਰਤਕ ਦੇ ਖੇਤਰ ਵਿਚ ਜਸਵੰਤ ਜ਼ਫ਼ਰ ਦੀ ਪੁਸਤਕ 'ਸਿਖੁ ਸੁ ਖੋਜਿ ਲਹੈ' ਦੀ ਮਹੱਤਤਾ ਇਸ ਗੱਲ ਨਾਲ਼ ਸਿੱਧ ਹੋ ਜਾਂਦੀ ਹੈ ਕਿ 2007 ਵਿੱਚ ਇਸ ਦੇ ਪਹਿਲੇ ਐਡੀਸ਼ਨ ਤੋਂ ਬਾਅਦ 2023 ਵਿੱਚ ਇਸ ਦਾ ਸੱਤਵਾਂ ਐਡੀਸ਼ਨ ਪ੍ਰਕਾਸ਼ਿਤ ਹੋਇਆ ਹੈ। ਇਸ ਦੇ ਨੌਂ ਲੇਖਾਂ ਵਿੱਚ ਕਾਵਿਕ ਅਤੇ ਵਿਅੰਗਮਈ ਸ਼ੈਲੀ ਰਾਹੀਂ ਬੌਧਿਕ ਅਤੇ ਦਾਰਸ਼ਨਿਕ ਮਸਲਿਆਂ ਨੂੰ ਪੇਸ਼ ਕੀਤਾ ਗਿਆ ਹੈ। ਜਸਵੰਤ ਜ਼ਫ਼ਰ ਮੂਲ ਰੂਪ ਵਿੱਚ ਇਕ ਇੰਜੀਨੀਅਰ ਹੈ ਅਤੇ ਇਕ ਕਵੀ ਵਜੋਂ ਨਾਮਣਾ ਖੱਟ ਚੁੱਕਾ ਹੈ, ਇਸ ਵਾਰਤਕ ਪੁਸਤਕ ਵਿੱਚ ਉਸ ਦੇ ਤਸੱਵਰ, ਵਿਚਾਰਧਾਰਾ ਅਤੇ ਬੌਧਿਕ ਚਿੰਤਨ ਦੇ ਦਰਸ਼ਨ ਹੁੰਦੇ ਹਨ। ਜ਼ਫ਼ਰ ਨੇ ਆਪਣੇ ਇਹਨਾਂ ਲੇਖਾਂ ਵਿੱਚ ਸਾਹਿਤਕ, ਰਾਜਨੀਤਕ, ਧਾਰਮਿਕ ਅਤੇ ਸਿਧਾਂਤਕ ਮਾਮਲਿਆਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਕੇ ਪ੍ਰੰਪਰਾਗਤ ਮਿੱਥਾਂ ਨੂੰ ਤੋੜ ਕੇ ਨਵਾਂ ਤਰਕ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਦੇ ਪਹਿਲੇ ਲੇਖ 'ਮੋਹਿ ਕਬੀਰਾ ਨਾਉ ਰੇ' ਵਿੱਚ ਭਗਤ ਕਬੀਰ ਦੀ ਬਾਣੀ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਬਾਣੀ ਵਿੱਚ ਉਸ ਸਮੇਂ ਪ੍ਰਚੱਲਿਤ ਧਾਰਮਿਕ ਗੀਤਾਂ ਅਤੇ ਪਾਖੰਡਾਂ ਦਾ ਵਿਰੋਧ ਕਰਦੇ ਹੋਏ ਬ੍ਰਾਹਮਣਵਾਦੀ ਵਿਵਸਥਾ ਨੂੰ ਮੂਲੋਂ ਹੀ ਰੱਦ ਕੀਤਾ ਗਿਆ ਹੈ। ਦੂਸਰੇ ਲੇਖ 'ਗੁਰੂ ਨਾਨਕ ਬੁੱਢੇ ਨਹੀਂ ਸਨ' ਵਿੱਚ ਗੁਰੂ ਨਾਨਕ ਦੇ ਬੁਢੇਪੇ ਵਾਲੇ ਬਿੰਬ ਨੂੰ ਤੋੜਨ ਦਾ ਯਤਨ ਕੀਤਾ ਹੈ। ਇਸ ਲੇਖ ਵਿੱਚ ਉਸ ਨੇ ਗੁਰੂ ਨਾਨਕ ਦੇਵ ਦੀਆਂ ਵੱਖ-ਵੱਖ ਉਦਾਸੀਆਂ ਦੇ ਸਮੇਂ ਉਹਨਾਂ ਦੀ ਉਮਰ ਅਤੇ ਉਦਾਸੀਆਂ ਦਾ ਸਮਾਂ ਨਿਸ਼ਚਿਤ ਕੀਤਾ ਹੈ। ਪੰਜਾਬੀ ਮਾਨਸਿਕਤਾ ਵਿੱਚ ਗੁਰੂ ਨਾਨਕ ਦੇ ਬੁਢਾਪੇ ਵਾਲੇ ਬਿੰਬ ਨੂੰ ਤੋੜਦੇ ਹੋਏ ਗੁਰੂ ਨਾਨਕ ਦੇ ਸਿੱਖੀ ਸਿਧਾਂਤਾਂ ਅਤੇ ਗੁਰਮਤਿ ਵਿਚਾਰਧਾਰਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਤੀਜੇ ਲੇਖ 'ਪ੍ਰਕਿਰਤੀ ਬੋਧ : ਗੁਰਬਾਣੀ ਬਨਾਮ ਵਿਗਿਆਨ' ਵਿੱਚ ਜ਼ਫ਼ਰ ਨੇ ਗੁਰਬਾਣੀ ਨੂੰ ਵਿਗਿਆਨ ਕਹਿਣ ਦੇ ਹਾਸੋਹੀਣੇ ਰਿਵਾਜ 'ਤੇ ਤਨਜ਼ ਕੀਤਾ ਹੈ। ਉਸ ਨੇ ਗੁਰਬਾਣੀ ਨੂੰ ਹਵਾਲਿਆਂ ਸਮੇਤ ਦੇ ਕੇ ਆਧੁਨਿਕਤਾ ਕਾਰਨ ਸਮਾਜ ਵਿੱਚ ਪੈਦਾ ਹੋਏ ਖਤਰਿਆਂ ਨੂੰ ਨਜਿੱਠਣ ਲਈ ਇਕ ਮਾਡਲ ਰੂਪ ਵਿੱਚ ਪੇਸ਼ ਕੀਤਾ ਹੈ। 'ਪਾਣੀ ਪਿਤਾ ਜਗਤ ਕਾ' ਅਤੇ 'ਸਫਲਿਓ ਬਿਰਖੁ ਹਰਿਆਵਲਾ' ਦੋ ਲੇਖ ਪ੍ਰਕਿਰਤੀ ਨਾਲ ਸੰਬੰਧਤ ਹਨ। ਇਹਨਾਂ ਵਿੱਚ ਉਸ ਨੇ ਜੀਵਨ ਦੇ ਆਧਾਰ ਪ੍ਰਕਿਰਤੀ ਦੀ ਸੰਭਾਲ ਤੇ ਕੁਦਰਤੀ ਸੋਮਿਆਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਮਨੁੱਖਾਂ ਨੂੰ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। 'ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ' ਲੇਖ ਵਿੱਚ ਜਸਵੰਤ ਜ਼ਫ਼ਰ ਨੇ ਭਗਤ ਸਿੰਘ ਦੇ ਕ੍ਰਾਂਤੀਕਾਰੀ ਤੇ ਇਨਕਲਾਬੀ ਪੱਖ ਦੇ ਨਾਲ-ਨਾਲ ਉਸ ਦੇ ਜੀਵਨ ਦੇ ਕਈ ਹੋਰ ਪੱਖਾਂ ਨੂੰ ਵੀ ਪੇਸ਼ ਕੀਤਾ ਹੈ। ਭਗਤ ਸਿੰਘ ਪੰਜਾਬੀ ਜਨ- ਜੀਵਨ ਦਾ ਨਾਇਕ ਹੈ, ਭਗਤ ਸਿੰਘ ਹੋਣ ਦਾ ਅਰਥ ਕੇਵਲ ਜਵਾਨੀ 'ਚ ਬਗਾਵਤ ਕਰਕੇ ਸ਼ਹੀਦ ਹੋਣਾ ਹੀ ਸਮਝਿਆ ਜਾਂਦਾ ਹੈ। ਜ਼ਫ਼ਰ ਨੇ ਇਸ ਲੇਖ ਵਿੱਚ ਅਖੌਤੀ ਗਾਇਕਾਂ ਤੇ ਚਿੱਤਰਕਾਰਾਂ ਦੁਆਰਾ ਪ੍ਰਚਾਰੇ ਜਾਂਦੇ ਲੁਟੇਰੇ ਤੇ ਹੱਤਿਆਰੇ ਭਗਤ ਸਿੰਘ ਦੇ ਬਿੰਬ ਨੂੰ ਤੋੜਦਿਆਂ ਉਸ ਦੀ ਸਾਹਿਤ ਪ੍ਰਤੀ, ਆਪਣੀ ਭਾਸ਼ਾ ਪ੍ਰਤੀ ਲਗਨ ਦੇ ਪੱਖ ਨੂੰ ਪੇਸ਼ ਕੀਤਾ ਹੈ। 'ਨੂਰਪੁਰੀ ਨੂੰ ਚੇਤੇ ਕਰਦਿਆਂ' ਲੇਖ ਵਿੱਚ ਜ਼ਫ਼ਰ ਨੇ ਨੂਰਪੁਰੀ ਦੀ ਸਾਫ-ਸੁਥਰੀ ਅਤੇ ਅਰਥ ਭਰਪੂਰ ਗਾਇਕੀ ਅਤੇ ਗੀਤਾਂ ਦੀ ਸ਼ਲਾਘਾ ਕੀਤੀ ਹੈ। ਇਸ ਲੇਖ ਵਿੱਚ ਜ਼ਫ਼ਰ ਨੇ ਨੂਰਪੁਰੀ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਸਰੋਕਾਰਾਂ ਪ੍ਰਤੀ ਚੇਤੰਨ ਹੋਣ ਦਾ ਵੀ ਸਬੂਤ ਦਿੱਤਾ ਹੈ। 'ਦੀਵਾਲੀ ਦਾ ਹਨੇਰਾ ਪਾਸਾ' ਜ਼ਫ਼ਰ ਦਾ ਵਿਅੰਗਾਤਮਕ ਸ਼ੈਲੀ ਵਿੱਚ ਲਿਖਿਆ ਹੋਇਆ ਲੇਖ ਹੈ। ਜ਼ਫ਼ਰ ਦੀ ਇਹ ਵਿਅੰਗਮਈ ਟਿੱਪਣੀ ਅਸਲ ਵਿਚ ਉਸ ਗਿਫ਼ਟ ਸੱਭਿਆਚਾਰ ਵੱਲ ਸੰਕੇਤ ਕਰਦੀ ਹੈ। ਇਸ ਪੁਸਤਕ ਦੇ ਆਖਰੀ ਲੇਖ 'ਆਓ ਆਪਣੀ ਪੀੜ੍ਹੀ ਹੇਠ ਸੋਟਾ ਫੇਰੀਏ' (ਪ੍ਰਸੰਗ : ਡੇਰਾ ਸਿਰਸਾ ਵਿਵਾਦ) ਵਿੱਚ ਜਸਵੰਤ ਜ਼ਫ਼ਰ ਨੇ ਕਈ ਅਹਿਮ ਪ੍ਰਸ਼ਨ ਪੈਦਾ ਕੀਤੇ ਹਨ। ਇਸ ਵਿੱਚ ਉਸ ਨੇ ਸਿੱਖੀ ਸਿਧਾਂਤ ਅਤੇ ਵਿਵਹਾਰ ਵਿੱਚ ਆਏ ਅੰਤਰ ਦੀ ਵੀ ਤਸਵੀਰ ਪੇਸ਼ ਹੋਈ ਹੈ।

ਜਸਵੰਤ ਜ਼ਫ਼ਰ ਦੀ ਇਸ ਪੁਸਤਕ ਦੇ ਸਾਰੇ ਲੇਖ ਭਾਵੇਂ ਵਿਭਿੰਨ ਸਰੋਕਾਰਾਂ ਨਾਲ ਜੁੜੇ ਹੋਏ ਹਨ, ਪਰ ਉਹਨਾਂ ਦਾ ਕੇਂਦਰੀ ਸੂਤਰ ਵਰਤਮਾਨ ਪ੍ਰਸੰਗ ਵਿੱਚ ਗੁਰਮਤਿ ਦਰਸ਼ਨ ਦੀ ਪ੍ਰਸੰਗਿਕਤਾ ਬਣਦਾ ਨਜ਼ਰ ਆਉਂਦਾ ਹੈ। ਇਸੇ ਕਰਕੇ ਜ਼ਫ਼ਰ ਨੇ ਸਾਰੀ ਪੁਸਤਕ ਵਿੱਚ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਨਾਲ ਗੱਲ ਕੀਤੀ ਹੈ, ਕਿਉਂਕਿ ਉਹ ਅਮਲੀ ਰੂਪ ਵਿੱਚ ਇਹਨਾਂ ਕਹਾਵਤਾਂ ਨੂੰ ਅਪਣਾਉਣਾ ਯਕੀਨੀ ਬਣਾਉਣਾ ਚਾਹੁੰਦਾ ਹੈ।

**- ਡਾ. ਸੰਦੀਪ ਰਾਣਾ**

# ਸੱਜਰਾ ਸਾਹਿਤ

## ਹਾਸਿਆਂ ਦੇ ਕੈਪਸੂਲ

**ਸੋਢੀ ਸੱਤੋਵਾਲੀ**
**ਪੰਨੇ : 128, ਮੁੱਲ : 150 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**




ਤੁਸੀਂ ਉਸ ਦੇ ਕੈਪਸੂਲ ਪੜ੍ਹੋ, ਤੁਹਾਨੂੰ ਸ਼ਰਤੀਆ ਫਾਇਦਾ ਹੋਵੇਗਾ। ਜਿੰਨੀ ਜਲਦੀ ਹਾਸਿਆਂ ਦੇ ਕੈਪਸੂਲ ਖਾਓਗੇ, ਓਨੀ ਜਲਦੀ ਹੀ ਤੰਦਰੁਸਤ ਹੋ ਕੇ ਨੌਂ-ਬਰ-ਨੌਂ ਹੋ ਜਾਵੋਗੇ। ਜੇ ਮੇਰੀ ਗੱਲ ਮੰਨ ਲਵੋ ਤਾਂ ਦਵਾਈ ਦੇ ਕੈਪਸੂਲ ਤੋਂ ਛੁਟਕਾਰਾ ਪਾਉਣ ਦਾ ਇੱਕੋ-ਇੱਕ ਹੱਲ ਹੈ ਕਿ ਸੋਢੀ ਵਾਲੇ ਕੈਪਸੂਲ ਤੁਸੀਂ ਅਪਣਾਓ, ਖਾਓ ਤੇ ਆਪਣੇ ਰਿਸ਼ਤੇਦਾਰਾਂ, ਸਾਕ ਸੰਬੰਧੀਆਂ ਨੂੰ ਤੇ ਆਪਣੀ ਛੋਟੀ-ਵੱਡੀ ਟੱਬਰੀ ਨੂੰ ਵੀ ਖੁਆਓ। ਤੰਦਰੁਸਤੀ ਤੁਹਾਡੇ ਪੈਰ ਚੁੰਮੇਗੀ ਤੇ ਸਿਹਤ ਤੁਹਾਡੇ 'ਤੇ ਮਿਹਰਬਾਨ ਹੋਵੇਗੀ।

## ਸੂਫ਼ੀਆਨਾ ਰਹੱਸ ਅਨੁਭੂਤੀ

**ਡਾ. ਭਗਵੰਤ ਸਿੰਘ**
**ਪੰਨੇ : 152, ਮੁੱਲ : 250 ਰੁਪਏ**
**ਯੂਨੀਸਟਾਰ ਬੁਕਸ, ਚੰਡੀਗੜ੍ਹ**




ਹਜ਼ਾਰਾਂ ਸਾਲਾਂ ਦਾ ਮਨੁੱਖੀ ਤਜਰਬਾ ਸਾਨੂੰ ਇਹ ਹੀ ਦੱਸਦਾ ਹੈ ਕਿ ਨੈਤਿਕਤਾ ਜਾਂ ਧਰਮ ਨਾ ਕਿ ਆਰਥਿਕਤਾ ਜਾਂ ਪੈਸਾ ਮਨੁੱਖੀ ਸਮਾਜ ਦੀ ਬੁਨਿਆਦ ਬਣਾਉਂਦਾ ਹੈ, ਪ੍ਰੰਤੂ ਸਰਮਾਏਦਾਰੀ ਦੇ ਇਸ ਯੁੱਗ ਵਿੱਚ ਇਸ ਸਮੀਕਰਨ ਨੂੰ ਪੁੱਠਾ ਕਰ ਦਿੱਤਾ ਹੈ ਅਤੇ ਆਰਥਿਕਤਾ ਅਰਥਾਤ ਪੈਸੇ ਨੂੰ ਨੈਤਿਕਤਾ ਅਰਥਾਤ ਧਰਮ ਨਾਲੋਂ ਉਪਰ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਅੱਜ ਦਾ ਮਨੁੱਖ ਕੁਦਰਤ, ਸਮਾਜ, ਪਰਵਾਰ ਅਤੇ ਖੁਦ ਆਪਣੇ ਆਪ ਨਾਲੋਂ ਟੁੱਟ ਚੁੱਕਾ ਹੈ, ਗੁਆਚ ਗਿਆ ਹੈ ਅਤੇ ਭਟਕ ਗਿਆ ਹੈ। ਮਨੁੱਖ ਦਾ ਇਹ ਵਖਰੇਵਾਂ, ਦਿਸ਼ਾਹੀਣਤਾ ਅਤੇ ਭਟਕਣ ਹੀ ਅਜੋਕੇ ਮਨੁੱਖ ਦੀਆਂ ਸਮੱਸਿਆਵਾਂ ਅਤੇ ਦੁਖਾਂਤ ਦਾ ਮੁੱਖ ਕਾਰਨ ਹਨ।

## ਦੀਵੇ 'ਚੋਂ ਉੱਗਦੇ ਸੂਰਜ

**(ਕਵਿਤਾਵਾਂ)**
**ਕੇ ਸਾਧੂ ਸਿੰਘ**
**ਪੰਨੇ : 96, ਮੁੱਲ : 150 ਰੁਪਏ**
**ਐਸਥੈਟਿਕ ਪਬਲੀਕੇਸ਼ਨਜ਼, ਲੁਧਿਆਣਾ**




ਕਵੀ ਸਮਾਜ ਉਤੇ ਹੋ ਰਹੇ ਸੱਭਿਆਚਾਰਕ ਹਮਲੇ ਪ੍ਰਤੀ ਚਿੰਤਿਤ ਤਾਂ ਹੈ, ਭਾਵੇਂ ਉਹ ਸਾਡੇ ਸੱਭਿਆਚਾਰ ਦੇ ਪਹਿਲੇ ਵਸਤ ਚਿੰਨ੍ਹਾਂ ਦਾ ਹਵਾਲਾ ਦੇ ਕੇ ਖਪਤਕਾਰੀ ਸੱਭਿਆਚਾਰ ਦੀਆਂ ਅਲਾਮਤਾਂ ਦਾ ਜ਼ਿਕਰ ਕਰਦਾ ਹੈ। ਇੱਥੇ ਕਾਵਿ-ਪ੍ਰਕ੍ਰਿਆ ਦਾ ਰੁਖ ਸੰਵਾਦਮਈ ਹੈ, ਜਦੋਂ ਉਹ ਸੱਭਿਆਚਾਰ ਦੇ ਵਸਤ ਚਿੰਨ੍ਹਾਂ ਦਾ ਸੰਵਾਦ ਅਜੋਕੇ ਮਨੁੱਖ ਨਾਲ ਰਚਾਉਂਦਾ ਹੈ। ਇੱਥੇ ਕਵੀ ਨੇ ਗੀਤਾਂ ਦੇ ਫ਼ਿਲਮਾਂਕਣ ਉਪਰ ਵੀ ਉਂਗਲ ਰੱਖੀ ਹੈ। ਅਜਿਹੇ ਮੀਡੀਆ ਰਾਹੀਂ ਪੇਸ਼ ਕੀਤੇ ਜਾ ਰਹੇ ਗੀਤਾਂ ਦੀ ਪੇਸ਼ਕਾਰੀ ਅਜਿਹੇ ਢੰਗ ਨਾਲ ਕੀਤੀ ਜਾਂਦੀ ਹੈ।

## ਮਹਿੰਦੀ

**(ਕਹਾਣੀ ਸੰਗ੍ਰਹਿ)**
**ਸੁਰਿੰਦਰ ਦੀਪ**
**ਪੰਨੇ : 104, ਮੁੱਲ : 150 ਰੁਪਏ**
**ਪੰਜਾਬ ਪਬਲਿਸ਼ਰਜ਼, ਜਲੰਧਰ**




ਇਸ ਕਿਤਾਬ 'ਮਹਿੰਦੀ' ਦੀ ਖ਼ੂਬਸੂਰਤੀ ਇਹੀ ਹੈ ਕਿ ਇਹ ਕਹਾਣੀਆਂ ਸਹਿਜ ਸੁਭਾਅ ਵਾਪਰ ਰਹੀਆਂ ਘਟਨਾਵਾਂ ਨੂੰ ਸ਼ਬਦ ਦਿੰਦੀਆਂ ਹੋਈਆਂ, ਉਨ੍ਹਾਂ ਦੀ ਤਹਿ ਵਿੱਚ ਵਿਦਮਾਨ ਕਾਰਨਾਂ ਨੂੰ, ਆਮ ਵਿਅਕਤੀ ਦੀ ਨਜ਼ਰ ਤੋਂ ਵੇਖਣ ਦਾ ਯਤਨ ਕਰਦੀਆਂ ਹੋਈਆਂ, ਉਨ੍ਹਾਂ ਦਾ ਸਹਿਜ ਵਿਖਿਆਨ ਕਰਦੀਆਂ ਹਨ, ਜੋ ਪਾਠਕ ਨੂੰ ਆਪਣੇ ਨਾਲ ਤੋਰ ਲੈਂਦਾ ਹੈ ਅਤੇ ਕਹਾਣੀ ਉਸ ਨੂੰ ਆਪਣੀ ਲੱਗਣ ਲੱਗ ਜਾਂਦੀ ਹੈ। ਅਜਿਹੀ ਸਰਲਤਾ ਹੀ ਇਨ੍ਹਾਂ ਕਹਾਣੀਆਂ ਦੀ ਖ਼ੂਬਸੂਰਤੀ ਹੈ।

3-March-Sunday.qxd 3/2/2024 10:49 PM Page 6





ਪਿਛਲੇ ਦਿਨੀ ਪੰਜਾਬੀ ਦੇ ਸਿਰਮੌਰ ਸ਼ਾਇਰ ਅਤੇ ਚਿੰਤਕ ਰਵਿੰਦਰ ਸਿੰਘ ਸਹਿਰਾਅ ਆਪਣੀ ਸ਼ਰੀਕ-ਏ-ਹਯਾਤ ਨਾਲ ਨਵਾਂ ਜ਼ਮਾਨਾ ਵਿਖੇ ਆਏ। ਉਨ੍ਹਾ ਨੇ ਐਤਵਾਰਤਾ ਲਈ ਦੋ ਪੁਸਤਕਾਂ 'ਸੁਰਖ਼ ਰਾਹਾਂ ਦਾ ਸਫ਼ਰ' ਅਤੇ 'ਡਾ. ਮਨਜ਼ੂਰ ਏਜਾਜ਼' ਦੀ ਸੰਪਾਦਿਤ ਕੀਤੀ ਪੁਸਤਕ 'ਝੱਲੀ ਦਾ ਝੱਲ' ਸੰਪਾਦਕ ਨੂੰ ਭੇਟ ਕੀਤੀ।

# 'ਰੇਪ ਆਫ਼ ਹਿਸਟਰੀ' ਤੇ ਵਿਚਾਰ-ਚਰਚਾ

**ਟਾਂਡਾ:** ਪੰਜਾਬੀ ਨਾਵਲ ਖੇਤਰ ਵਿੱਚ ਮਹੱਤਵਪੂਰਨ ਅਤੇ ਵੱਡ ਆਕਾਰੀ ਨਾਵਲ 'ਰੇਪ ਆਫ਼ ਹਿਸਟਰੀ' ਉਪਰ ਪਿਛਲੇ ਦਿਨੀਂ ਟਾਂਡਾ ਵਿਖੇ ਵਿਚਾਰ ਚਰਚਾ ਹੋਈ। ਪ੍ਰੋ. ਕੇਵਲ ਕਲੋਟੀ ਦੇ ਇਸ ਮਹੱਤਵਪੂਰਨ ਨਾਵਲ ਬਾਰੇ ਮੁੱਖ ਪਰਚਾ ਪੇਸ਼ ਕਰਦੇ ਹੋਈ ਡਾ. ਜਨਮੀਤ ਨੇ ਕਿਹਾ ਕਿ ਕੁੱਲ ਆਲਮ ਵਿੱਚ ਸੱਤਾ ਨੂੰ ਆਪਣੇ ਵੱਸ ਵਿੱਚ ਕਰਨ ਲਈ 'ਪੂੰਜੀ' ਨੂੰ ਇਕ ਸਾਧਨ ਵਜੋਂ ਵਰਤਿਆ ਜਾਂਦਾ ਹੈ, ਜਿਸ ਦਾ ਜ਼ਿਕਰ ਕਲੋਟੀ ਨੇ ਆਪਣੇ ਇਸ ਨਾਵਲ ਵਿੱਚ ਇਤਿਹਾਸਕ ਹਵਾਲਿਆਂ ਨਾਲ ਕੀਤਾ ਹੈ। ਨਾਵਲ ਉਪਰ ਚਰਚਾ ਨੂੰ ਅੱਗੇ ਤੋਰਦਿਆਂ ਪ੍ਰੋ. ਬਲਦੇਵ ਬੱਲੀ ਨੇ ਨਾਵਲ ਦੀ ਟੈਕਸਟ ਨੂੰ ਆਧਾਰ ਬਣਾ ਕੇ ਤਕਨੀਕ ਅਤੇ ਵਸਤੂ ਸੰਬੰਧੀ ਮਹੱਤਵਪੂਰਨ ਵਿਚਾਰ ਪ੍ਰਗਟ ਕੀਤੇ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਸਾਡੇ ਸਿਆਣਿਆਂ ਨੇ ਜਦੋਂ ਇਹ ਮੁਹਾਵਰਾ ਘੜਿਆ ਸੀ ਕਿ 'ਜਿਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ' ਤਾਂ ਉਨ੍ਹਾਂ ਦੇ ਮਨ ਵਿੱਚ ਪੂੰਜੀ ਦੀ ਸਰਦਾਰੀ ਵਾਲਾ ਪ੍ਰਭਾਵ ਪਿਆ ਸੀ। ਨਾਵਲ ਬਾਰੇ ਉਠਾਏ ਗਏ ਸਵਾਲਾਂ ਬਾਰੇ ਨਾਵਲਕਾਰ ਪ੍ਰੋ. ਕੇਵਲ ਕਲੋਟੀ ਨੇ ਆਪਣੀ ਗੱਲ ਬਾ-ਦਲੀਲ ਕਹੀ। ਵਿਚਾਰ ਚਰਚਾ ਵਿੱਚ ਲਾਲ ਸਿੰਘ, ਸੁਰਿੰਦਰ ਸਿੰਘ ਨੇਕੀ, ਜਰਨੈਲ ਸਿੰਘ ਘੁੰਮਣ, ਸੰਦੀਪ ਸਿੰਘ ਅਤੇ ਹੋਰ ਬੁਲਾਰਿਆਂ ਨੇ ਹਿੱਸਾ ਲਿਆ। ਪ੍ਰੋ. ਕਲੋਟੀ ਨੇ ਅਹਿਦ ਕੀਤਾ ਕਿ ਅਜਿਹੀ ਵਿਚਾਰ ਚਰਚਾ ਭਵਿੱਖ ਵਿੱਚ ਵੀ ਕਾਰਵਾਈ ਜਾਂਦੀ ਰਹੇਗੀ।

# ਕੰਮ ਤੇ ਮਨੋਰਥ ਵੇਖ ਕੇ ਸਾਨੂੰ ਸਹਿਯੋਗ ਦਿਓ : ਲਖਵਿੰਦਰ ਸਿੰਘ ਜੌਹਲ

ਜਲੰਧਰ : ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀ ਤਿੰਨ ਮਾਰਚ ਨੂੰ ਹੋ ਰਹੀ ਚੋਣ ਸਿਰਫ ਅਹੁਦਿਆਂ ਦੀ ਲੜਾਈ ਨਹੀਂ ਇਸ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਬਿਹਤਰੀ ਅਤੇ ਹੋਰ ਪ੍ਰਫੁੱਲਤਾ ਦਾ ਮਸਲਾ ਜੁੜਿਆ ਹੋਇਆ ਹੈ।ਪੰਜਾਬ ਪ੍ਰੈਸ ਕਲੱਬ ਜਲੰਧਰ 'ਚ ਸਾਹਿਤਕਾਰਾਂ ਨੂੰ ਸੰਬੋਧਨ ਕਰਦਿਆਂ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਚੋਣਾਂ 'ਚ ਖੜੇ ਆਪਣੇ ਸਹਿਯੋਗੀਆਂ ਲਈ ਭਰਪੂਰ ਸਮਰਥਨ ਦੀ




ਅਪੀਲ ਕਰਦਿਆਂ ਇਹ ਗੱਲ ਕਹੀ। ਉਹਨਾਂ ਕਿਹਾ ਕਿ ਪਿਛਲੇ ਦੋ ਸਾਲਾਂ 'ਚ, ਉਨ੍ਹਾਂ ਵਲੋਂ ਅਕੈਡਮੀ ਲਈ ਕੀਤੇ ਗਏ ਕੰਮਾਂ ਨੂੰ ਵੇਖ ਕੇ ਸਾਰਾ ਲੇਖਕ ਜਗਤ ਉਹਨਾਂ ਦੇ ਹੱਕ 'ਚ ਉਮੜ ਪਿਆ ਹੈ।

ਇਸ ਮੌਕੇ 'ਤੇ ਉਹਨਾਂ ਨੇ ਅਗਲੇ ਸਾਲਾਂ ਲਈ ਆਪਣੀ ਟੀਮ ਦਾ ਮਨੋਰਥ ਪੱਤਰ ਵੀ ਜਾਰੀ ਕੀਤਾ।ਉਨ੍ਹਾਂ ਦੇ ਨਾਲ ਸਿਰਮੌਰ ਪੰਜਾਬੀ ਕਥਾਕਾਰ ਡਾਕਟਰ ਵਰਿਆਮ ਸਿੰਘ ਸੰਧੂ, ਪੰਜਾਬ ਪ੍ਰੈਸ ਕਲੱਬ ਜਲੰਧਰ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ, ਉੱਘੇ ਪ੍ਰਵਾਸੀ ਕਵੀ ਸੁਰਿੰਦਰ ਸਿੰਘ ਸੁੰਨੜ, ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਅਤੇ 'ਨਵਾਂ ਜ਼ਮਾਨਾ' ਦੇ ਸਾਹਿਤ ਸੰਪਾਦਕ ਡਾਕਟਰ ਹਰਜਿੰਦਰ ਸਿੰਘ ਅਟਵਾਲ, ਪੰਜਾਬੀ ਲੇਖਕ ਸਭਾ ਜਲੰਧਰ ਦੇ ਜਨਰਲ ਸਕੱਤਰ ਅਤੇ ਉੱਘੇ ਕਵੀ ਡਾਕਟਰ ਉਮਿੰਦਰ ਜੌਹਲ, ਮਦਨ ਵੀਰਾ, ਨਾਮਧਾਰੀ ਦਰਬਾਰ ਦੇ ਸ਼ਿਰਕਰਤਾ ਮੈਂਬਰ ਨਰੈਣ ਸਿੰਘ, ਪੰਜਾਬੀ ਵਿਰਸਾ ਟਰੱਸਟ ਦੇ ਆਗੂ ਗੁਰਮੀਤ ਪਲਾਹੀ, ਲੋਕ ਮੰਚ ਪੰਜਾਬ ਦੇ ਸਕੱਤਰ ਰਮਨਪ੍ਰੀਤ ਕੌਰ ਸਮੇਤ ਜਲੰਧਰ ਦੇ ਉੱਘੇ ਸਾਹਿਤਕਾਰ ਹਾਜ਼ਰ ਸਨ।ਇਸ ਮੌਕੇ ਪੰਜਾਬੀ ਲੇਖਕ ਸਭਾ ਜਲੰਧਰ ਅਤੇ ਲੋਕ ਮੰਚ ਪੰਜਾਬ ਵੱਲੋਂ ਡਾਕਟਰ ਲਖਵਿੰਦਰ ਸਿੰਘ ਜੌਹਲ ਦੇ ਪੈਨਲ ਨੂੰ ਸਮਰਥਨ ਅਤੇ ਸਹਿਯੋਗ ਦਾ ਐਲਾਨ ਕੀਤਾ ਗਿਆ।ਕੇਂਦਰੀ ਪੰਜਾਬੀ ਲੇਖਕ ਸਭਾ (ਰਜਿਸਟਰਡ) ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਪਹਿਲਾਂ ਹੀ ਡਾਕਟਰ ਜੌਹਲ ਨੂੰ ਸਮਰਥਨ ਦਾ ਐਲਾਨ ਕਰ ਚੁੱਕੀਆਂ ਹਨ।

ਡਾਕਟਰ ਜੌਹਲ ਨੇ ਦੱਸਿਆ ਕਿ ਵੋਟਾਂ ਪੰਜਾਬੀ ਭਵਨ ਲੁਧਿਆਣਾ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ ਬਾਅਦ 3 ਵਜੇ ਤੱਕ ਮੁੱਖ ਚੋਣ ਅਧਿਕਾਰੀ ਕੁਲਦੀਪ ਸਿੰਘ ਬੇਦੀ ਦੀ ਨਿਗਰਾਨੀ ਹੇਠ ਪੈਣਗੀਆਂ ਅਤੇ ਉਸੇ ਦਿਨ ਨਤੀਜਾ ਐਲਾਨ ਦਿੱਤਾ ਜਾਏਗਾ।ਉਹਨਾਂ ਵੱਲੋਂ ਚੋਣ ਲੜ ਰਹੇ ਉਮੀਦਵਾਰ ਇਸ ਪ੍ਰਕਾਰ ਹਨ। ਪ੍ਰਧਾਨ ਲਖਵਿੰਦਰ ਸਿੰਘ ਜੌਹਲ (ਡਾ.), ਸੀ.ਮੀਤ ਪ੍ਰਧਾਨ ਡਾ. ਸ਼ਿੰਦਰਪਾਲ ਸਿੰਘ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਮੀਤ ਪ੍ਰਧਾਨ ਤ੍ਰੈਲੋਚਨ ਲੋਚੀ, ਗੁਰਚਰਨ ਕੌਰ ਕੋਚਰ, ਭਗਵੰਤ ਸਿੰਘ, ਮਦਨ ਵੀਰਾ, ਡਾਕਟਰ ਇਕਬਾਲ ਸਿੰਘ ਗੋਦਾਰਾ (ਪੰਜਾਬੋਂ ਬਾਹਰ), ਪ੍ਰਬੰਧਕੀ ਬੋਰਡ ਮੈਂਬਰ ਗੁਰਵਿੰਦਰ ਸਿੰਘ ਅਮਨ, ਦੀਪ ਜਗਦੀਪ ਸਿੰਘ, ਸਹਿਜਪ੍ਰੀਤ ਸਿੰਘ ਮਾਂਗਟ, ਪ੍ਰੋਫ਼ੈਸਰ ਸਰਘੀ, ਹਰਦੀਪ ਢਿੱਲੋਂ, ਰੋਜ਼ੀ ਸਿੰਘ, ਹਰਵਿੰਦਰ ਚੰਡੀਗੜ੍ਹ, ਜਗਦੀਸ਼ ਰਾਏ ਕੁੱਲਰੀਆਂ, ਬਲਜੀਤ ਪਰਮਾਰ (ਬਾਕੀ ਭਾਰਤ), ਨਾਇਬ ਸਿੰਘ ਮੰਡੇਰ (ਪੰਜਾਬੋਂ ਬਾਹਰ), ਕੰਵਲਜੀਤ ਸਿੰਘ ਕੁਟੀ, ਕਰਮਜੀਤ ਗਰੇਵਾਲ, ਬਲਬੀਰ ਜਲਾਲਾਬਾਦੀ, ਡਾ. ਨਰੇਸ਼ ਕੁਮਾਰ ਅਤੇ ਪਰਮਜੀਤ ਕੌਰ ਮਹਿਕ।ਸਾਹਿਤਕਾਰਾਂ ਨੂੰ ਸੰਬੋਧਨ ਕਰਦਿਆਂ ਡਾਕਟਰ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਡਾਕਟਰ ਜੌਹਲ ਦੀ ਟੀਮ ਵੱਲੋਂ ਪਿਛਲੇ ਸਾਲਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਕੀਤਾ ਗਿਆ ਕੰਮ ਮਿਸਾਲੀ ਹੈ ਇਸ ਕਰਕੇ ਹਰ ਸਾਹਿਤਕਾਰ ਉਹਨਾਂ ਦੇ ਸਮਰਥਨ ਵਿੱਚ ਖੜ੍ਹ ਗਿਆ ਹੈ।ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਡਾਕਟਰ ਲਖਵਿੰਦਰ ਸਿੰਘ ਜੌਹਲ ਇੱਕ ਕੁਸ਼ਲ ਪ੍ਰਬੰਧਕ ਅਤੇ ਹਰਮਨ ਪਿਆਰੀ ਸ਼ਖਸ਼ੀਅਤ ਹੈ, ਜੋ ਲੇਖਕਾਂ ਦੀ ਅਗਵਾਈ ਕਰਨ ਦੀ ਸਮਰੱਥਾ ਰੱਖਦੀ ਹੈ।

# 'ਹੁਣ' ਦਾ 48ਵਾਂ ਅੰਕ ਲੋਕ ਅਰਪਿਤ



**ਅੰਮ੍ਰਿਤਸਰ-** ਖਾਲਸਾ ਕਾਲਜ ਵਿਖੇ ਪੰਜਾਬੀ ਦੇ ਬਹੁ-ਮਿਆਰੀ ਸਾਹਿਤਕ ਰਸਾਲੇ 'ਹੁਣ' ਦਾ 48ਵਾਂ ਅੰਕ ਲੋਕ ਅਰਪਿਤ ਕੀਤਾ ਗਿਆ। ਡਾ. ਆਤਮ ਰੰਧਾਵਾ ਦੇ ਸਵਾਗਤੀ ਸ਼ਬਦਾਂ ਨਾਲ ਸ਼ੁਰੂ ਹੋਏ ਇਸ ਅਦਬੀ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਲਖਵਿੰਦਰ ਜੌਹਲ ਅਤੇ ਸ਼੍ਰੋਮਣੀ ਸ਼ਾਇਰ ਦਰਸ਼ਨ ਬੁੱਟਰ ਨੇ 'ਹੁਣ' ਨੂੰ ਕੇਂਦਰ ਬਿੰਦੂ ਵਿਚ ਰੱਖ ਕੇ ਕਿਹਾ ਕਿ ਉੱਤਮ ਦਰਜੇ ਦਾ ਲੋਕ ਸਾਹਿਤ ਅਤੇ ਸੁਹਿਰਦ ਪਾਠਕਾਂ ਨੂੰ ਇਕ ਤੰਦ ਵਿਚ ਪਰੋਣ ਲਈ ਸਾਹਿਤਕ ਰਸਾਲੇ ਸਭ ਤੋਂ ਉੱਤਮ ਜ਼ਰੀਆ ਹਨ। ਪ੍ਰਿੰ. ਡਾ. ਮਹਿਲ ਸਿੰਘ ਅਤੇ ਗੁਰਭੇਜ ਸਿੰਘ ਗੁਰਾਇਆ ਨੇ ਕਿਹਾ ਕਿ ਜਿੱਥੇ 'ਹੁਣ' ਵਰਗੇ ਮਿਆਰੀ ਰਸਾਲੇ ਦੁਨੀਆ ਭਰ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਨੇੜੇ ਲੈ ਕੇ ਆਉਂਦੇ ਹਨ, ਉਥੇ ਦੁਨੀਆ ਭਰ ਵਿੱਚ ਰਚੇ ਜਾ ਰਹੇ ਸਾਹਿਤ ਨੂੰ ਘੋਖਣ, ਪੜਤਾਲਣ ਅਤੇ ਨਵੀਆਂ ਦਿਸ਼ਾਵਾਂ ਨਿਰਧਾਰਤ ਕਰਨ ਵਿਚ ਸਹਾਈ ਹੁੰਦੇ ਹਨ। 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ ਨੇ ਦੱਸਿਆ ਕਿ ਉਹਨਾਂ ਵੱਲੋਂ ਡਾ. ਗੁਰਦਿਆਲ ਸਿੰਘ ਫੁੱਲ, ਜਸਵੰਤ ਸਿੰਘ ਕੰਵਲ, ਪ੍ਰੋ. ਅਜਮੇਰ ਔਲਖ, ਬਾਬਾ ਨਜ਼ਮੀ, ਸੁਰਜੀਤ ਪਾਤਰ ਅਤੇ ਗੁਰਭਜਨ ਗਿੱਲ ਆਦਿ ਸਥਾਪਤ ਸਾਹਿਤਕਾਰਾਂ ਦੀਆਂ ਅਦਬੀ ਮੁਲਾਕਾਤਾਂ ਦੇ ਲੜੀਵਾਰ ਸਿਲਸਿਲੇ ਨੇ ਪਾਠਕਾਂ ਨੂੰ ਇਹਨਾਂ ਸਾਹਿਤਕਾਰਾਂ ਦੀ ਜੀਵਨ ਸ਼ੈਲੀ ਅਤੇ ਲਿਖਣ ਸ਼ੈਲੀ ਨੂੰ ਹੋਰ ਨੇੜਿਉਂ ਸਮਝਣ ਦਾ ਸਬੱਬ ਪੈਦਾ ਕੀਤਾ ਹੈ। ਪਰਵਾਸੀ ਸ਼ਾਇਰ ਰਵਿੰਦਰ ਸਹਿਰਾਅ ਅਤੇ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਮਿਆਰੀ ਸਾਹਿਤ ਨੂੰ ਲੋਕ ਉਡੀਕਦੇ ਵੀ ਨੇ ਅਤੇ ਮੁੱਲ ਖਰੀਦ ਕੇ ਪੜ੍ਹਨ ਦੀ ਚੇਟਕ ਵੀ ਰੱਖਦੇ ਹਨ।

ਸੁਰਿੰਦਰ ਸਿੰਘ ਸੁੰਨੜ ਅਤੇ ਸ਼ਾਇਰ ਜਸਵੰਤ ਜ਼ਫਰ ਨੇ ਕਿਹਾ ਕਿ ਅਜਿਹੇ ਮੈਗਜ਼ੀਨ ਮਨੁੱਖ ਨੂੰ ਕਵਿਤਾ, ਕਹਾਣੀ ਅਤੇ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਨਾਲ-ਨਾਲ ਬਹੁ-ਮੁੱਲੀਆਂ ਇਨਸਾਨੀ ਕਦਰਾਂ-ਕੀਮਤਾਂ ਨਾਲ ਵੀ ਜੋੜਦੇ ਹਨ। ਸਵਰਨਜੀਤ ਸਵੀ ਅਤੇ ਦੀਪ ਜਗਦੀਪ ਨੇ ਦੱਸਿਆ ਕਿ ਲੇਖਕ ਦੀ ਸਥਾਪਤੀ ਅਤੇ ਭਾਸ਼ਾ ਦੀ ਤਰੱਕੀ ਲਈ ਹੁਣ ਵਰਗੇ ਮਿਆਰੀ ਰਸਾਲੇ ਵੱਡਾ ਯੋਗਦਾਨ ਪਾਉਂਦੇ ਹਨ। ਨੀਰੂ ਸਹਿਰਾਅ ਅਤੇ ਕਮਲ ਦੁਸਾਂਝ ਨੇ ਕਿਹਾ ਕਿ ਆਮ ਲੋਕਾਂ ਨੂੰ ਕਿਤਾਬਾਂ ਨਾਲ ਜੋੜਨ ਲਈ ਮਿਆਰੀ ਅਤੇ ਲੋਕ ਪੱਖੀ ਸਾਹਿਤ ਨਾਲ 'ਹੁਣ' ਦਾ ਪੰਜਾਬੀ ਸਾਹਿਤ ਵਿੱਚ ਗੌਲਣਯੋਗ ਸਥਾਨ ਹੈ।

# 'ਕੈਨੇਡਾ ਕੈਨੇਡਾ ਮੈਂ ਜਾਣਾ' ਦਾ ਲੋਕ ਅਰਪਣ



**ਮੋਗਾ-**ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵੱਲੋਂ ਹਾਲੈਂਡ ਰਹਿੰਦੇ ਪ੍ਰਸਿੱਧ ਵਾਰਤਕਕਾਰ ਜੋਗਿੰਦਰ ਬਾਠ ਦਾ ਸਨਮਾਨ ਕੀਤਾ ਗਿਆ ਅਤੇ ਉਹਨਾਂ ਦੀ ਨਵ-ਪ੍ਰਕਾਸ਼ਿਤ ਸਫਰਨਾਮਾ ਪੁਸਤਕ 'ਕੈਨੇਡਾ ਕੈਨੇਡਾ ਮੈਂ ਜਾਣਾ' ਪ੍ਰਸਿੱਧ ਸਾਹਿਤਕਾਰਾਂ ਵੱਲੋਂ ਲੋਕ ਅਰਪਣ ਕੀਤੀ ਗਈ। ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਕਰਵਾਏ ਗਏ ਸੰਖੇਪ, ਪਰ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਵਿੱਚ ਪ੍ਰਸਿੱਧ ਨਾਵਲਕਾਰ ਵਿਅੰਗਕਾਰ ਤੇ ਕਹਾਣੀਕਾਰ ਕੇ ਐੱਲ ਗਰਗ, ਨਿੰਦਰ ਘੁਗਿਆਣਵੀ, ਅਜੀਮ ਸ਼ੇਖਰ, ਗੁਰਚਰਨ ਨੂਰਪੁਰ, ਡਾ. ਸੁਰਜੀਤ ਬਰਾੜ, ਡਾਕਟਰ ਅਜੀਤ ਪਾਲ, ਗੁਰਬਚਨ ਚਿੰਤਕ, ਜਸਵਿੰਦਰ ਰੱਤੀਆਂ, ਜਗਜੀਤ ਕੌਰ ਸੰਧੂ ਆਸਟ੍ਰੇਲੀਆ, ਨਵਨੀਤ ਸੇਖਾ, ਸੁਖਵਿੰਦਰ ਮਰਾੜ ਅਤੇ ਸ਼ਾਇਰ ਅਮਰ ਸੂਫੀ ਨੇ ਜੋਗਿੰਦਰ ਬਾਠ ਨੂੰ ਸ਼ੇਖ ਫਰੀਦ ਸਾਹਿਤ ਵਿਚਾਰ ਮੰਚ ਫਰੀਦਕੋਟ ਵੱਲੋਂ ਪੰਜਾਬੀ ਸੇਵਾ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਹਨਾਂ ਵੱਲੋਂ ਲਿਖਿਆ ਗਿਆ ਸਫਰਨਾਮਾ 'ਕੈਨੇਡਾ ਕੈਨੇਡਾ ਮੈਂ ਜਾਣਾ' ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ।

ਜੋਗਿੰਦਰ ਬਾਠ ਬਾਰੇ ਬੋਲਦਿਆਂ ਕੇ ਐੱਲ ਗਰਗ ਨੇ ਕਿਹਾ ਕਿ ਜੋਗਿੰਦਰ ਬਾਠ ਨੇ ਆਪਣੀ ਤਿੱਖੀ ਤੇ ਰਸਦਾਇਕ ਵਾਰਤਕ ਨਾਲ ਪਾਠਕਾਂ ਨੂੰ ਪ੍ਰਭਾਵਿਤ ਕੀਤਾ ਹੈ। ਜੋਗਿੰਦਰ ਬਾਠ ਸੋਸ਼ਲ ਮੀਡੀਆ 'ਤੇ ਵੀ ਪੂਰਾ ਸਰਗਰਮ ਰਹਿੰਦਾ ਹੈ। ਡਾਕਟਰ ਸੁਰਜੀਤ ਬਰਾੜ ਨੇ ਜੋਗਿੰਦਰ ਬਾਠ ਨੂੰ ਆਮ ਲੋਕਾਂ ਦਾ ਵਾਰਤਕਕਾਰ ਕਿਹਾ, ਜਿਸ ਦੀ ਪੁਸਤਕ ਜੱਟ ਮਕੈਨੀਕਲ ਨੇ ਪੰਜਾਬੀ ਪਾਠਕਾਂ ਦੇ ਦਿਲਾਂ ਵਿੱਚ ਥਾਂ ਬਣਾਈ ਹੈ। ਸ਼ੇਖ ਫਰੀਦ ਮੰਚ ਫਰੀਦਕੋਟ ਦੇ ਪ੍ਰਧਾਨ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਲੇਖਕ ਨਿੰਦਰ ਘੁਗਿਆਣਵੀ ਨੇ ਜੋਗਿੰਦਰ ਬਾਠ ਬਾਰੇ ਬੋਲਦਿਆਂ ਆਖਿਆ ਕਿ ਹੋਲੈਂਡ ਵਰਗੇ ਦੇਸ਼ ਵਿੱਚ ਰਹਿੰਦਿਆਂ ਵੀ ਉਹ ਪੰਜਾਬੀ ਮਾਂ ਬੋਲੀ ਨਾਲ ਲਗਾਤਾਰ ਜੁੜਿਆ ਹੋਇਆ ਹੈ ਅਤੇ ਸਮੇਂ ਸਿਰ ਵੱਖ-ਵੱਖ ਸਮੱਸਿਆਵਾਂ ਬਾਰੇ ਬੇਬਾਕੀ ਨਾਲ ਲਿਖਦਾ ਰਹਿੰਦਾ ਹੈ। ਮੰਚ ਦੇ ਪ੍ਰਧਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਆਏ ਹੋਏ ਸਾਰੇ ਵਿਦਵਾਨ ਸਾਹਿਤਕਾਰਾਂ ਨੂੰ ਜੀ ਆਇਆਂ ਆਖਿਆ। ਜੋਗਿੰਦਰ ਬਾਠ ਨੇ ਆਪਣੇ ਜੀਵਨ ਅਨੁਭਵ ਸਰੋਤਿਆਂ ਨਾਲ ਸਾਂਝੇ ਕੀਤੇ।

# ਬੁੰਗਾ ਮਸਤੂਆਣਾ 'ਤੇ ਵਿਚਾਰ-ਚਰਚਾ

**ਬਰਨਾਲਾ-**ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਬਘੇਲ ਸਿੰਘ ਧਾਲੀਵਾਲ ਦੀ ਪੁਸਤਕ 'ਬੁੰਗਾ ਮਸਤੂਆਣਾ ਇੱਕ ਸਦੀ ਦਾ ਸਫਰ' (1923-2023) ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਬਾਰੇ ਬੋਲਦਿਆਂ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਬਘੇਲ ਸਿੰਘ ਧਾਲੀਵਾਲ ਨੇ ਨਿੱਤ ਦੀ ਅਰਦਾਸ ਵਿੱਚ ਵਰਤੀਂਦੇ ਸ਼ਬਦ ਝੰਡੇ ਬੁੰਗੇ ਦੀ ਗੱਲ ਦਮਦਮਾ ਸਾਹਿਬ ਦੇ ਬੁੰਗਿਆਂ ਤੋਂ ਸ਼ੁਰੂ ਕਰਕੇ ਉਸ ਨੂੰ ਇਤਿਹਾਸ ਵਿੱਚ ਸਾਂਭ ਕੇ ਸਦਾ ਲਈ ਜੀਵਿਤ ਕਰ ਦਿੱਤਾ ਹੈ, ਜੋ ਕਿ ਸਾਡੇ ਕਾਰ ਸੇਵਾ ਵਾਲਿਆਂ ਨੇ ਖਤਮ ਹੀ ਕਰ ਦਿੱਤੇ ਸਨ । ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਬਘੇਲ ਸਿੰਘ ਧਾਲੀਵਾਲ ਨੇ ਬੁੰਗਾ ਮਸਤੂਆਣਾ ਦਾ ਆਰੰਭ ਤੋਂ ਵਰਤਮਾਨ ਤੱਕ ਦਾ ਸੰਪੂਰਨ ਇਤਿਹਾਸ ਲਿਖ ਕੇ ਉਸ ਦੇ ਨਾਲ ਦਮਦਮਾ ਸਾਹਿਬ ਦੇ ਸਮੁੱਚੇ ਇਤਿਹਾਸ ਨੂੰ ਵੀ ਕਲਾਵੇ ਵਿੱਚ ਲੈਣ ਨਾਲ ਪੁਸਤਕ ਦਾ ਮਹੱਤਵ ਹੋਰ ਵੀ ਵਧ ਗਿਆ ਹੈ, ਜੋ ਕਿ ਆਉਣ ਵਾਲੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ। ਉਪਰੰਤ ਚਮਕੌਰ ਸਿੰਘ ਸੇਖੋਂ ਦੀ ਪੁਸਤਕ 'ਕਲੀਆਂ ਹੀਰ ਦੀਆਂ' ਦਾ ਲੋਕ ਅਰਪਣ ਕੀਤਾ ਗਿਆ, ਜਿਸ ਬਾਰੇ ਬੋਲਦਿਆਂ ਜੁਗਰਾਜ ਧੌਲਾ ਨੇ ਕਿਹਾ ਕਿ ਹੀਰ ਅਤੇ ਰਾਂਝੇ ਦੀ ਮੋਹਵੰਤੀ ਵਾਰਤਾਲਾਪ ਨੂੰ ਚਮਕੌਰ ਸਿੰਘ ਸੇਖੋਂ ਨੇ ਲੋਕ ਭਾਸ਼ਾ ਵਿੱਚ ਬਾਖੂਬੀ ਬਿਆਨਿਆ ਹੈ ।ਜਰਨੈਲ ਸਿੰਘ ਅੱਚਰਵਾਲ ਨੇ ਕਿਹਾ ਕਿ ਹੀਰ ਦੇ ਸੰਬੰਧ ਵਿੱਚ ਬੇਸ਼ੱਕ ਸੈਂਕੜੇ ਪੁਸਤਕਾਂ ਆ ਚੁੱਕੀਆਂ ਹਨ, ਪਰ ਚਮਕੌਰ ਸਿੰਘ ਸੇਖੋਂ ਨੇ ਇਸ ਪੁਸਤਕ ਵਿੱਚ ਕੁਝ ਨਿਵੇਕਲੀਆਂ ਗੱਲਾਂ ਕਰਕੇ ਇਸ ਨੂੰ ਨਵੀਨ ਰੂਪ ਦਿੱਤਾ ਹੈ । ਇਸ ਮੌਕੇ ਰੁਪਿੰਦਰ ਬਰਾੜ ਕੈਨੇਡਾ ਦੇ ਮਿੰਨੀ ਕਹਾਣੀ 'ਖੂਹ ਦੀਆਂ ਟਿੰਡਾਂ' ਦਾ ਵੀ ਲੋਕ ਅਰਪਣ ਕੀਤਾ ਗਿਆ।ਇਹਨਾਂ ਪੁਸਤਕਾਂ ਬਾਰੇ ਡਾ. ਭੁਪਿੰਦਰ ਸਿੰਘ ਬੇਦੀ, ਦਰਸ਼ਨ ਸਿੰਘ ਗੁਰੂ, ਮਨਜੀਤ ਸਿੰਘ ਸਾਗਰ, ਨਿਰਮਲ ਸਿੰਘ ਪੰਡੋਰੀ, ਡਾ. ਕੁਲਵੰਤ ਸਿੰਘ ਜੋਗਾ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਦਵਿੰਦਰ ਸਿੰਘ ਬਰਾੜ ਨੇ ਆਪਣੇ ਵਿਚਾਰ ਪੇਸ਼ ਕੀਤੇ।

—ਤੇਜਿੰਦਰ ਚੰਡਿਹੋਕ

# 'ਅਣੂ' ਦਾ ਮਾਰਚ 2024 ਅੰਕ ਹੋਇਆ ਲੋਕ ਅਰਪਣ



**ਲੁਧਿਆਣਾ-** ਅਣੂ ਪੱਤ੍ਰਿਕਾ ਜੋ 1972 ਵਿੱਚ 'ਅਣੂਰੂਪ' ਦੇ ਨਾਂਅ ਥੱਲੇ ਮਹਾਂਨਗਰ ਕੋਲਕਾਤਾ ਤੋਂ ਸ਼ੁਰੂ ਹੋਈ ਸੀ, ਪੰਜਾਬੀ ਦੀ ਇੱਕੋ-ਇੱਕ ਮਿੰਨੀ ਪੱਤ੍ਰਿਕਾ ਹੈ, ਜੋ ਬਾਅਦ ਵਿਚ ਭਾਰਤ ਸਰਕਾਰ ਵੱਲੋਂ ਪ੍ਰਵਾਨਤ 'ਅਣੂ' ਦੇ ਨਾਂਅ ਥੱਲੇ ਨਿਰੰਤਰ ਛਪਦੀ ਆ ਰਹੀ ਹੈ। ਅੱਜਕੱਲ੍ਹ ਇਹ ਪੱਤ੍ਰਿਕਾ ਲੁਧਿਆਣੇ ਤੋਂ ਪ੍ਰਕਾਸ਼ਿਤ ਹੋ ਰਹੀ ਹੈ। 'ਅਣੂ' ਦੇ ਮਾਰਚ 2024 ਅੰਕ ਨੂੰ ਗੁਰੂ ਨਾਨਕ ਕਾਲਜ ਫਾਰ ਵੂਮੈਨ, ਗੁਜਰਖਾਨ ਕੈਂਪਸ ਲੁਧਿਆਣਾ ਵਿਖੇ ਲੋਕ ਅਰਪਣ ਕੀਤਾ ਗਿਆ। ਇਸ ਪੱਤ੍ਰਿਕਾ ਦੀ ਖੂਬੀ ਹੈ ਕਿ ਇਸ ਵਿੱਚ ਸਾਹਿਤ ਦੀਆਂ ਵੱਖੋ-ਵੱਖ ਵਿਧਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। 'ਅਣੂ' ਪੱਤ੍ਰਿਕਾ ਦੇ 53ਵੇਂ ਸਾਲ ਇਸ ਨਵੇਂ ਅੰਕ ਨੂੰ ਰਿਲੀਜ਼ ਕਰਨ ਦਾ ਸੁਭਾਗ ਗੁਰੂ ਨਾਨਕ ਖਾਲਸਾ ਕਾਲਜ ਵੂਮੈਨ ਨੂੰ ਪ੍ਰਾਪਤ ਹੋਇਆ ਹੈ। ਇਹ ਕਾਲਜ ਲਈ ਮਾਣ ਵਾਲੀ ਗੱਲ ਹੈ। ਵਿਦਿਆਰਥੀ ਇਸ ਨੂੰ ਪੜ੍ਹ ਕੇ ਸਾਹਿਤ ਨਾਲ ਜੁੜਨਗੇ ਤੇ ਸੰਭਾਵੀ ਲੇਖਕ ਬਣਨ ਵਾਲੇ ਇਸ ਤੋਂ ਸੇਧ ਲੈਣਗੇ। ਇਹ ਸ਼ਬਦ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਪ੍ਰਭਜੋਤ ਕੌਰ ਨੇ ਕਹੇ। ਪ੍ਰਿੰਸੀਪਲ ਡਾ. ਮਨੀਤਾ ਕਾਹਲੋਂ ਦੇ ਆਸ਼ੀਰਵਾਦ ਨਾਲ ਹੋਰਨਾਂ ਤੋਂ ਇਲਾਵਾ ਡਾ. ਪੁਨਪ੍ਰੀਤ ਕੌਰ, ਡਾ. ਮਧੂ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਸੁਰਜੀਤ ਕੌਰ, ਪ੍ਰੋ. ਕਵਿਤਾ ਚੌਧਰੀ, ਪ੍ਰੋ. ਸੁਖਜੀਤ ਕੌਰ ਅਤੇ ਸ੍ਰੀਮਤੀ ਰਜਨੀ ਰਾਜਪਾਲ ਨੇ ਪੱਤ੍ਰਿਕਾ ਲੋਕ ਅਰਪਣ ਦੀ ਰਸਮ ਵਿੱਚ ਹਿੱਸਾ ਲਿਆ। ਸੰਪਾਦਕ ਸੁਰਿੰਦਰ ਕੈਲੇ ਨੇ ਆਪਣੀਆਂ ਕਿਤਾਬਾਂ ਲਾਇਬ੍ਰੇਰੀ ਨੂੰ ਭੇਟ ਕਰਦਿਆਂ ਕਿਹਾ ਕਿ ਵਿਦਿਆਰਥੀ ਪੁਸਤਕਾਂ ਪੜ੍ਹ ਕੇ ਭਵਿੱਖ ਨੂੰ ਹੋਰ ਉੱਜਲ ਬਣਾਉਣ ਲਈ ਨਵੀਂ ਸ਼ਕਤੀ ਪੈਦਾ ਕਰਨਗੇ ।ਇਸ ਮਾਣਮੱਤੇ ਮੌਕੇ ਧੰਨਵਾਦ ਕਰਦਿਆਂ ਸੁਰਿੰਦਰ ਕੈਲੇ ਨੇ ਕਿਹਾ ਕਿ ਇਸ ਕਾਲਜ ਨਾਲ ਮੇਰੀ ਲੰਮੇਰੀ ਸਾਂਝ ਹੈ ਤੇ ਅੱਜ ਇਹ ਸਾਂਝ ਹੋਰ ਪਕੇਰੀ ਹੋਈ ਹੈ।

# 'ਅਜੇ ਸਵੇਰਾ ਦੂਰ ਹੈ' ਦਾ ਲੋਕ ਅਰਪਣ

**ਬਠਿੰਡਾ-**ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ, ਬਠਿੰਡਾ ਵੱਲੋਂ ਇੱਥੋਂ ਦੇ ਪੈਨਸ਼ਨਰ ਭਵਨ ਵਿਖੇ ਪ੍ਰਸਿੱਧ ਇਤਿਹਾਸਕਾਰ ਹਰਭਜਨ ਸਿੰਘ ਸੇਲਬਰਾਹ ਦੁਆਰਾ ਸੰਪਾਦਿਤ ਮਰਹੂਮ ਰਣਜੀਤ ਸਿੰਘ ਮਾਨ ਦਾ ਨਾਵਲ 'ਅਜੇ ਸਵੇਰਾ ਦੂਰ ਹੈ' ਲੋਕ-ਅਰਪਣ ਕਰਨ ਲਈ ਇੱਕ ਭਾਵਪੂਰਤ ਸਮਾਗਮ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਰਣਜੀਤ ਸਿੰਘ ਸਿੱਧੂ, ਦਰਸ਼ਨ ਸਿੰਘ ਮੌੜ, ਹਰਭਜਨ ਸਿੰਘ ਸੇਲਬਰਾਹ, ਸੁਰਿੰਦਰਪ੍ਰੀਤ ਘਣੀਆਂ, ਜਸਪਾਲ ਮਾਨਖੇੜਾ, ਸੁਰਜੀਤ ਪਾਲ ਕੌਰ, ਜਗਦੇਵ ਸਿੰਘ, ਲੂਈਸ ਪਾਲ, ਲਛਮਣ ਮਲੂਕਾ, ਕੰਵਰਜੀਤ ਸਿੰਘ ਭੱਠਲ ਅਤੇ ਬਲਬਹਾਦਰ ਸਿੰਘ ਸੁਸ਼ੋਭਿਤ ਸਨ। ਸਮਾਗਮ ਦੇ ਆਰੰਭ ਵਿੱਚ ਖਨੌਰੀ ਬਾਰਡਰ ਉੱਪਰ ਸ਼ਹੀਦ ਹੋਏ ਨੌਜਵਾਨ ਸ਼ੁੱਭਕਰਨ ਸਿੰਘ ਬੱਲੋ ਅਤੇ ਪ੍ਰਸਿੱਧ ਕਹਾਣੀਕਾਰ ਸੁਖਜੀਤ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਦਰਸ਼ਨ ਸਿੰਘ ਮੌੜ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਸਮਾਜ ਨੂੰ ਦਰਪੇਸ਼ ਚੁਣੌਤੀਆਂ ਦਾ ਟਾਕਰਾ ਕਰਨ ਲਈ ਤਿਆਰ ਰਹਿਣ ਲਈ ਅਪੀਲ ਕੀਤੀ। ਇਸ ਉਪਰੰਤ ਹਰਭਜਨ ਸਿੰਘ ਸੇਲਬਰਾਹ ਨੇ ਲੋਕ ਅਰਪਿਤ ਨਾਵਲ 'ਅਜੇ ਸਵੇਰਾ ਦੂਰ ਹੈ' ਦੇ ਸੰਪਾਦਨ ਅਤੇ ਪ੍ਰਕਾਸ਼ਨ ਨਾਲ ਸੰਬੰਧਤ ਆਪਣੇ ਤਜਰਬੇ ਸਾਂਝੇ ਕਰਦਿਆਂ ਆਪਣੀਆਂ ਭਵਿੱਖ ਦੀਆਂ ਸਾਹਿਤਕ ਕਾਰਜ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

ਨਾਵਲ ਬਾਰੇ ਚਰਚਾ ਦਾ ਆਰੰਭ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆਂ ਨੇ ਕਿਹਾ ਕਿ ਇਹ ਨਾਵਲ ਮਹਿਜ਼ ਇੱਕ ਪ੍ਰੇਮ ਕਹਾਣੀ ਹੀ ਨਹੀਂ, ਬਲਕਿ ਇਹ 20ਵੀਂ ਸਦੀ ਦੇ ਆਖਰੀ ਦਹਾਕਿਆਂ ਦੀਆਂ ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ।ਉਹਨਾਂ ਕਿਹਾ ਕਿ ਕਲਾ ਪੱਖ ਤੋਂ ਵੀ ਇਹ ਨਾਵਲ ਇੰਨਾ ਪਰਪੱਕ ਅਤੇ ਸੁਹਜਮਈ ਹੈ ਕਿ ਲੱਗਦਾ ਹੀ ਨਹੀਂ ਕਿ ਨਾਵਲਕਾਰ ਦਾ ਇਹ ਪਹਿਲਾ ਨਾਵਲ ਹੈ। ਇਸ ਉਪਰੰਤ ਜਸਵਿੰਦਰ ਜੱਸ ਅਤੇ ਜਗਮੇਲ ਸਿੰਘ ਜਠੌਲ ਨੇ ਚਰਚਾ ਨੂੰ ਅੱਗੇ ਤੋਰਦਿਆਂ ਕਿਹਾ ਕਿ ਨਾਵਲਕਾਰ ਖੱਬੇ-ਪੱਖੀ ਵਿਚਾਰਧਾਰਾ ਤੋਂ ਪ੍ਰਭਾਵਤ ਦਿਖਾਈ ਦਿੰਦਾ ਹੈ ਤੇ ਉਸ ਨੂੰ ਪਿੰਡ ਤੋਂ ਲੈ ਕੇ ਸੰਸਾਰ ਪੱਧਰ ਦੇ ਵਰਤਾਰਿਆਂ ਦੀ ਡੂੰਘੀ ਸਮਝ ਹੈ। ਜਸਪਾਲ ਮਾਨਖੇੜਾ ਅਤੇ ਲਛਮਣ ਮਲੂਕਾ ਨੇ ਸੰਪਾਦਕ ਅਤੇ ਨਾਵਲਕਾਰ ਦੇ ਪਰਵਾਰ ਨੂੰ ਵਧਾਈ ਦੇਣ ਤੋਂ ਇਲਾਵਾ ਸਾਹਿਤ ਦੀ ਸਮਾਜਿਕ ਭੂਮਿਕਾ ਬਾਰੇ ਆਪਣੇ ਵਡਮੁੱਲੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ।

ਸਮਾਗਮ ਦੇ ਪ੍ਰਬੰਧਕਾਂ ਵੱਲੋਂ ਮਰਹੂਮ ਨਾਵਲਕਾਰ ਰਣਜੀਤ ਸਿੰਘ ਮਾਨ ਦੇ ਪਰਵਾਰ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਦੀ ਭੂਮਿਕਾ ਕਰਮ ਸਿੰਘ ਫੂਲ ਨੇ ਬਾਖੂਬੀ ਨਿਭਾਈ।

# 'ਮਾਤ ਭਾਸ਼ਾ 'ਚ ਰੁਜ਼ਗਾਰ ਦੀਆਂ ਸੰਭਾਵਨਾਵਾਂ' ਵਿਸ਼ੇ 'ਤੇ ਸੈਮੀਨਾਰ

ਬਰੇਟਾ : ਸਥਾਨਕ ਸਾਹਿਤ ਤੇ ਕਲਾ ਮੰਚ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਸਹਿਯੋਗ ਨਾਲ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ, ਮਾਨਸਾ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਿਤ ਇੱਕ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪ੍ਰੋ. ਸਤਿਨਾਮ ਸਿੰਘ ਸੰਧੂ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਨਿਰੰਜਣ ਬੋਹਾ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚ ਪਰਮਿੰਦਰ ਸਿੰਘ ਕਟੌਦੀਆ, ਦਰਸ਼ਨ ਬਰੇਟਾ, ਜਗਦੀਸ਼ ਰਾਏ ਕੁਲਰੀਆਂ ਅਤੇ ਪ੍ਰਿੰਸੀਪਲ ਡਾ. ਹਰੀ ਕ੍ਰਿਸ਼ਨ ਮੌਜੂਦ ਸਨ। ਸਭ ਦਾ ਸਵਾਗਤ ਕਰਦਿਆਂ ਜ਼ਿਲ੍ਹਾ ਭਾਸ਼ਾ ਅਫਸਰ ਤੇਜਿੰਦਰ ਕੌਰ ਨੇ ਭਾਸ਼ਾ ਵਿਭਾਗ ਦੇ ਕਾਰਜਾਂ ਅਤੇ ਸਕੀਮਾਂ ਨੂੰ ਸਾਂਝਾ ਕੀਤਾ। ਉਨ੍ਹਾ ਇਸ ਮੌਕੇ ਮਾਂ-ਬੋਲੀ ਦੇ ਮਹੱਤਵ ਅਤੇ ਭਵਿੱਖ ਬਾਰੇ ਗੱਲਾਂ ਕੀਤੀਆਂ। ਮੁੱਖ ਵਕਤਾ ਵਜੋਂ ਪੰਜਾਬੀ ਕਵੀ, ਅਨੁਵਾਦਕ ਅਤੇ ਮੀਡੀਆ ਕਰਮੀ ਪ੍ਰੋ. ਦੀਪ ਜਗਦੀਪ ਸਿੰਘ ਨੇ 'ਮਾਤ ਭਾਸ਼ਾ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ' ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾ ਆਪਣੀ ਗੱਲਬਾਤ ਦੌਰਾਨ ਅਨੁਵਾਦ ਅਤੇ ਮੀਡੀਆ ਉਪਰ ਗੱਲ ਕਰਦਿਆਂ ਕਿਹਾ ਕਿ ਉਸ ਨੂੰ ਪੰਜਾਬੀ ਨਾਲ ਇਸ਼ਕ ਹੈ। ਉਹਦੇ ਸਾਹ ਪੰਜਾਬੀ ਨਾਲ ਹੀ ਚਲਦੇ ਹਨ। ਉਹ ਪੰਜਾਬੀ ਦੇ ਸਿਰ 'ਤੇ ਹੀ ਜਿਉਂਦਾ ਹੈ ਤੇ ਰੋਟੀ ਕਮਾਉਂਦਾ ਹੈ। ਉਨ੍ਹਾ ਕਿਹਾ ਕਿ ਉਹ ਹਰ ਭਾਸ਼ਾ ਵਿਚੋਂ ਆਪਣੀ ਮਾਂ-ਬੋਲੀ ਦੇ ਹਿੱਤ ਲਈ ਲੋੜੀਂਦਾ ਮਸਾਲਾ ਲੱਭਦਾ ਹੈ। ਉਨ੍ਹਾ ਇਸ ਮੌਕੇ ਵਿਦਿਆਰਥੀਆਂ ਨੂੰ ਅਨੁਵਾਦ ਅਤੇ ਮੀਡੀਆ ਕਿਵੇਂ ਰੁਜ਼ਗਾਰ ਬਣ ਸਕਦਾ ਹੈ, ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਪ੍ਰੋ. ਸਤਿਨਾਮ ਸਿੰਘ ਸੰਧੂ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੀ ਉਨਤੀ ਤੇ ਵਿਕਾਸ ਲਈ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਅਪਣਾਉਣ ਵਿਚ ਗੁਰੇਜ਼ ਨਹੀਂ ਕਰਨਾ ਚਾਹੀਦਾ।

ਇਸ ਮੌਕੇ ਨਿਰੰਜਣ ਬੋਹਾ, ਪ੍ਰੋ. ਦਰਸ਼ਨ ਢਿੱਲੋਂ, ਬਲਜਿੰਦਰ ਜੌੜਕੀਆਂ, ਹਰਦੀਪ ਸਿੱਧੂ, ਪਿਆਰਾ ਸਿੰਘ ਗੁਰਨੇ ਕਲਾਂ, ਜਗਜੀਵਨ ਆਲੀਕੇ, ਕੁਲਦੀਪ ਚੌਹਾਨ, ਵਨੀਤ ਕੁਮਾਰ, ਡਾ. ਭਵਾਨੀ ਸ਼ੰਕਰ ਗਰਗ, ਪ੍ਰੋ. ਬੂਟਾ ਸਿੰਘ, ਡਾ. ਸੰਦੀਪ ਕੌਰ ਪ੍ਰਿੰਸੀਪਲ, ਮਾਤਾ ਗੁਦੇਵ ਕੌਰ ਕਾਲਜ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਰਾਜਿੰਦਰ ਸਿੰਘ, ਜਗਦੇਵ ਸਿੰਘ, ਪ੍ਰੋ. ਸੁਪਿੰਦਰਪਾਲ ਸਿੰਘ ਨੇ ਵੀ ਅੱਜ ਦੇ ਦਿਹਾੜੇ ਸੰਬੰਧੀ ਵਿਚਾਰ ਰੱਖੇ। ਕਾਲਜ ਪ੍ਰਿੰਸੀਪਲ ਡਾ. ਹਰੀ ਕ੍ਰਿਸ਼ਨ ਨੇ ਧੰਨਵਾਦ ਕਰਦੇ ਹੋਏ ਭਾਸ਼ਾ ਵਿਭਾਗ ਤੇ ਸਾਹਿਤ ਤੇ ਕਲਾ ਮੰਚ ਦਾ ਇਸ ਸਮਾਗਮ ਕਰਵਾਉਣ ਲਈ ਧੰਨਵਾਦ ਕੀਤਾ।

# ਵਿਸ਼ਵ ਪੰਜਾਬੀ ਪ੍ਰਚਾਰ ਸਭਾ ਵੱਲੋਂ ਸਨਮਾਨ

**ਚੰਡੀਗੜ੍ਹ-**ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਰਣਜੋਧ ਸਿੰਘ ਰਾਣਾ ਨੂੰ ਸਨਮਾਨਿਤ ਕਰਨ ਦਾ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਉਨ੍ਹਾਂ ਨੂੰ ਇਹ ਸਨਮਾਨ ਸੰਸਥਾ ਦੇ ਦਫਤਰ ਪਹਿਲੀ ਵਾਰ ਪਹੁੰਚਣ ਦੇ ਸਤਿਕਾਰ ਵਜੋਂ ਦਿੱਤਾ ਗਿਆ।ਸਨਮਾਨ ਦੀ ਰਸਮ ਅਦਾ ਕਰਨ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਰਣਜੋਧ ਰਾਣਾ ਅਤੇ ਦੂਜੇ ਸਾਹਿਤਕਾਰਾਂ ਨੂੰ ਜੀ ਆਇਆਂ ਨੂੰ ਕਿਹਾ। ਮਹਿਮਾਨ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਰਣਜੋਧ ਰਾਣਾ ਪੰਜਾਬੀ ਸੱਭਿਆਚਾਰ ਨੂੰ ਜੀਵਤ ਰੱਖਣ ਲਈ ਅਨੇਕਾਂ ਗੀਤਾਂ ਦੀ ਰਚਨਾ ਕਰ ਚੁੱਕੇ ਹਨ, ਜਿਨ੍ਹਾਂ ਨੂੰ ਪੰਜਾਬ ਦੇ ਉੱਚ ਕੋਟੀ ਦੇ ਗਾਇਕਾਂ ਵੱਲੋਂ ਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮੌਕੇ ਉਨ੍ਹਾਂ ਨੂੰ ਸਨਮਾਨਿਤ ਕਰਨ ਵਾਲਿਆਂ ਵਿੱਚ ਬਹਾਦਰ ਸਿੰਘ ਗੋਸਲ, ਜਗਤਾਰ ਸਿੰਘ ਜੋਗ, ਬਲਵਿੰਦਰ ਸਿੰਘ, ਬੀਬੀ ਬਲਜਿੰਦਰ ਕੌਰ ਸ਼ੇਰਗਿੱਲ, ਸ੍ਰ. ਨੱਥਾ ਸਿੰਘ ਸ਼ਾਮਲ ਸਨ।

ਇਸ ਮੌਕੇ ਰਣਜੋਧ ਰਾਣਾ ਨੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਤਨੋ-ਮਨੋ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਲਈ ਹਰ ਸਮੇਂ ਸੰਸਥਾ ਨੂੰ ਹਰ ਸੰਭਵ ਸਹਾਇਤਾ ਦੇਣਗੇ।

# ਪਾਠਕਾਂ ਦੇ ਝਰੋਖੇ 'ਚੋਂ

## ਅਸ਼ਰਫ ਸੁਹੇਲ ਨਾਲ ਮੁਲਾਕਾਤ

25 ਫਰਵਰੀ ਦੇ ਨਵਾਂ ਜ਼ਮਾਨਾ ਵਿਚ ਸਾਹਿਤਕਾਰ ਜਸਵੀਰ ਸਿੰਘ ਭਲੂਰੀਆ ਦੀ ਲਹਿੰਦੇ ਪੰਜਾਬ ਦੇ ਹਰਮਨਪਿਆਰੇ ਅਦੀਬ ਅਸ਼ਰਫ ਸੁਹੇਲ ਨਾਲ ਸਾਹਿਤਕ ਮੁਲਾਕਾਤ ਪੜ੍ਹ ਕੇ ਬਹੁਤ ਖੁਸ਼ੀ ਹੋਈ। ਪਾਕਿਸਤਾਨ ਵਿਚ ਪੰਜਾਬੀ ਦੀ ਹਾਲਤ ਭਾਵੇਂ ਇਧਰਲੇ ਪੰਜਾਬ ਨਾਲੋਂ ਹਲਕੀ ਹੈ, ਪਰ ਅਸ਼ਰਫ ਸੁਹੇਲ ਦੇ ਯਤਨਾਂ ਸਦਕਾ ਹੁਣ ਪੰਜਾਬੀ ਦੀ ਕੁਝ ਦੱਸ-ਪੁੱਛ ਹੋਣ ਲੱਗ ਪਈ ਹੈ। ਬਾਲ ਰਸਾਲਾ 'ਪੰਖੇਰੂ' ਇਧਰਲੇ ਪੰਜਾਬ ਦੇ ਬਾਲ ਸਾਹਿਤਕਾਰਾਂ ਵਿਚ ਬਹੁਤ ਮਕਬੂਲ ਹੋਇਆ ਹੈ। ਡਾ. ਦਰਸ਼ਨ ਸਿੰਘ ਆਸ਼ਟ ਨੇ ਇਸ ਸੰਬੰਧ ਵਿਚ ਬਹੁਤ ਕੰਮ ਕੀਤਾ ਹੈ। ਇਧਰਲੇ ਪੰਜਾਬ ਵਿੱਚੋਂ ਲੇਖਕਾਂ ਦੀਆਂ ਰਚਨਾਵਾਂ 'ਪੰਖੇਰੂ' ਨੂੰ ਭੇਜੀਆਂ ਹਨ, ਜਿਨ੍ਹਾਂ ਨਾਲ ਦੋਨੋਂ ਪੰਜਾਬਾਂ ਦੀ ਸਾਹਿਤਕ ਸਾਂਝ ਵਧੀ ਹੈ। ਅਸ਼ਰਫ ਸੁਹੇਲ ਦਾ ਪੰਜਾਬੀ ਲਈ ਬਹੁਤ ਵੱਡਾ ਯੋਗਦਾਨ ਹੈ। ਇਕ ਸਿਫਤ ਹੈ ਕਿ ਲਹਿੰਦੇ ਪੰਜਾਬ ਦੀ ਮਿੱਠੀ ਪੰਜਾਬੀ ਦਿਲਾਂ ਨੂੰ ਧੂਹ ਪਾਉਂਦੀ ਹੈ। ਮੈਂ ਅਕਸਰ ਲਹਿੰਦੇ ਪੰਜਾਬ ਵਿਚ ਬਣੀਆਂ ਪੰਜਾਬੀ ਫਿਲਮਾਂ ਵਿਚ ਗਾਏ ਮੈਡਮ ਨੂਰ ਜਹਾਂ, ਅਨੈਤ ਹੁਸੈਨ ਭੱਟੀ, ਜ਼ੁਬੈਦਾ ਖਾਨਮ ਆਦਿ ਦੇ ਗਾਏ ਮਿੱਠੇ ਮਿਸ਼ਰੀ ਜਿਹੇ ਗੀਤ ਸੁਣ ਕੇ ਆਨੰਦ ਲੈਂਦਾ ਹਾਂ। ਲਹਿੰਦੇ ਪੰਜਾਬ ਦੀ ਪੰਜਾਬੀ ਦੀ ਮਿਠਤ ਨੇ ਦੁਨੀਆ ਭਰ ਵਿਚ ਆਪਣਾ ਰੰਗ ਵਿਖਾਇਆ ਹੈ। ਪੰਜਾਬੀ ਦੇ ਪਿਆਰੇ ਬੋਲਾਂ ਵਿਚ ਮਿਠਾਸ ਦੇ ਨਾਲ ਸਾਦਗੀ ਵੀ ਹੈ। ਸ਼ਾਲਾ ਮੇਰੀ ਰੀਝ ਹੈ ਕਿ ਲਹਿੰਦੇ ਪੰਜਾਬ ਵਿਚ ਪੰਜਾਬੀ ਹੋਰ ਵੀ ਵਧੇ-ਫੁੱਲੇ ਤੇ ਸਾਂਝੇ ਪੰਜਾਬ ਦੀ ਪੰਜਾਬੀ ਦਾ ਦੁਨੀਆ ਭਰ ਵਿਚ ਡੰਕਾ ਵੱਜੇ। ਮੇਰੀ ਗੁਜਾਰਿਸ਼ ਹੈ ਕਿ ਲਹਿੰਦੇ ਪੰਜਾਬ ਦੇ ਹੋਰ ਸੂਰਜਾਂ ਦੀ ਗੱਲ ਵੀ ਨਵਾਂ ਜ਼ਮਾਨਾ ਵਿਚ ਹੋਵੇ। ਲਹਿੰਦੇ ਪੰਜਾਬ ਦੇ ਅਦੀਬਾਂ ਨੂੰ ਮੇਰਾ ਸਲਾਮ। ਪੰਜਾਬੀ ਫਿਲਮਾਂ ਦੇ ਗਾਇਕ-ਕਲਾਕਾਰਾਂ ਨੂੰ ਮੇਰਾ ਆਦਾਬ। ਡਾ. ਦੀਪਤੀ ਨੇ ਗਰੀਬੀ ਦਾ ਵਿਸ਼ਾਲ ਪ੍ਰਸੰਗ ਪੇਸ਼ ਕੀਤਾ ਹੈ। ਖਾਸ ਕਰਕੇ ਗਰੀਬੀ ਸ਼ਬਦ ਨੂੰ ਸਿਆਸਤਦਾਨਾਂ ਨੇ ਬਹੁਤ ਵਰਤਿਆ ਹੈ। ਕਿਸੇ ਵੇਲੇ ਗਰੀਬੀ ਹਟਾਓ ਨਾਅਰਾ ਸੁਣ ਕੇ ਹੀ ਲੋਕ ਵੋਟਾਂ ਦੇ ਗਏ ਸੀ। ਗਰੀਬੀ ਸੰਤਾਪ ਹੈ। ਰੱਬ ਕਿਸੇ ਨੂੰ ਗਰੀਬੀ ਨਾ ਵਿਖਾਵੇ। ਹਾਂ ਗੁਜ਼ਾਰੇ ਜਿੰਨੀ ਮਾਇਆ ਜ਼ਰੂਰ ਦੇਵੇ। ਸਰਕਾਰਾਂ ਨੂੰ ਵੀ ਰੱਬ ਸੁਮੱਤ ਦੇਵੇ ਕਿ ਕਿਸੇ ਨੂੰ ਬੇਰੁਜ਼ਗਾਰ ਨਾ ਰੱਖੇ। ਬੇਰੁਜ਼ਗਾਰੀ ਗਰੀਬੀ ਦੀ ਜੜ੍ਹ ਹੈ। ਜਦੋਂ ਦੀ ਗੱਲ ਦੀਪਤੀ ਜੀ ਨੇ ਲਿਖੀ ਹੈ, ਉਸ ਵੇਲੇ ਸਮੇਂ ਬਹੁਤ ਸਸਤੇ ਸੀ। ਬਹੁਤ ਘੱਟ ਕਮਾਈ ਹੁੰਦੀ ਸੀ, ਪਰ ਗੁਜ਼ਾਰਾ ਚੰਗਾ ਹੋ ਜਾਂਦਾ ਸੀ। ਮੇਰੀ ਕਾਲਜ ਦੀ ਫੀਸ ਪੰਜ ਰੁਪਏ ਹੁੰਦੀ ਸੀ। ਡਾ. ਦੀਪਤੀ ਨੇ ਸਸਤੇ ਸਮੇਂ ਵਿਚ ਡਾਕਟਰੀ ਦਾ ਕੋਰਸ ਕਰ ਲਿਆ ਸੀ। ਮਹਿੰਗਾਈ ਨੇ ਹੁਣ ਗਰੀਬੀ ਵਧਾਈ ਹੈ। ਲੋੜਾਂ ਬਹੁਤ ਜ਼ਿਆਦਾ ਹੋ ਗਈਆਂ ਹਨ। ਮਸ਼ੀਨੀਕਰਨ ਨੇ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਿਆ ਹੈ। ਗੁਰਮੀਤ ਸਿੰਘ ਸ਼ੁਗਲੀ ਨੇ ਲੇਖ ਵਿਚ ਸਪੱਸ਼ਟ ਲਿਖਿਆ ਹੈ ਕਿ ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੂੰ ਕਿਹਾ ਹੈ ਕਿ ਵੋਟਾਂ ਈ ਵੀ ਐੱਮ ਦੀ ਥਾਂ ਬੈਲਟ ਪੇਪਰ 'ਤੇ ਪਾਉਣ ਲਈ ਜ਼ੋਰ ਲਾਉਣ। ਬਿਲਕੁਲ ਦਰੁਸਤ ਹੈ।ਬੈਲਟ ਪੇਪਰਾਂ 'ਤੇ ਸਹੀ ਵੋਟਿੰਗ ਹੋ ਸਕਦੀ ਹੈ। ਵੋਟਿੰਗ ਮਸ਼ੀਨਾਂ ਕਾਫੀ ਸਮੇਂ ਤੋਂ ਚਰਚਾ ਦਾ ਵਿਸ਼ਾ ਹਨ।

ਸਿਆਸੀ ਪਾਰਟੀਆਂ ਵਿਚ ਵੀ ਮਸ਼ੀਨਾਂ ਪ੍ਰਤੀ ਸ਼ੱਕ ਹੈ। 'ਲੋਕਾਂ ਦੀ ਗੱਲ' ਦੇ ਕਾਲਮਨਵੀਸ ਨੇ ਕਿਸਾਨੀ ਜਥੇਬੰਦੀਆਂ ਦੇ ਏਕੇ ਦੀ ਗੱਲ ਕੀਤੀ ਹੈ। ਇਸ ਵਾਰ ਦਾ ਕਿਸਾਨੀ ਸੰਘਰਸ਼ ਕਿਸਾਨਾਂ ਦਾ ਨੁਕਸਾਨ ਕਰਾ ਰਿਹਾ ਹੈ। ਹਰਿਆਣਾ ਨੇ ਕਿਸਾਨਾਂ 'ਤੇ ਬਹੁਤ ਵੱਡਾ ਜ਼ੁਲਮ ਕੀਤਾ ਹੈ। ਕਿਸਾਨਾਂ 'ਤੇ ਤਸ਼ੱਦਦ ਕਰਨਾ ਬਹੁਤ ਨਿੰਦਣਯੋਗ ਹੈ। ਫਿਰ ਇਕ ਨੌਜਵਾਨ ਦੇ ਗੋਲੀ ਮਾਰ ਕੇ ਕਤਲ ਦੀ ਦੁਨੀਆ ਭਰ ਵਿਚ ਨਿਖੇਧੀ ਹੋਈ ਹੈ? ਪ੍ਰਿੰਸੀਪਲ ਸਰਵਣ ਸਿੰਘ ਨੇ ਵਰਿਆਮ ਸਿੰਘ ਸੰਧੂ ਦੀ ਕਿਤਾਬ 'ਹੀਰੇ ਬੰਦੇ' ਦੀ ਜਾਣਪਛਾਣ ਬਹੁਤ ਵਧੀਆ ਸ਼ਬਦਾਂ ਵਿਚ ਕੀਤੀ ਹੈ। ਸ਼ਬਦ ਚਿੱਤਰਾਂ ਦੀ ਇਹ ਕਿਤਾਬ ਪੜ੍ਹਨ ਵਾਲੀ ਹੈ। ਵਰਿਆਮ ਸਿੰਘ ਸੰਧੂ ਨੇ ਵੱਡੇ ਸਾਹਿਤਕਾਰਾਂ ਦੇ ਚਿਹਰੇ ਪਾਠਕਾਂ ਅੱਗੇ ਲਿਆਂਦੇ ਹਨ। ਇਹ ਸਾਹਿਤਕਾਰ ਤੇ ਕਲਾਕਾਰ ਲੋਕਾਂ ਦੇ ਦਿਲਾਂ ਵਿਚ ਵਸਦੇ ਹਨ। ਨਾਵਲਕਾਰ ਜਸਵੰਤ ਸਿੰਘ ਕੰਵਲ ਲੱਖਾਂ ਪਾਠਕਾਂ ਦੇ ਦਿਲਾਂ ਦੀ ਧੜਕਣ ਹੈ। ਬਾਕੀ ਸਾਰੇ ਸਾਹਿਤਕਾਰ ਵੀ ਕਿਤਾਬ ਪੜ੍ਹਨ ਪਿੱਛੋਂ ਪਾਠਕਾਂ ਦੇ ਹੋਰ ਵੀ ਨੇੜੇ ਹੋਣਗੇ। ਇਹ ਮੇਰਾ ਵਿਸ਼ਵਾਸ ਹੈ। ਕਿਤਾਬਾਂ ਮੇਰਾ ਬਸਤਾ ਤੇ ਗੁੱਝੀ ਪੀੜ ਬਾਰੇ ਪੜ੍ਹ ਕੇ ਚੰਗਾ ਲੱਗਾ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

# 'ਰਮਕ' 'ਤੇ ਵਿਚਾਰ-ਚਰਚਾ

**ਬਰੇਟਾ** : ਸਥਾਨਕ ਸਾਹਿਤ ਤੇ ਕਲਾ ਮੰਚ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਅਤੇ ਭਾਰਤ ਗਿਆਨ-ਵਿਗਿਆਨ ਸੰਮਤੀ ਜ਼ਿਲ੍ਹਾ ਮਾਨਸਾ ਦੇ ਸਹਿਯੋਗ ਨਾਲ ਨੌਜਵਾਨ ਸ਼ਾਇਰ ਸਤਿਬੀਰ ਸਿੰਘ ਮੰਡੇਰ ਦੀ ਪਲੇਠੀ ਕਾਵਿ-ਪੁਸਤਕ 'ਰਮਕ' ਉੱਪਰ ਸਾਹਿਤਕ ਗੋਸ਼ਟੀ ਕੀਤੀ ਗਈ। ਇਸ ਗੋਸ਼ਟੀ ਵਿਚ 'ਤਾਸਮਨ' ਦੇ ਸੰਪਾਦਕ ਤੇ ਸ਼ਾਇਰ ਸੱਤਪਾਲ ਭੀਖੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦ ਕਿ ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਸ਼ਾਇਰ ਤੇ ਭਾਸ਼ਾ ਵਿਭਾਗ ਮਾਨਸਾ ਦੇ ਖੋਜ ਅਫਸਰ ਗੁਰਪ੍ਰੀਤ, ਆਲੋਚਕ ਨਿਰੰਜਣ ਬੋਹਾ, ਭਾਰਤ ਗਿਆਨ ਵਿਗਿਆਨ ਸੰਮਤੀ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਬਰੇਟਾ, ਸਾਹਿਤਕਾਰ ਜਗਦੀਸ਼ ਰਾਏ ਕੁਲਰੀਆਂ ਸ਼ਾਮਲ ਹੋਏ। ਇਸ ਗੋਸ਼ਟੀ ਵਿਚ ਪ੍ਰੋ. ਗੁਰਦੀਪ ਸਿੰਘ ਢਿੱਲੋਂ ਨੇ ਪਰਚਾ ਪੜ੍ਹਦਿਆਂ ਕਿਤਾਬ 'ਰਮਕ' ਵਿਚਲੀਆਂ ਡੂੰਘੀਆਂ ਰਮਜ਼ਾਂ ਦੀ ਗੱਲ ਕੀਤੀ। ਉਨ੍ਹਾ ਕਿਹਾ ਕਿ ਕਵੀ ਦੀ ਸੂਖਮ ਦ੍ਰਿਸ਼ਟੀ ਵਿਸ਼ਵੀ ਵਰਤਾਰਿਆਂ ਨੂੰ ਚਿਤਰਦੀ ਹੋਈ ਆਪਣੀ ਜ਼ਮੀਨ ਨਾਲ ਵੀ ਜੁੜੀ ਰਹਿੰਦੀ ਹੈ, ਜਿਸ ਕਾਰਨ ਉਸ ਦੀਆਂ ਕਵਿਤਾਵਾਂ ਵਿਚ ਪਿੰਡਾਂ ਦਾ ਜ਼ਿਕਰ ਹੈ। ਇਸ ਤੋਂ ਪਹਿਲਾਂ ਸਾਹਿਤ ਤੇ ਕਲਾ ਮੰਚ ਦੇ ਪ੍ਰਧਾਨ ਡਾ. ਭਵਾਨੀ ਸ਼ੰਕਰ ਗਰਗ ਨੇ 'ਜੀ ਆਇਆਂ ਨੂੰ' ਕਹਿੰਦਿਆਂ ਮਹਾਨ ਸ਼ਾਇਰ ਸੁਰਜੀਤ ਪਾਤਰ ਦੀ ਨਜ਼ਮ ਵੀ ਸਾਂਝੀ ਕੀਤੀ। ਪੁਸਤਕ ਦੇ ਲੇਖਕ ਸਤਿਬੀਰ ਸਿੰਘ ਮੰਡੇਰ ਨੇ ਕਿਤਾਬ ਲਿਖਣ ਦੇ ਮਕਸਦ ਅਤੇ ਆਪਣੇ ਵਲਵਲੇ ਸਾਂਝੇ ਕੀਤੇ। ਪੇਪਰ 'ਤੇ ਚਰਚਾ ਕਰਦਿਆਂ ਨਿਰੰਜਣ ਬੋਹਾ ਤੇ ਸ਼ਾਇਰ ਗੁਰਪ੍ਰੀਤ ਨੇ ਪ੍ਰੋ. ਢਿੱਲੋਂ ਦੀਆਂ ਗੱਲਾਂ ਨੂੰ ਵਿਸਥਾਰ ਦਿੰਦਿਆਂ ਕਿਹਾ ਕਿ ਸਤਿਬੀਰ ਦੇ ਫਿਕਰ ਵੱਡੇ ਹਨ। ਉਹ ਸਮਾਜਿਕ ਚੁਣੌਤੀਆਂ ਨੂੰ ਚੰਗੇ ਢੰਗ ਨਾਲ ਪੇਸ਼ ਕਰਦਾ ਹੈ।

# ਸਾਹਿਤ-ਸੱਭਿਆਚਾਰਕ ਮੰਚ ਵੱਲੋਂ ਸਮਾਗਮ



**ਖੰਨਾ-**ਪੰਜਾਬੀ ਸਾਹਿਤ-ਸੱਭਿਆਚਾਰਕ ਮੰਚ (ਰਜਿ.) ਪੰਜਾਬ-ਖੰਨਾ, ਬਲਦੇਵ ਸਪੋਰਟਸ ਕਲੱਬ ਫਰੌਰ ਅਤੇ ਸਾਹਿਤਕ ਸੱਥ ਫਰੌਰ ਵੱਲੋਂ ਸਾਂਝੇ ਤੌਰ 'ਤੇ ਵਿਸ਼ੇਸ਼ ਸਨਮਾਨ ਸਮਾਗਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਰੌਰ (ਖਮਾਣੋਂ) ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਕਹਾਣੀਕਾਰ ਜਸਦੇਵ ਜੱਸ ਨੂੰ 'ਗਿਆਨੀ ਲਾਭ ਸਿੰਘ ਮੀਲੂ ਯਾਦਗਾਰੀ ਪੁਰਸਕਾਰ' ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਪ੍ਰਧਾਨਗੀ ਮੰਡਲ ਵਿਚ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ, ਨਾਇਬ ਸਿੰਘ, ਰਬਿੰਦਰ ਸਿੰਘ ਰੱਬੀ, ਬਚਿੱਤਰ ਸਿੰਘ ਲਖਣਪੁਰ, ਕਹਾਣੀਕਾਰ ਜਸਦੇਵ ਜੱਸ ਤੇ ਪਰਮਜੀਤ ਸਿੰਘ ਧੀਮਾਨ ਸ਼ਾਮਲ ਸਨ।

ਨਾਇਬ ਸਿੰਘ ਨੇ ਆਏ ਮਹਿਮਾਨਾਂ, ਸਾਹਿਤਕਾਰਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਸਕੂਲ ਵਿਚ ਆਯੋਜਿਤ ਹੋ ਰਹੇ ਸਾਹਿਤਕ ਸਮਾਗਮ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਇਹ ਸੰਸਥਾਵਾਂ ਸਾਹਿਤ ਅਤੇ ਸੱਭਿਆਚਾਰਕ ਗਤੀਵਿਧੀਆਂ ਜਾਰੀ ਰੱਖਦਿਆਂ ਹੋਇਆਂ ਪੰਜਾਬੀ-ਮਾਂ ਬੋਲੀ ਦੀ ਸੇਵਾ ਕਰ ਰਹੀਆਂ ਸ਼ਖਸੀਅਤਾਂ ਨੂੰ ਪਾਠਕਾਂ ਅਤੇ ਸਰੋਤਿਆਂ ਦੇ ਰੂ-ਬ-ਰੂ ਕਰਦਾ ਰਹੇਗਾ। ਉਨ੍ਹਾਂ ਗਿਆਨੀ ਲਾਭ ਸਿੰਘ ਮੀਲੂ ਬਾਰੇ ਬੋਲਦਿਆਂ ਕਿਹਾ ਕਿ ਉਹ ਅਧਿਆਪਕ ਦੇ ਨਾਲ-ਨਾਲ ਚੰਗੇ ਸਾਹਿਤਕਾਰ ਵੀ ਸਨ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰ ਅਤੇ ਸਾਹਿਤ ਨਾਲ ਵੀ ਜੋੜਿਆ।

ਇਸ ਮੌਕੇ ਜਸਦੇਵ ਜੱਸ ਅਤੇ ਉਸ ਦੇ ਕਹਾਣੀ ਸੰਗ੍ਰਹਿ "ਰੌਸ਼ਨੀ ਦੀਆਂ ਕਿਰਚਾਂ" ਬਾਰੇ ਰਬਿੰਦਰ ਸਿੰਘ ਰੱਬੀ ਨੇ ਜਿੱਥੇ ਲੇਖਕ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ, ਉਥੇ ਹੀ ਕਹਾਣੀ ਸੰਗ੍ਰਹਿ 'ਤੇ ਪਰਚਾ ਪੜ੍ਹਦਿਆਂ ਕਿਹਾ ਕਿ ਇਹ ਪੁਸਤਕ ਬੰਦੇ ਦੇ ਅੰਦਰ ਝਾਕਣ ਦਾ ਕੀਤਾ ਗਿਆ ਹੀਲਾ ਹੈ, ਜੱਸ ਦੀਆਂ ਕਹਾਣੀਆਂ ਦਾ ਕੇਂਦਰ ਬਿੰਦੂ, ਬੰਦੇ ਦੇ ਅੰਦਰ ਉਸ ਦੀਆਂ ਇਛਾਵਾਂ ਦੀ ਬਾਤ ਪਾਉਣਾ ਹੈ, ਜੋ ਅਧੂਰੀਆਂ ਰਹਿ ਜਾਂਦੀਆਂ ਹਨ, ਇਨ੍ਹਾਂ ਅਧੂਰੀਆਂ ਖਾਹਿਸ਼ਾਂ ਦੇ ਟੋਕਰੇ ਚੁੱਕੀ ਬੰਦਾ ਦਿੱਲੀ, ਦੱਖਣ ਗਾਹ ਆਉਂਦਾ ਹੈ, ਪਰ ਘਰ ਅਤੇ ਘਰ ਦੇ ਉਸ ਦਾ ਸਾਥ ਨਹੀਂ ਛੱਡਦੇ, ਕਹਾਣੀਕਾਰ ਬੰਦੇ ਦੀਆਂ ਅੰਦਰਲੀਆਂ ਸੂਖਮ ਤੈਹਾਂ ਨੂੰ ਫੜ ਕੇ ਸਾਂਭਣ ਦੇ ਯਤਨ ਵਿਚ ਹੈ। ਬਲਵਿੰਦਰ ਸਿੰਘ ਗਰੇਵਾਲ ਨੇ ਜਿੱਥੇ ਗਿਆਨੀ ਲਾਭ ਸਿੰਘ ਮੀਲੂ ਦੀ ਲਿਖਣ ਕਲਾ, ਉਨ੍ਹਾਂ ਵੱਲੋਂ ਸਾਹਿਤਕ ਤੇ ਸਮਾਜਿਕ ਖੇਤਰ ਵਿਚ ਪਾਏ ਯੋਗਦਾਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ, ਉਥੇ ਹੀ ਉਨ੍ਹਾਂ ਕਹਾਣੀਕਾਰ ਜਸਦੇਵ ਜੱਸ ਦਾ ਉਕਤ ਸੰਸਥਾਵਾਂ ਵੱਲੋਂ ਸਨਮਾਨ ਕਰਨ ਲਈ ਵਧਾਈ ਦਿੱਤੀ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਧਰਮ ਅਧਾਰਿਤ ਸੋਚ ਨੂੰ ਬਲਵਾਨ ਕਰਦਾ ਸੀ ਏ ਏ : ਮੱਖਣ ਕੁਹਾੜ

ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਪੂੰਝੇ-2 : ਡਾ. ਗਿਆਨ ਸਿੰਘ

'ਰੰਗ-ਮੰਚ ਦੇ ਸਿਰਨਾਵੇਂ' ਦੀ ਪਰਖ ਪੜਚੋਲ : ਡਾ. ਸੰਦੀਪ ਕੌਰ

ਗੁਰਸੇਵਕ ਲੰਬੀ ਦੀਆਂ ਨਵੀਂਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

*ਦੀਪ ਜਗਦੀਪ ਸਾਡੇ ਸਮਿਆਂ ਦਾ ਅਜਿਹਾ ਸ਼ਾਇਰ ਹੈ, ਜਿਸ ਨੂੰ ਲੋਕ ਸ਼ਾਇਰ ਨਾਲੋਂ ਵਧੇਰੇ ਮੀਡੀਆ ਜਗਤ ਦੇ ਬੰਦੇ ਵਾਲੀ ਪਛਾਣ ਕਰਕੇ ਵਧੇਰੇ ਜਾਣਦੇ ਹਨ, ਪਰ ਉਹ ਬਹੁਤ ਹੀ ਸੂਖਮ ਤੇ ਸੁਹਜਭਾਵੀ ਸ਼ਾਇਰ ਹੈ, ਜੋ ਸਮਕਾਲੀ ਵਰਤਾਰਿਆਂ ਨੂੰ ਬਹੁਤ ਹੀ ਨੀਝ ਨਾਲ ਦੇਖਦਾ ਹੈ, ਘੋਖਦਾ ਹੈ, ਉਨ੍ਹਾ ਦੀ ਕਾਵਿਮਈ ਪੇਸ਼ਕਾਰੀ ਕਰਦਿਆਂ ਉਹ ਕੇਵਲ ਵਰਤਾਰਿਆਂ ਦੀ ਜਾਣਕਾਰੀ ਤੱਕ ਹੀ ਮਹਿਦੂਦ ਨਹੀਂ ਰਹਿੰਦਾ, ਸਗੋਂ ਵਰਤਾਰਿਆਂ ਵਿਚਲੀਆਂ ਕਾਣਾਂ ਨੂੰ ਵੀ ਉਜਾਗਰ ਕਰਦਾ ਹੈ। ਉਸ ਦੀਆਂ ਇਹ ਨਵੀਆਂ ਕਵਿਤਾਵਾਂ ਇਸ ਤੱਥ ਦੀ ਗਵਾਹੀ ਭਰਨਗੀਆਂ।*

*-ਸੰਪਾਦਕ*

# ਦੀਪ ਜਗਦੀਪ ਸਿੰਘ ਦੀਆਂ ਕਵਿਤਾਵਾਂ



## ਸਭ ਤੋਂ ਖ਼ਤਰਨਾਕ

(ਸ਼ੁਭਕਰਨ ਦੀ ਸ਼ਹਾਦਤ ਨੂੰ ਨਮਨ ਕਰਦਿਆਂ)

ਚੁੱਪ ਰਹੋ ਤੁਸੀਂ
ਬੋਲਣਾ ਤੁਹਾਨੂੰ ਮਾਫ਼ਕ ਨਹੀਂ
ਕਤਲ ਹੋਣ ਦਾ ਡਰ ਹੈ ਈ ਐਨਾ ਖ਼ਤਰਨਾਕ ਕਿ
ਚੁੱਪ ਤੁਹਾਨੂੰ ਜ਼ਿੰਦਗੀ ਦੀ ਸ਼ਰਤ ਲੱਗਦੀ ਐ
ਪਰ ਯਾਦ ਰੱਖਿਓ
ਜ਼ੁਬਾਨ 'ਤੇ ਲੱਗੇ ਤਾਲੇ ਨਾਲ
ਜਿਸ ਦਿਨ ਲੂ ਜਾਂ ਪਾਲੇ ਨਾਲ
ਭੁੱਖ, ਗ਼ਰੀਬੀ, ਬਿਮਾਰੀ ਨਾਲ
ਬੇਰੁਜ਼ਗਾਰੀ ਦੀ ਲਾਚਾਰੀ ਨਾਲ
ਹੋਵੇਗੀ ਤੁਹਾਡੀ ਮੌਤ
ਤਾਂ ਇਹ ਕੋਈ ਕੁਦਰਤੀ ਮੌਤ ਨਹੀਂ ਹੋਣੀ
ਇਸ ਡਰੋਂ ਕਿ ਜੋ ਬੋਲੇ ਸਨ
ਹੋ ਗਏ ਕਤਲ
ਤੁਸੀਂ ਖਾ ਲਈ ਚੁੱਪ ਰਹਿਣ ਦੀ ਕਸਮ
ਤੁਹਾਡੀ ਚੁੱਪ ਨੇ ਤੁਹਾਨੂੰ ਹੌਲੀ-ਹੌਲੀ
ਕੀਤਾ ਹੈ ਕਤਲ
ਜੇ ਆਖ਼ਰ
ਆਪਣੇ ਹੱਥੀਂ ਆਪ ਹੀ ਹੋਣਾ ਸੀ ਕਤਲ
ਤਾਂ ਕੀ ਲੋੜ ਸੀ
ਖ਼ਾਮੋਸ਼ੀ ਨਾਲ
ਕਤਲ ਹੋਣ ਦੀ
ਕਾਤਲ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ
ਤੱਕ ਤਾਂ ਲੈਂਦੇ ਇਕ ਵਾਰ
ਜ਼ੁਬਾਨ 'ਤੇ ਹੱਕ ਦਾ ਪਾਰਾ
ਰੱਖ ਤਾਂ ਲੈਂਦੇ ਇਕ ਵਾਰ
ਪਰ ਖ਼ੈਰ
ਚੁੱਪ ਰਹੋ ਤੁਸੀਂ
ਬੋਲਣਾ ਤੁਹਾਨੂੰ ਮਾਫ਼ਕ ਨਹੀਂ
ਕਤਲ ਹੋਣ ਦਾ ਡਰ ਹੈ ਈ ਐਨਾ ਖ਼ਤਰਨਾਕ
ਪਰ ਕੀ
ਸੁਪਨਿਆਂ ਦੇ ਕਤਲ ਹੋ ਜਾਣ ਤੋਂ ਵੀ ਜ਼ਿਆਦਾ ਖ਼ਤਰਨਾਕ ?

## ਦਮੋਦਰ ਦਾ ਕਤਲ, ਜੋ ਹੋ ਨਾ ਸਕਿਆ...

ਸ਼ੁਕਰ ਹੈ!
ਦਮੋਦਰ ਨੇ
ਅਜੋਕੀ ਸਦੀ ਵਿਚ ਨਹੀਂ ਲਿਖੀ
ਆਪਣੀ 'ਹੀਰ'
ਜੇ ਕਿਤੇ
ਅੱਜ ਲਿਖਦਾ
ਤਾਂ ਅਸੀਂ ਆਖਣਾ ਸੀ
'ਬਹੁਗਿਣਤੀ ਕੌਮ ਦੇ ਕਿੱਸਾਕਾਰ ਨੇ
ਘੱਟ ਗਿਣਤੀਆਂ ਦੇ
ਨਾਇਕ-ਨਾਇਕਾ,
ਪ੍ਰੇਮੀ-ਪ੍ਰੇਮਿਕਾ
ਰਾਂਝੇ ਹੀਰ ਦੀ ਤੁਲਨਾ
'ਮਰਿਯਾਦਾ ਪ੍ਰਸ਼ੋਤਮ' ਨਾਲ ਕਰਕੇ
ਕਰ ਦਿੱਤੀ ਹੈ ਬੱਜਰ ਕੁਰਹਿਤ'
ਸ਼ੁਕਰ ਹੈ
ਉਸ ਸਦੀ ਵਿਚ
ਉਨ੍ਹਾਂ ਸਿਰਫ਼ ਰਾਮਾਇਣ ਪੜ੍ਹੀ
ਹੀਰ ਦਮੋਦਰ ਨਹੀਂ
ਵਰਨਾ ਹੋਇਆ ਹੋਣਾ ਸੀ
ਦਮੋਦਰ ਦਾ ਕਤਲ
ਉਹ ਖੁੰਝ ਗਏ
ਦਮੋਦਰ ਦਾ ਨਾਂਅ ਲਿਖਿਆ ਗਿਆ
ਇਤਿਹਾਸ ਦੇ ਸੁਨਹਿਰੀ ਵਰਕਿਆਂ ਵਿਚ
ਪਰ
ਚੱਲ ਰਿਹਾ ਹੈ ਜਿਵੇਂ
ਪੂਰੀ ਲੋਕਾਈ ਨੂੰ
ਇਕੋ ਰੰਗ ਵਿਚ ਰੰਗ ਦੇਣ ਦਾ ਚਲਨ
ਸੁਣਾਈ ਦੇ ਰਿਹੈ
ਇਤਿਹਾਸ ਨੂੰ
ਉਸੇ ਸੁਰ 'ਤੇ ਗਾਉਣ ਦਾ ਸ਼ੋਰ
ਡਰਦਾਂ, ਕਿਤੇ
ਬਾਰੀਆਂ ਥਾਣੀਂ ਧੱਕੇ ਨਾਲ
ਇਤਿਹਾਸ ਵਿਚ ਵੜ ਕੇ
ਦਿਨ ਦਿਹਾੜੇ
ਕਰ ਹੀ ਨਾ ਦਿੱਤਾ ਜਾਵੇ
ਚਾਰ ਸਦੀਆਂ ਤੋਂ ਟਲਿਆ
ਦਮੋਦਰ ਦਾ ਕਤਲ

## ਜਲਰੰਗ

ਕਵੀ ਨੇ ਪੁੱਛਿਆ
ਉਹ ਜ਼ਿਆਦਾ ਸੋਹਣੀ ਐ ਜਾਂ
ਗੁਲਾਬੀ ਰੰਗ?
ਮੈਂ ਪੁੱਛਿਆ
ਰੰਗ ਵਿਚ ਗੁਲਾਬੀਅਤ ਕਿਸ ਕਰਕੇ ਐ?
ਕਵੀ ਨੇ ਖੰਭ 'ਤੇ ਲਿਖਿਆ
ਉਸ ਦਾ ਨਾਂਅ
ਜਲ-ਪ੍ਰਵਾਹ ਕਰ ਦਿੱਤਾ

ਓਦਣ ਤੋਂ
ਕਵੀ ਦੇ ਪਿੰਡੇ ਭਸਮ
ਪੈਰੀਂ ਖੜਾਵਾਂ
ਕੰਨੀਂ ਕੱਚ ਦੀਆਂ ਮੁੰਦਰਾਂ,
ਤੇ ਸਮੁੰਦਰ ਦਾ ਰੰਗ ਗ਼ੁਲਾਬੀ ਐ

## ਲਫਜ਼ਾਂ ਦੇ ਮਜ਼ਦੂਰ

ਮਜ਼ਦੂਰ
ਸਾਰੀ ਉਮਰ
ਢੋਂਦੇ
ਇੱਟਾਂ
ਮਿੱਟੀ
ਗਾਰਾ
ਰੋੜੀ
ਮਲਬਾ

ਉਸਰਦੇ
ਭਵਨ
ਮਹਿਲ
ਢਾਰੇ
ਕੁਝ ਮਜ਼ਦੂਰ
ਸਾਰੀ ਉਮਰ ਢੋਂਦੇ
ਭਾਰ ਅੱਖਰਾਂ ਦਾ
ਹੌਲੀ-ਹੌਲੀ
ਢਹਿੰਦੇ-ਢਹਿੰਦੇ
ਅਖ਼ੀਰ
ਹੋ ਜਾਂਦੇ
ਢੇਰੀ

## ਸਮਾਰਟ ਫ਼ੋਨ ਤੇ ਕਵਿਤਾ

ਡੂੰਘਾ ਰਿਸ਼ਤਾ ਹੈ
ਸਮਾਰਟ ਫ਼ੋਨ ਤੇ ਕਵਿਤਾ ਦਾ
ਜਿਵੇਂ ਗੂੜ੍ਹਾ ਰਿਸ਼ਤਾ ਹੈ
ਕਵੀ ਤੇ ਕਵਿਤਾ ਦਾ
ਕਵਿਤਾ ਤੇ ਅੱਖਰਾਂ ਦਾ
ਅੱਖਰਾਂ ਤੇ ਸ਼ਬਦਾਂ ਦਾ
ਸ਼ਬਦਾਂ ਤੇ ਅਰਥਾਂ ਦਾ
ਜਦੋਂ ਵੀ ਸਮਾਰਟ ਫ਼ੋਨ 'ਤੇ
ਕਵਿਤਾ
ਲਿਖਦਾਂ
ਪੜ੍ਹਦਾਂ
ਤਾਂ ਇੰਝ ਜਾਪਦੈ
ਮਾਂ-ਬੋਲੀ
ਵਕਤ ਦੇ ਬੱਚੇ ਨੂੰ
ਦੁੱਧ ਚੁੰਘਾ ਰਹੀ ਹੋਵੇ

## ਖੇਤਾਂ ਦਾ ਜੈਕਾਰਾ

(ਕਿਸਾਨ-ਮਜ਼ਦੂਰ ਸੰਘਰਸ਼ ਦੇ ਨਾਂਅ)

ਆਹ ਜੋ ਸੜਕਾਂ 'ਤੇ
ਪਸਰ ਗਏ ਨੇ
ਰੋਹ ਭਰੇ
ਲਿਬਾਸ ਕਾਲੇ
ਪਰਚਮ ਕਾਲੇ
ਚਿੱਟਿਆਂ ਲਿਬਾਸਾਂ ਵਾਲੇ
ਦਿਲ ਕਾਲੇ
ਇਨ੍ਹਾਂ ਨੂੰ ਦੇਖ ਕੇ
ਕੰਬ ਜਾਂਦੀ ਏ ਮੇਰੀ ਰੂਹ
ਇਹ ਨਾ ਸੋਚਣਾ ਕਿ ਹੁਣ ਮੈਂ
ਕਰਾਂਗਾ ਖ਼ੁਦਕੁਸ਼ੀ ਦਾ ਰੁਦਨ
ਬਲਕਿ ਤਾਨਾਸ਼ਾਹੀ ਦੇ ਖੇਤਾਂ ਵਿਚ
ਬਣ ਕੇ ਉੱਗਾਂਗਾ ਰੋਹ ਦਾ ਨਦੀਣ
ਚਿੱਟਾ ਮੱਛਰ ਬਣ ਕੇ ਚਿੰਬੜਾਂਗਾ
ਸਿਆਸਤ ਦੀ ਬੀ ਟੀ ਕਪਾਹ ਨੂੰ
ਟਿੱਡੀ ਦਲ ਵਾਂਗ ਟੁੱਟ ਪਵਾਂਗਾ
ਧਰਮ ਦੇ ਸੌਦਾਗਰਾਂ ਦੀ ਫ਼ਸਲ 'ਤੇ
ਕਿਰਸਾਨੀ ਦੇ ਇਤਿਹਾਸ ਵਿਚ
ਇਹ ਪਹਿਲੀ ਵਾਰ ਹੋਵੇਗਾ
ਜਦੋਂ ਖੇਤਾਂ 'ਚ ਫ਼ਸਲਾਂ ਦੀ ਨਹੀਂ
ਨਦੀਣਾਂ, ਮੱਛਰਾਂ ਤੇ ਟਿੱਡੀਆਂ ਦੀ ਹੋਵੇਗੀ ਰਾਖੀ
ਉਨ੍ਹਾਂ ਨੂੰ ਪਵੇਗੀ ਅਣਖ ਤੇ ਵੰਗਾਰ ਦੀ ਖਾਦ
ਸਿੰਜੇਗਾ ਪਾਣੀ ਵਾਂਗ ਵਹਿੰਦਾ ਲਹੂ
ਕਿਉਂਕਿ ਜਿਸ ਦੌਰ ਵਿਚ ਅਵਾਮ ਦੀ ਔਕਾਤ
ਨਦੀਣ, ਮੱਛਰ ਜਾਂ ਟਿੱਡੀ ਜਿੰਨੀ ਰਹਿ ਜਾਵੇ
ਵਹਿਸ਼ਤ ਦੀ ਫ਼ਸਲ ਜਦੋਂ
ਆਪਣੇ ਹੀ ਖੇਤਾਂ ਤੋਂ ਲੈ ਕੇ
ਪਹਿਆਂ
ਗਲੀਆਂ
ਤੇ ਘਰਾਂ ਦੀਆਂ ਨੀਂਹਾਂ ਵਿਚ ਉੱਗ ਆਵੇ
ਤਾਂ ਉਸ ਨੂੰ
ਨਦੀਣਾਂ, ਮੱਛਰਾਂ ਅਤੇ ਟਿੱਡਿਆਂ ਦੇ
ਹਵਾਲੇ ਕਰ ਦੇਣਾ ਹੀ ਚੰਗੈ
ਆਓ, ਮੇਰੇ ਟਿੱਡੀ ਦਲ ਦੇ ਸਾਥੀਓ
ਚੱਲੀਏ ਸ਼ਿਕਾਰ 'ਤੇ!

# ਬੱਬਰਾਂ ਦਾ ਬੁੰਗਾ : ਧਾਮੀਆਂ ਕਲਾਂ

**ਪਿੰਡ ਵਸਿਆ**

**ਵਿਜੈ ਬੰਬੇਲੀ**

ਵਾਜਬ-ਉਲ-ਅਰਜ਼/ਵਜਾਹ ਤਕਸੀਮ ਦੇਹ ਹਜ਼ਾ ਅਨੁਸਾਰ ਧਾਮੀਆਂ ਕਲਾਂ (ਸ਼ਾਮ ਚੌਰਾਸੀ) ਪਿੰਡ ਦਾ ਬਾਨੀ ਸੁਬਾਨੀ ਇੱਕ ਧਾਮੀ ਜੱਟ ਸੀ, ਜਿਹੜਾ ਆਪਣੇ ਸਕੇ-ਸੋਧਰਿਆਂ ਨਾਲ ਪਿੰਡ ਪਿੱਪਲਾਂਵਾਲਾ (ਹੁਸ਼ਿਆਰਪੁਰ) ਤੋਂ ਉੱਠ ਕੇ ਇੱਥੇ ਬਹੀਦੀ ਨਾਂਅ ਦੇ ਇੱਕ ਬੇਚਰਾਗ ਪਿੰਡ ਆ ਬਿਰਾਜਮਾਨ ਹੋਇਆ। ਪੁਰਾਤਨ ਦਸਤਾਵੇਜ਼ਾਂ ਅਨੁਸਾਰ, ਇੱਥੋਂ ਦੇ ਲੋਕ ਬੜੇ ਮਾਰਖੋਰੇ ਪਰ ਮੋਹਵੰਤੇ ਸਨ। ਇਕ ਗਾਥਾ ਅਨੁਸਾਰ ਰਾਣਾ ਸੰਗਰਾਮ ਦੇ ਜਿਹੜੇ ਸਿਪਾਹੀ ਬਾਬਰ ਨਾਲ ਅਹਿਦਨਾਮੇ ਸਮੇਂ ਅਫਗਾਨਿਸਤਾਨ ਤੋਂ ਪਾਰਲੇ ਖਿੱਤਿਆਂ ਵੱਲ ਬਾਰੂਦ ਦੀ ਸਿਖਲਾਈ ਹਿੱਤ ਗਏ, ਉਹਨਾਂ ਵਿੱਚੋਂ ਬਹੁਤੇ ਦੋਵਾਂ ਧਿਰਾਂ ਦੀ ਅਣਬਣ ਦਰਮਿਆਨ ਆਪਣਾ ਧੰਦਾ ਛੱਡ ਕਾਸ਼ਤਕਾਰੀ ਵੱਲ ਅਹੁਲ ਪਏ।

ਖੇਤੀ ਵੱਲ ਆਉਣ ਦਾ ਕਾਰਨ ਇਹ ਵੀ ਸੀ ਕਿ ਵਾਪਸੀ ਸਮੇਂ ਇਧਰਲੀਆਂ ਤੀਵੀਆਂ ਨਾਲ ਵਿਆਹ ਕਰਵਾਉਣ ਕਰਕੇ ਉਹ ਰਾਜਪੂਤਾਂ ਵਿੱਚੋਂ ਛੇਕੇ ਗਏ, ਪਰ ਉਹਨਾਂ ਉਚੇਰੇ ਪਹਾੜਾਂ ਨੂੰ ਚੜ੍ਹੇ ਅਤੇ ਸ਼ਿਮਲੇ ਕੰਨੀ ਆਪਣੀ ਧਾਮੀ ਰਿਆਸਤ ਦਾ ਪਿੜ ਬੰਨ੍ਹਣ ਵਾਲੇ ਯੋਧਿਆਂ ਦੀ ਧਾਮੀ ਅੱਲ ਨਹੀਂ ਤਿਆਗੀ। 1857 ਦੇ ਗ਼ਦਰ ਉਪਰੰਤ, ਇਹਨਾਂ ਵਿੱਚੋਂ ਕੁਝ ਨੇ ਪੰਜਾਬ ਦੀ ਲੋਅਰ ਸ਼ਿਵਾਲਕ ਤਲਹੱਟੀ ਦੇ ਪੈਰਾਂ 'ਚ ਪੈਂਦੇ ਬਜਵਾੜਾ-ਮਲੋਤ-ਸ਼ਾਮਚੌਰਾਸੀ ਦੇ ਖਿੱਤੇ ਵਿਚ ਆਪਣੇ ਧਾਮੀ ਪਿੰਡ ਵਸਾਏ, ਜਿਸ ਵਿਚ ਆਪਣੀ ਪ੍ਰਾਚੀਨਤਾ ਕਾਰਨ ਪਿੱਪਲਾਂਵਾਲਾ ਅਤੇ ਬਦੌਲਤ ਬੱਬਰ ਅਕਾਲੀ ਲਹਿਰ ਧਾਮੀਆਂ ਕਲਾਂ ਬੜਾ ਮਸ਼ਹੂਰ ਹੋਇਆ।

ਉਂਜ ਹੁਸ਼ਿਆਰਪੁਰ ਜ਼ਿਲ੍ਹੇ 'ਚ ਤਿੰਨ ਧਾਮੀਆਂ ਹਨ : ਧਾਮੀਆਂ ਬਹੀਦੀ ਉਰਫ ਧਾਮੀਆਂ ਕਲਾਂ ਅੱਲ ਧਾਮੀਆਂ ਬੱਬਰਾਂ, ਧਾਮੀਆਂ ਖ਼ੁਰਦ (ਨੰਦਾਚੌਰ) ਅਤੇ ਧਾਮੀਆਂ ਭੱਦਾਂ (ਮੁਕੇਰੀਆਂ)। ਧਾਮੀਆਂ ਬਹੀਦੀ/ਕਲਾਂ ਕਿਉਂਕਿ ਇਹ ਪਿੰਡ ਪ੍ਰਚੀਨ ਬਹੀਦੀ ਨਗਰ, ਜਿਸ ਦੇ ਥੇਹ ਅਜੇ ਵੀ ਧਾਮੀਆਂ ਲਾਗੇ ਮੌਜੂਦ ਹਨ, ਦੇ ਉਜੜੇਵੇਂ ਉਪਰੰਤ ਮੁੜ ਵਸਿਆ, ਜਿਸ ਕਾਰਨ ਇਹ ਮਾਲ-ਰਿਕਾਰਡ ਦੇ ਦਸਤਾਵੇਜ਼ਾਂ ਵਿਚ ਅਜੇ ਵੀ ਬਹੀਦੀ ਧਾਮੀਆਂ ਵਜੋਂ ਦਰਜ ਹੈ, ਭਾਵੇਂ ਕਿ ਲੋਕ 'ਵਾਜ਼ 'ਚ ਇਹ ਧਾਮੀਆਂ ਕਲਾਂ ਨਹੀਂ, ਧਾਮੀਆਂ ਬੱਬਰਾਂ ਵਜੋਂ ਮਕਬੂਲ ਹੈ।

1884 ਦੇ ਬੰਦੋਬਸਤ ਵੇਲੇ ਇਸ ਪਿੰਡ ਦੇ ਤਿੰਨ ਮੋਹਤਬਰਾਨਾਂ ਤਹਿਤ ਤਿੰਨ ਪੱਤੀਆਂ ਤਸਲੀਮ ਹੋਈਆਂ : 'ਪੱਤੀ ਸੰਗਤ' (ਆਗੂ ਬਜ਼ੁਰਗ ਸੰਗਤ, ਤਰਫ ਚੜ੍ਹਦਾ, ਆਬਾਦੀ ਸ਼ਾਹੂਕਾਰ, ਪ੍ਰੋਹਿਤ ਅਤੇ ਸ਼ਿਲਪੀ, ਭੌਂਇ ਅੱਵਲ, ਮਾਲਕੀ ਸੋਲਾਂ ਆਨੇ 'ਚੋਂ ਸਾਢੇ ਤਿੰਨ ਆਨੇ), 'ਪੱਤੀ ਜੀਵਨ' (ਮੋਹਤਬਰਾਨ ਜੀਵਨ, ਗੱਭਲੀ ਪੱਤੀ, ਵਸੋਂ ਧਾਮੀ ਜੱਟ, ਜ਼ਮੀਨ ਹਰ ਕਿਸਮ, ਮਾਲਕੀ 9 ਆਨੇ) ਅਤੇ 'ਪੱਤੀ ਸਰਮੁੱਖ' (ਬਜ਼ੁਰਗਵਾਰ ਸਰਮੁੱਖ, ਤਰਫ ਲਹਿੰਦਾ, ਵਸੋਂ ਕੰਮੀ-ਕਮੀਣ, ਮਾਲਕੀ ਸਾਢੇ ਤਿੰਨ ਆਨੇ)। ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਦੰਦ ਕਥਾ ਅਨੁਸਾਰ ਤਿੰਨੋਂ ਆਗੂ ਬੜੇ ਨਜ਼ੂਮ ਅਤੇ ਧੜੱਲੇਦਾਰ ਸਨ, ਪਰ ਜੀਵਨ ਕੁੱਝ ਜ਼ਿਆਦਾ ਉੱਭਰਵਾਂ ਅਤੇ ਦਾਨਾ ਸੀ। ਉਸ ਦੀ ਵੱਧ ਮਾਲਕੀ ਦਾ ਕਾਰਨ ਉਸ ਵੱਲੋਂ ਅੜੀ ਕਰਕੇ ਲਿਆ ਵੱਧ ਰਕਬੇ ਦਾ ਅਸਲ ਮਾਜਰਾ ਇਹ ਸੀ ਕਿ ਉਹ ਤਾਅ-ਜਾਤਾਂ, ਧਰਮਾਂ ਦੀ ਆਪਸੀ ਸਾਂਝ ਕਾਰਨ ਉਹਨਾਂ ਸਭ ਨੂੰ ਮਾਲਕੀ ਹੱਕ ਦੇਣਾ ਚਾਹੁੰਦਾ ਸੀ, ਜਿਹੜੇ ਉਸ ਨੇ ਆਪਣੇ ਹਿੱਸੇ ਵਿੱਚੋਂ ਦਿੱਤੇ ਵੀ, ਜਿਸ ਕਾਰਨ ਦੂਸਰੇ ਦੋਵਾਂ ਨੇ ਆਪਣਾ ਹਿੱਸਾ 7 ਆਨੇ ਮਨਜ਼ੂਰ ਕਰ ਲਿਆ।

ਪਹਿਲ-ਪਲੱਕੜਿਆਂ ਵਿਚ ਇੱਥੋਂ ਦੇ ਕਿਰਤੀ-ਸ਼ਿਲਪੀ ਵੀ ਬੜੇ ਉੱਘੇ ਸਨ; ਲਲਾਰੀ ਅਤੇ ਮੁਸਲਿਮ ਜੁਲਾਹੇ, ਘੁਮਿਹਾਰ ਅਤੇ ਲੁਹਾਰ ਜਿਹੜੇ ਪ੍ਰਸਿੱਧ ਨਕਸ਼ਦਾਰ ਅਤੇ ਠੇਕੇਦਾਰਾਂ ਵਜੋਂ ਪ੍ਰਸਿੱਧ ਹੋਏ ਨੇ, ਕੋਟੇ-ਬਲੋਚ (ਹੁਣ ਪਾਕਿਸਤਾਨ) ਤਰਫ ਬੜਾ ਨਾਮ ਅਤੇ ਨਾਮਾਂ ਖੱਟਿਆ। ਪੱਛਮੀ ਪੰਜਾਬ ਦੀਆਂ ਤਿੰਨ ਤਰੱਕੀ ਬਖਸ਼ ਨਹਿਰਾਂ: 'ਅਪਰ ਜੇਹਲਮ', 'ਅਪਰ ਚਨਾਬ' ਅਤੇ 'ਲੋਇਰ ਬਾਰੀ ਦੁਆਬ' ਦੀ ਠੇਕੇਦਾਰੀ ਸਮੇਂ ਇਹਨਾਂ ਬੜੀ ਸ਼ੋਹਰਤ ਕਮਾਈ। ਇਸੇ ਪੈਸੇ ਅਤੇ ਹੁਨਰ ਬਦੌਲਤ 'ਬੱਲੋਕੀ ਹੈੱਡ' (ਪਾਕਿ.) ਉੱਤੇ ਬਣੀਆਂ ਆਹਲਾ ਕੋਠੀਆਂ ਦੇ ਨਮੂਨੇ 'ਤੇ ਇਹਨਾਂ ਆਪਣੇ ਪਿਤਾ-ਪੁਰਖੀ ਪਿੰਡ ਵਿੱਚ ਵੀ ਇੱਕ ਲਾਜਵਾਬ ਕੋਠੀ ਉਸਾਰੀ, ਜਿਸ ਨੇ ਸ਼ਾਮ ਚੌਰਾਸੀ ਦੇ ਘਰਾਣੀ-ਗਵੱਈਆਂ, ਮੁਸਲਿਮ ਜਗੀਰਦਾਰਾਂ ਅਤੇ ਹਿੰਦੂ ਸ਼ਾਹੂਕਾਰਾਂ ਦੀਆਂ ਧੜਵੈਲ ਇਮਾਰਤਾਂ ਨੂੰ ਝੁੰਧਿਆ ਦਿੱਤਾ। ਬਿਹਤਰੀਨ ਸਹੂਲਤਾਂ ਨਾਲ ਲਬਰੇਜ਼ ਇਸ ਸੁਨੱਖੜੀ ਕੋਠੀ ਉੱਤੇ ਬੱਬਰਾਂ ਦੀ ਭਾਲ 'ਚ ਹਰਲ-ਹਰਲ ਫਿਰਦੇ ਗੋਰੇ ਅਹਿਲਕਾਰਾਂ ਦੀ ਅਜਿਹੀ ਅੱਖ ਟਿਕੀ ਕਿ 1925 ਦੀ ਪ੍ਰਥਮ ਬੱਬਰ ਅਕਾਲੀ ਲਹਿਰ ਤੋਂ ਲੈ ਕੇ ਤੋੜ 1941, ਯੁੱਗ ਪਲਟਾਊ ਦਲ ਦੀ ਢਲਦੀ ਸ਼ਾਮ ਤੀਕ, ਹਥਿਆਰਬੰਦ ਪਲਟੂਨਾਂ ਨੇ ਇਸ ਦਾ ਕਬਜ਼ਾ ਨਾ ਛੱਡਿਆ। ਬੱਬਰ ਅਕਾਲੀ ਲਹਿਰ ਦੀ ਸੂਹੀ ਗਵਾਹੀ ਭਰਦੀ ਇਹ ਕੋਠੀ ਅਜੇ ਵੀ ਹਿੱਕ ਤਾਣੀ ਖੜੀ ਹੈ।

ਇਸ ਖੈੜੇ; ਜਿਸ ਨੇ ਸੁਤੰਤਰਤਾ ਸੰਗਰਾਮ 'ਚ ਬੇਹੱਦ ਸੰਤਾਪ ਝੱਲਿਆ, ਪਰ ਡਗਮਗਾਇਆ ਨਹੀਂ, ਦੇ ਇਹ ਸਪੂਤ ਬੜੇ ਸਿਰਲੱਥ ਸਿੱਧ ਹੋਏ। ਜਿੱਥੇ ਬੱਬਰ ਪਿਆਰਾ ਸਿੰਘ-ਭੋਲਾ ਸਿੰਘ-ਧਰਮ ਸਿੰਘ ਨੇ ਘਰ-ਘਾਟ ਜ਼ਬਤ ਅਤੇ ਸਖ਼ਤ ਕੈਦਾਂ ਭੁਗਤੀਆਂ, ਉਥੇ ਬੱਬਰ ਜੀਵੇ ਘੁਮਿਹਾਰ ਦੀ ਕੁਰਬਾਨੀ ਬੜੀ ਹੈਰਤਅੰਗੇਜ਼ ਹੈ। ਕੀ ਤੁਹਾਨੂੰ ਪਤੈ ਕਿ ਬੱਬਰ ਦਲੀਪ ਸਿੰਘ ਉਰਫ ਦਲੀਪਾ ਭੁਝੰਗੀ ਮਹਿਜ਼ 18 ਸਾਲਾਂ ਦੀ ਗਭਰੂਟ ਉਮਰੇ ਫਾਂਸੀ ਚੜ੍ਹਿਆ ਅਤੇ ਬੰਤਾ ਸਿੰਘ ਨੇ 25ਵੇਂ ਵਰ੍ਹੇ ਸ਼ਹੀਦੀ ਜਾਮ ਪੀਤਾ ਸੀ। ਇਹੀ ਨਹੀਂ; ਜਿੱਥੇ ਬਾਬੂ ਦਲੀਪ ਸਿੰਘ ਕੈਦ-ਤਨਹਾਈ ਦੌਰਾਨ ਫੌਤ ਹੋਇਆ ਸੀ, ਉੱਥੇ ਇਸੇ ਪਿੰਡ ਦਾ ਯੁੱਗ ਪਲਟਾਊਆ ਮਾਸਟਰ ਉਜਾਗਰ ਸਿੰਘ ਇੱਕ ਸ਼ੱਕੀ ਮੁਕਾਬਲੇ ਵਿਚ ਆਹਲਾ ਵਤਨ ਲਈ ਕੁਰਬਾਨ ਹੋ ਗਿਆ ਸੀ। ਮੁੱਕਦੀ ਗੱਲ; ਕੀ ਸਾਨੂੰ, ਖਾਸ ਕਰ ਹਾਕਮ ਜਮਾਤਾਂ ਨੂੰ, ਕਦੇ ਇਸ ਨਗਰ ਦੀ ਜੰਗਿ-ਏ-ਆਜ਼ਾਦੀ ਵੀ ਯਾਦ ਆਈ ਹੈ? ਅਫਸੋਸ! ਨਹੀਂ।

ਮੋਬਾ. 94634-39075

# ਫੁਲਕਾਰੀ ਦੀ ਰੀਝ

ਤੇਰੀ ਦਿੱਤੀ ਫੁਲਕਾਰੀ
ਅੱਜ ਲੀਰੋ-ਲੀਰ ਹੋ ਗਈ
ਟੁੱਕ ਦਿੱਤੀ ਟਿੱਡੀਆਂ ਨੇ
ਮਾਂ ਦੀ ਪੇਟੀ ਵਿੱਚ
ਜਿਸ ਨੂੰ ਮੈਂ ਆਪਣੇ ਸ਼ਗਨਾਂ ਲਈ
ਚਾਵਾਂ ਨਾਲ਼ ਸਾਂਭਿਆ ਸੀ

ਬਾਪੂ ਉਦਾਸ ਏ
ਨਰਾਸ਼ ਏ
ਚੁੱਪ ਏ
ਕਿਸਾਨ ਮੋਰਚੇ ਤੋਂ ਮੁੜ ਆਇਆ ਏ
ਸੁੱਜੀਆਂ ਅੱਖਾਂ
ਪਿੱਠ ਦੇ ਤੇਜ਼ ਦਰਦ ਕਰਕੇ
ਮੰਜੇ 'ਤੇ ਪਿਆ ਕ੍ਹਾਹ ਰਿਹਾ
ਉਸ ਦੇ ਮੰਜੇ 'ਤੇ ਹੁਣ ਉਹ ਨਹੀਂ
ਮਰ ਚੁੱਕੇ ਸੁਪਨਿਆਂ ਦਾ ਪਿੰਜਰ ਸੌਂਦਾ

ਚਾਰੇ ਟਾਇਰ ਪੈਂਚਰ ਹੋਇਆ
ਬਾਪੂ ਦਾ ਲਾਡਲਾ ਟਰੈਕਟਰ
ਵਿਹੜੇ ਵਿੱਚ ਖੜ੍ਹਾ
ਇੰਜਣ ਧੁਖ਼ ਰਿਹਾ
ਬਾਪੂ ਦੇ ਦਿਲ ਵਾਂਗ
ਮੇਰੇ ਤੋਂ ਬਾਪੂ ਦਾ ਉਦਾਸ ਚਿਹਰਾ
ਦੇਖਿਆ ਨਹੀਂ ਜਾਂਦਾ

ਵੀਰ ਦੀਆਂ ਅੱਖਾਂ ਵਿੱਚ ਰੋਹ ਏ
ਕਿਸਾਨੀ ਝੰਡਾ ਲੈ
ਦੰਦਾਂ ਨੂੰ ਕਰੀਚ ਰਿਹਾ
ਘਰ ਵਿੱਚ ਪਏ ਸਮਾਨ ਨੂੰ
ਠੁੱਡੇ ਮਾਰ ਇਧਰ-ਉਧਰ ਖਿਲਾਰ ਰਿਹਾ
ਉਸ ਲਈ ਘਰ ਸਰਹੱਦ ਬਣ ਗਿਆ

ਵੱਡੀ ਭੈਣ ਦੇ ਘਰ ਖ਼ੁਸ਼ੀਆਂ ਆਈਆਂ
ਸ਼ੂਸ਼ਕ ਦੇਣ ਲਈ ਮਾਂ ਨੇ
ਨਾਨੀ ਦੀ ਅਖ਼ੀਰਲੀ ਨਿਸ਼ਾਨੀ
ਆਪਣੇ ਕੰਨਾਂ ਦੀਆਂ ਵਾਲ਼ੀਆਂ
ਬਿੱਲੂ ਸੁਨਿਆਰੇ ਨੂੰ ਵੇਚ ਦਿੱਤੀਆਂ

ਕੱਲ੍ਹ ਬਾਪੂ ਘਰ ਦੇ ਖੱਲਾਂ-ਖੂੰਝਿਆਂ 'ਚੋਂ
ਲੱਭ ਰਿਹਾ ਸੀ ਜੀਵਨ
ਇਸ ਮੌਤ ਤੋਂ ਛੁਟਕਾਰਾ ਪਾਉਣ ਲਈ

ਮਾਂ ਦੀ ਛਾਤੀ ਦਾ ਦੁੱਧ
ਮੇਰੀ ਚੁੱਪ ਨੇ ਸੁਕਾ ਦਿੱਤਾ

ਅਲਵਿਦਾ ਪਿਆਰੇ!
ਇਹ ਮੇਰਾ ਆਖ਼ਰੀ ਖ਼ਤ ਏ
ਮਿਲਾਂਗੇ ਕਿਸੇ ਨਵੇਂ ਜਨਮ
ਕਿਸੇ ਨਵੇਂ ਦੇਸ਼
ਕਿਸੇ ਨਵੀਂ ਧਰਤੀ 'ਤੇ
ਜਿੱਥੇ ਜਨਮ ਤੋਂ ਬਾਅਦ ਜੀਵਨ ਹੋਵੇ

ਜਿੱਥੇ ਮੇਰੇ ਬਾਪੂ ਦੇ ਪੈਰਾਂ ਵਿੱਚ
ਕਿੱਲ ਨਹੀਂ
ਚਾਂਦੀ ਰੰਗੀ ਜੁੱਤੀ ਹੋਵੇ

ਜਿੱਥੇ ਮਿੱਟੀ ਵਿੱਚ ਸਲਫਾਸ ਨਹੀਂ
ਸੋਨੇ ਰੰਗੀ ਫ਼ਸਲ ਹੋਵੇ
ਧਰਤੀ ਉੱਤੇ ਨਵੀਂ-ਨਰੋਈ ਨਸਲ ਹੋਵੇ

ਜਿੱਥੇ ਮਾਂ ਦੀ ਪੇਟੀ ਵਿੱਚ ਪਈ
ਤੇਰੀ ਦਿੱਤੀ ਸੂਹੀ ਫੁਲਕਾਰੀ ਵਿੱਚ
ਟੋਕਾਂ ਨਹੀਂ
ਸਗੋਂ ਉਡੀਕ ਨਾਲ਼ ਰੰਗ ਹੋਰ ਗੂੜ੍ਹਾ ਹੋਵੇ।

**— ਵਿਰਕ ਪੁਸ਼ਪਿੰਦਰ**

# ਸੱਚੀ ਕਹਾਣੀ : ਮਨ ਦਾ ਬੋਝ

ਮੈਂ ਨਵੀਂ ਪੱਗ ਨੂੰ ਸੀਣ ਮਰਵਾਉਣ ਲਈ ਦਰਜ਼ੀ ਮਾਰਕੀਟ ਗਿਆ। ਸਾਹਮਣੇ ਇੱਕ ਬਜ਼ੁਰਗ ਪੈਰਾਂ ਵਾਲੀ ਮਸ਼ੀਨ ਉੱਤੇ ਕੱਪੜੇ ਸੀਅ ਰਹੇ ਸਨ। ਮੈਂ ਉਹਨਾਂ ਦੇ ਨੇੜੇ ਚਲਾ ਗਿਆ। ਉਹ ਬਹੁਤ ਹੀ ਸ਼ਾਂਤਮਈ ਆਪਣਾ ਕੰਮ ਕਰ ਰਹੇ ਸਨ। ਮੈਂ ਉਹਨਾਂ ਨੂੰ ਸੀਣ ਮਾਰਨ ਲਈ ਆਪਣੀ ਪੱਗ ਦੇ ਦਿੱਤੀ। ਜਦ ਉਹਨਾਂ ਨੇ ਪੱਗ ਨੂੰ ਸੀਣ ਮਾਰ ਕੇ ਮੈਨੂੰ ਵਾਪਸ ਕੀਤੀ ਤਾਂ ਮੈਂ ਕੁਝ ਵਾਕਫੀਅਤ ਵਧਾਉਣ ਲਈ ਉਹਨਾ ਨੂੰ ਪੁੱਛਿਆ ਕਿ ਤੁਹਾਡੇ ਬੱਚੇ ਕੀ ਕੰਮ ਕਰਦੇ ਹਨ। ਉਹਨਾ ਬੜੀ ਹੀ ਧੀਮੀ ਆਵਾਜ਼ ਵਿੱਚ ਕਿਹਾ ਕਿ ਇੱਕ ਲੜਕਾ ਸੀ, ਉਸ ਦੀ ਮੌਤ ਹੋ ਚੁੱਕੀ ਹੈ। ਮੈਂ ਅਫਸੋਸ ਪ੍ਰਗਟ ਕਰਦੇ ਹੋਏ ਪੁੱਛਿਆ ਕਿ ਤੁਹਾਡੇ ਲੜਕੇ ਦੀ ਮੌਤ ਕਦੋਂ ਹੋਈ ਸੀ ਅਤੇ ਉਸ ਦੀ ਉਮਰ ਕਿੰਨੀ ਸੀ। ਉਹਨਾ ਦੱਸਿਆ ਕਿ ਉਸ ਦੀ ਮੌਤ ਲੱਗਭੱਗ 7 ਸਾਲ ਪਹਿਲਾਂ ਹੋਈ ਸੀ ਅਤੇ ਉਸ ਦੀ ਉਮਰ 43 ਸਾਲ ਸੀ। ਉਹਨਾਂ ਬਜ਼ੁਰਗਾਂ ਨੂੰ ਹੌਸਲਾ ਦਿੰਦੇ ਹੋਏ ਮੈਂ ਕਿਹਾ, ਰੱਬ ਦੇ ਭਾਣੇ ਨੂੰ ਕੌਣ ਟਾਲ ਸਕਦਾ ਹੈ। ਰੱਬ ਦਾ ਨਾਂਅ ਲਿਆ ਕਰੋ, ਆਪੇ ਹੌਸਲਾ ਦੇਵੇਗਾ।

ਅੱਗੋਂ ਬਜ਼ੁਰਗਾਂ ਦਾ ਜਵਾਬ ਸੀ ਕਿ ਸਭ ਕੁਝ ਕਰੀਦਾ ਹੈ, ਪਰ ਹੌਸਲਾ ਨਹੀਂ ਮਿਲਦਾ। ਪੁੱਤਰ ਦੀ ਮੌਤ ਦਾ ਬੋਝ ਮਨ ਤੋਂ ਨਹੀਂ ਜਾਂਦਾ। ਉਸ ਦੀ ਯਾਦ ਹਰ ਪਲ ਸਤਾਉਂਦੀ ਰਹਿੰਦੀ ਹੈ। ਉਹਨਾ ਦੇ ਇਸ ਦੁੱਖ ਨੂੰ ਮੈਂ ਮਹਿਸੂਸ ਕੀਤਾ, ਪਰ ਹੁਣ ਹੌਸਲਾ ਦੇਣ ਲਈ ਮੈਨੂੰ ਸ਼ਬਦਾਂ ਦੀ ਘਾਟ ਮਹਿਸੂਸ ਹੋ ਰਹੀ ਸੀ। ਉਹਨਾਂ ਦੀ ਗੱਲ ਬਿਲਕੁਲ ਸੱਚ ਸੀ। ਕੁਝ ਇਸ ਤਰ੍ਹਾਂ ਦੇ ਦੁੱਖ ਇਨਸਾਨ ਦੀ ਜ਼ਿੰਦਗੀ ਵਿੱਚ ਆ ਜਾਂਦੇ ਹਨ, ਜਿਹੜੇ ਆਖਰੀ ਸਾਹ ਤੱਕ ਸਾਥ ਨਹੀਂ ਛੱਡਦੇ। ਇਹਨਾਂ ਗੱਲਾਂਬਾਂਤਾ ਦੌਰਾਨ ਉਹਨਾਂ ਬਜ਼ੁਰਗਾਂ ਦੇ ਹੰਝੂ ਵਹਿ ਤੁਰੇ।

**— ਗੁਰਿੰਦਰ ਕਲੇਰ**

ਸਫ਼ਾ 3 ਦੀ ਬਾਕੀ

## ਸਿਰਜਣਾਤਮਕ ਸਵੈ ਦਾ ਕਾਵਿ-ਅਨੁਭਵ...

ਸੰਦਰਭ ਦੇ ਕਾਵਿ-ਦ੍ਰਿਸ਼ ਉੱਭਰਦੇ ਹਨ। ਉਹ ਝੂਠੀ ਚੇਤਨਾ ਦਾ ਪਰਛਾਵਾਂ ਫੜਦਾ ਹੈ। ਖ਼ਬਰਾਂ ਦਾ ਝੁਰਮਟ ਹੈ। ਬੇਹੀਆਂ-ਬਾਸੀਆਂ ਹੁੰਦੀਆਂ ਤਾਜ਼ਾ ਖ਼ਬਰਾਂ ਦੀ ਮੰਡੀ ਦਾ ਬਾਜ਼ਾਰ ਸਜਿਆ ਹੈ। ਇਹਨਾਂ ਵਿਚਕਾਰ ਬਹੁਤ ਕੁਝ ਹੋਰ ਵੀ ਫਸਿਆ ਹੈ, ਜੋ 'ਅਰਥ' ਰੱਖਦਾ ਹੈ। ਕਵੀ ਇਸ ਤੰਤਰ ਦੇ 'ਅਪ੍ਰੇਸ਼ਨਲ ਮਾਡਲ' ਨੂੰ ਤੋੜਦਾ ਹੈ। ਉਹ ਸੂਚਨਾ ਅਤੇ ਖ਼ਬਰ ਨੂੰ ਨਿਗੇਟ ਕਰਦਾ ਹੈ ਅਤੇ ਸੰਵੇਦਨਾ ਸਾਂਭ ਲੈਂਦਾ ਹੈ ਕਵਿਤਾ ਲਈ। ਪਾਠਕ ਦੇ ਹੱਥ 'ਤੇ ਜ਼ਿੰਦਗੀ ਦੀ ਕਵਿਤਾ ਰੱਖਦਾ ਹੈ। ਇਸ ਸੰਦਰਭ ਵਿਚ ਬਹੁਤ ਮਹੱਤਵਪੂਰਨ ਕਵਿਤਾਵਾਂ ਹਨ, ਜਿਵੇਂ-'ਹੀਰੋ ਦੀ ਤਲਾਸ਼ ਵਿਚ' ਅਤੇ 'ਤਾਜ਼ਾ ਖ਼ਬਰ'।

ਰਾਮ ਤੇ ਰਹੀਮ ਨੇ ਆਪਣਾ ਵਕੀਲ ਫਾਰਗ ਕਰ
ਮੁਕੱਦਮਾ ਕਬਰਾਂ ਸ਼ਮਸ਼ਾਨਾਂ ਦੇ ਹਵਾਲੇ ਕਰ ਦਿੱਤਾ
ਤੁਹਾਨੂੰ ਸਭ ਪਤਾ
ਬਾਜ਼ਾਰ ਖ਼ਬਰਾਂ ਨਾਲ਼ ਹੀ ਗਰਮ ਰਹਿੰਦਾ
-0-
ਖ਼ਬਰ ਤਾਂ ਆਖ਼ਰ ਖ਼ਬਰ ਹੈ
ਇਹਦਾ ਬਾਹਲਾ ਅਸਰ ਨਾ ਕਰਨਾ।

(ਤਾਜ਼ਾ ਖ਼ਬਰ, 108-109)

-0-
ਸ਼ੋਅ ਚੱਲਦਾ-
ਰਾਮ ਆਪਣੇ ਮੋਢੇ ਪਹਿਚਾਣਦਾ
ਅਕਬਰ ਆਪਣੇ ਬੱਚਿਆਂ ਸਮੇਤ ਛਿਪ ਜਾਂਦਾ
ਸ਼ਮਸ਼ੇਰ ਦੁਹਾਈ ਦਿੰਦਾ
ਬੰਦ ਕਰਦਾ ਟੀ.ਵੀ. ਨੂੰ
ਟੀ.ਵੀ. ਬੰਦ ਹੈ
ਪਰ ਸ਼ੋਅ ਜਾਰੀ ਹੈ
ਬਾਹਰ ਭੀੜ ਜੁੜ ਰਹੀ ਹੈ
ਅੰਦਰ ਡਰ ਵਧ ਰਿਹਾ ਹੈ। (ਹੀਰੋ ਦੀ ਤਲਾਸ਼ ਵਿਚ, ਪੰਨਾ 118)

ਸਾਂਚਾ, ਢਾਂਚਾ ਅਤੇ ਤਰਤੀਬ ਦਾ ਆਪਣੀ ਕਿਸਮ ਦਾ ਦਾਬਾ ਹੁੰਦਾ ਹੈ। ਇਹ 'ਸਿੱਧਾ' ਹੋ ਕੇ ਤੁਰਨ ਦਾ 'ਪੈੜ-ਸ਼ਾਸਤਰ' ਘੜਦੀ ਹੈ। ਜ਼ਿਹਨ ਵਿਚ ਕੰਸਟ੍ਰੇਸ਼ਨ ਕੈਂਪ ਬਣਾਉਂਦੀ ਹੈ। ਸਹੀ-ਗ਼ਲਤ ਦੀ ਆਪਣੀ ਪਰਿਭਾਸ਼ਾ ਘੜਦੀ ਹੈ। ਸਾਂਚੇ ਮਨੁੱਖ ਦੇ ਅੰਦਰ ਵੀ ਹੁੰਦੇ ਹਨ ਅਤੇ ਬਾਹਰ ਵੀ। ਕੁਝ ਸਵੈ-ਸਿਰਜਤ ਤੇ ਕੁਝ ਨਿਜ਼ਾਮ-ਸਿਰਜਤ। ਇਹ ਅਨੁਸ਼ਾਸਿਤ ਕਰਨ ਦੀ ਪ੍ਰਕ੍ਰਿਆ ਹੈ, ਜੋ ਸੂਖ਼ਮ ਧਰਾਤਲ 'ਤੇ ਵੀ ਵਾਪਰਦੀ ਹੈ ਅਤੇ ਦਾਬੇ ਦੇ ਰੂਪ ਵਿਚ ਵੀ। ਵਿਚਾਰਧਾਰਾ ਇਸ ਦਾ ਕਾਰਗਰ ਹਥਿਆਰ ਹੈ। ਇਹ 'ਮੈਂ' ਨੂੰ ਘੜਦੀ ਹੈ। 'ਮੈਂ' ਸੱਤਾ ਦੀ ਰਿਫਲੈਕਸ਼ਨ ਬਣ ਜਾਂਦੀ ਹੈ। ਰਣਧੀਰ ਇਸ ਵਿਚਾਰਧਾਰਾ ਦੀ ਤਾਕਤ ਨੂੰ ਪਛਾਣਦਾ ਹੈ। ਉਸ ਦੀ ਕਵਿਤਾ ਵਿਚ ਮੈਂ ਦੀ ਘਾੜਤ ਦਾ ਮਸਲਾ ਕਈ ਵਾਰ ਉੱਭਰਦਾ ਹੈ। ਸਮਾਜਿਕ ਇਕਾਈ ਵਜੋਂ ਇਸ 'ਮੈਂ' ਨੂੰ ਸਮਾਜਿਕ ਕਦਰ-ਪ੍ਰਬੰਧ ਅਤੇ ਹੈਜਮੋਨਿਕ ਧਿਰ ਦੀ ਵਿਚਾਰ-ਪ੍ਰਣਾਲੀ ਉਸਾਰਦੀ ਹੈ। ਸਮਾਜਿਕ ਚੇਤਨਾ ਦੇ ਸਾਰੇ ਰੂਪ ਇਸ 'ਚੋਂ ਉਸਰਦੇ ਹਨ। ਕਵੀ ਲੋਕ ਇਸ 'ਮੈਂ' ਦੇ ਸਮਾਨਾਂਤਰ ਆਪਣੀ "ਮੈਂ" ਦੀ ਤਾਮੀਰ ਕਰਦੇ ਹਨ। ਜਿੱਥੇ ਦਾਬਾ ਅਤੇ ਤਸ਼ੱਦਦ ਹੈ, ਉਥੇ ਪ੍ਰਤੀਰੋਧ ਵੀ ਹਾਜ਼ਰ ਹੁੰਦਾ ਹੈ। ਸ਼ਾਇਰੀ ਇਸ ਪ੍ਰਤੀਰੋਧ ਦੀ ਇਕ ਇਕਾਈ ਹੈ। ਰਣਧੀਰ ਦੀ ਕਵਿਤਾ ਕੋਲ ਰਾਜਸੀ ਸੂਝ ਹੈ, ਪਰ ਇਹ ਸੂਝ ਚੁੱਪ ਅਤੇ ਮੂਕ ਆਵਾਜ਼ ਸੁਣਨ/ਸੁਣਾਉਣ ਵਾਲੀ ਹੈ :

ਪਰ ਸਾਂਚੇ ਕਰੂਰ ਹੀ ਹੁੰਦੇ ਹਨ
ਉਡਾਨ ਕਦ ਆਕਾਰ ਨਹੀਂ ਦੇਖਦੇ
ਵਾਧਾ-ਘਾਟਾ ਨਹੀਂ ਜਰਦੇ
ਆਪਣਾ ਮੇਚਾ ਨਹੀਂ ਬਦਲਦੇ
ਉਡਾਣ ਨੂੰ, ਪਰਾਂ ਨੂੰ
ਖਿਆਲਾਂ ਨੂੰ ਲੋੜਾਂ-ਥੋੜਾਂ ਨੂੰ
ਸਭ ਕਾਸੇ ਨੂੰ ਬਦਲ ਦਿੰਦੇ ਨੇ..

(ਪੰਨਾ-17)

ਸਿਮ੍ਰਤੀਆਂ ਦੀ ਰੌਸ਼ਨੀ ਤਾਕਤ ਬਣਦੀ ਹੈ। ਊਰਜਾ ਭਰਦੀ ਹੈ। ਟੇਢੇ ਰਾਹਾਂ 'ਤੇ ਤੁਰਨ ਦਾ ਆਸਰਾ ਦਿੰਦੀ ਹੈ ਅਤੇ ਸਿਰਜਣਾ ਦਾ ਸ੍ਰੋਤ ਵੀ ਬਣਦੀ ਹੈ। ਯਾਦਾਂ ਨੂੰ ਯਾਦ ਰੱਖਣਾ ਬਹੁਤ ਨਿੱਘਾ ਅਹਿਸਾਸ ਹੈ। ਜਿਵੇਂ ਝੁਮਪਾ ਲਹਿਰੀ ਦਾ 'ਨੇਮਸੇਕ' ਨਾਵਲ ਸਮ੍ਰਿਤੀ ਦੀ ਤਾਕਤ ਨੂੰ ਬਹੁਤ ਖ਼ੂਬਸੂਰਤੀ ਨਾਲ ਉਭਾਰਦਾ ਹੈ। ਖ਼ਾਸ ਕਰਕੇ ਇਕੱਲੇਪਨ ਅਤੇ ਸਵੈ-ਪਛਾਣ ਦੀ ਵਿਯੋਗੀ ਸਥਿਤੀ ਵਿਚ। ਆਂਤਰਿਕ ਵਾਵਰੋਲਿਆਂ ਵਿਚ, ਨਵੀਂਆਂ ਥਾਂਵਾਂ 'ਤੇ, ਬੇਗਾਨੇ ਮੌਸਮਾਂ ਅਤੇ ਨਾਸਾਜ਼ ਰੁੱਤਾਂ ਵਿਚ ਬੇਗ਼ਾਨਗੀ ਦਾ ਅਹਿਸਾਸ ਸਿਰਜਣਾ ਨੂੰ ਖ਼ੋਰਦਾ ਹੈ। 'ਨੇਮਸੇਕ' ਦਾ ਪਾਤਰ ਗੋਗੋਲ, ਪਿਤਾ ਦੀ ਮੌਤ ਤੋਂ ਬਾਅਦ ਪਿਤਾ ਦੁਆਰਾ ਦਿੱਤੀ ਕਿਤਾਬ ਨੂੰ ਜਦੋਂ ਖੋਲ੍ਹਦਾ ਹੈ ਤਾਂ ਉਹ ਬਚਪਨ ਦੀਆਂ ਬਿਹਤਰੀਨ ਸਮ੍ਰਿਤੀਆਂ ਨੂੰ ਮਹਿਸੂਸਦਾ ਹੈ। ਜਿੱਥੇ ਸਿਰਫ਼ ਉਹ ਅਤੇ ਉਸ ਦੇ ਪਿਤਾ ਸਨ। ਸ਼ੁੱਧ ਯਾਦ ਦਾ ਨਮੂਨਾ ਉਸ ਨੂੰ ਭਾਵੁਕਤਾ, ਮਾਨਵੀ ਸੰਵੇਦਨਾ ਅਤੇ ਦਰਦ ਨਾਲ ਭਰ ਦਿੰਦਾ ਹੈ। ਇਹ ਸਮ੍ਰਿਤੀ ਦੀ ਤਾਕਤ ਹੁੰਦੀ ਹੈ। ਇਸ ਤਾਕਤ ਦਾ ਅਹਿਸਾਸ ਰਣਧੀਰ ਦੀ ਕਵਿਤਾ ਵਿੱਚੋਂ ਵੀ ਨਜ਼ਰ ਆਉਂਦਾ ਹੈ। 'ਯਾਦ' ਕਵਿਤਾ ਵਿਚ ਇਸ ਸ਼ਿੱਦਤੀ ਸੰਵੇਦਨਾ ਨਾਲ ਲਬਰੇਜ਼ ਲਰਜ਼ਦਾ ਕਾਵਿ-ਪਾਤਰ ਨਜ਼ਰ ਆਉਂਦਾ ਹੈ, ਜਿਸ ਨੂੰ ਸਮ੍ਰਿਤੀਆਂ ਦੀ ਤਾਕਤ ਅਤੇ ਸੁਹੱਪਣ ਤਾਜ਼ਗੀ ਦਿੰਦੇ ਹਨ, ਤਾਕਤ ਦਿੰਦੇ ਹਨ, ਜਿਸ ਨਾਲ ਉਹ ਸੂਰਜ ਦੇ ਚੜ੍ਹਨ ਲਈ ਸਾਗਰ 'ਚ ਪਾਣੀ ਬਣ ਫੈਲ ਜਾਂਦਾ ਹੈ। ਉਸ ਦੀ ਕਵਿਤਾ ਬਾਰੇ ਹੋਰ ਵੀ ਗੱਲਾਂ ਹੋ ਸਕਦੀਆਂ ਹਨ। ਰਣਧੀਰ ਦੀ ਪਲੇਠੀ ਕਾਵਿ-ਪੁਸਤਕ ਨੂੰ ਜੀ ਆਇਆਂ ਅਤੇ ਰਣਧੀਰ ਨੂੰ ਮੁਬਾਰਕ। ਨਵੀਂ ਪੰਜਾਬੀ ਸ਼ਾਇਰੀ ਵਿਚ ਇਹ ਇਕ ਅਹਿਮ ਕਿਤਾਬ ਹੈ। ਉਸ ਦੀ ਕਾਵਿ-ਪ੍ਰਤਿਭਾ 'ਤੇ ਮਾਣ ਹੁੰਦਾ ਹੈ। ਪਹਿਲੀ ਕਾਵਿ-ਕਿਤਾਬ ਵਿਚ ਸੰਘਣੀ ਕਾਵਿ-ਸੰਵੇਦਨਾ ਅਤੇ ਪਰਿਪੱਕਤਾ ਉਸ ਦੀ ਪ੍ਰਾਪਤੀ ਹੈ। ਸ਼ਾਲਾ! ਇਹ ਸਫ਼ਰ ਜਾਰੀ ਰਹੇ।

ਸੰਪਰਕ : 9464315244

ਸਫ਼ਾ 1 ਦੀ ਬਾਕੀ

## 'ਖਾਮੋਸ਼ ਪਾਣੀ' 2004...

ਦੁਨੀਆ ਨੇ ਮੇਰੇ ਤੋਂ ਇਹ ਜੰਨਤ ਵੀ ਖੋਹ ਲੈਣੀ ਹੈ ।

ਮੇਰੀ ਜੰਨਤ ਕਿਹੜੀ ਹੈ, ਸ਼ਾਇਦ ਮੇਰੀ ਕੋਈ ਜੰਨਤ ਨਹੀਂ।

ਭਰਾ ਵਾਪਸ ਚਲਾ ਜਾਂਦਾ ਹੈ, ਪਰ ਆਇਸਾ ਹੁਣ ਤੱਕ ਮਾਨਸਿਕ ਤੌਰ 'ਤੇ ਖਿੰਡ-ਪੁੰਡ ਚੁੱਕੀ ਹੈ, ਤਿੜਕ ਗਈ ਹੈ।

ਮੁਸਲਸਲ ਸਦਮਿਆਂ ਦੀ ਮਾਰੀ ਹੋਈ ਆਇਸਾ ਕੋਲ ਹੁਣ ਕੋਈ ਰਸਤਾ ਬਾਕੀ ਨਹੀਂ ਬਚਿਆ ਹੈ। ਫਿਰ ਇੱਕ ਸ਼ਾਮ ਨੂੰ ਉਹ ਨਮਾਜ਼ ਅਦਾ ਕਰਦੀ ਹੈ ਅਤੇ ਆਪਣੀ ਖਿੰਡੀ-ਪੁੰਡੀ ਮਾਨਸਿਕਤਾ ਨੂੰ ਖਤਮ ਕਰਨ ਲਈ ਖੂਹ ਵੱਲ ਦਾ ਰੁਖ ਕਰਦੀ ਹੈ ਅਤੇ ਉਸ ਵਿੱਚ ਕੁਦ ਜਾਂਦੀ ਹੈ।

ਖੂਹ ਵਿੱਚ ਡਿੱਗ ਕੇ ਮਰਨ ਤੋਂ ਬਚਣ ਅਤੇ ਫਿਰ ਬੜੀ ਮੁਸ਼ਕਲ ਨਾਲ ਖੜੀ ਕੀਤੀ ਜ਼ਿੰਦਗੀ ਦੇ ਬਰਬਾਦ ਹੋਣ ਤੋਂ ਬਾਅਦ ਖੂਹ ਵਿੱਚ ਡਿੱਗ ਕੇ ਮਰਨ ਦੀ ਇਹ ਕਥਾ ਅਨੰਤ ਦੁੱਖਾਂ ਦੀ ਕਥਾ ਹੈ, ਜਿਸ ਦੀ ਪੈਦਾਇਸ਼ ਅਣਮਨੁੱਖੀ ਵੰਡ ਦੀ ਆਗੋਸ਼ 'ਚ ਹੋਈ ਸੀ।

ਅਣਗਿਣਤ ਦੁੱਖਾਂ ਵਿੱਚੋਂ ਮਾਤਰ ਇੱਕ ਦੁੱਖ ਦੀ ਕਥਾ ਜੋ ਕਿਸੇ ਨੂੰ ਵੀ ਬੇਚੈਨ ਕਰ ਦੇਵੇ।

ਆਇਸਾ ਦੇ ਖ਼ੂਹ ਵਿੱਚ ਡਿੱਗਣ ਤੋਂ ਕੁਝ ਦੇਰ ਬਾਅਦ ਖ਼ੂਹ ਦਾ ਪਾਣੀ ਸ਼ਾਂਤ ਹੋ ਜਾਂਦਾ ਹੈ।

ਖ਼ੂਹ ਦਾ ਪਾਣੀ ਅੱਜ ਵੀ ਖਾਮੋਸ਼ ਹੈ, ਜਿਵੇਂ ਉਦੋਂ ਖਾਮੋਸ਼ ਰਿਹਾ ਸੀ, ਜਦੋਂ ਇਸ ਵਿੱਚ ਬਹੁਤ ਸਾਰੀਆਂ ਕੁੜੀਆਂ ਨੇ ਛਾਲ ਮਾਰ ਕੇ ਜਾਨ ਦੇ ਦਿੱਤੀ ਸੀ।

ਅਜਿਹੇ ਦੁੱਖ ਦੇਖ ਕੇ ਵੀ ਉਹ ਸ਼ਾਂਤ ਹੈ, ਕਿਉਂਕਿ ਉਹ ਬੋਲ ਕੇ ਨਹੀਂ ਕਹਿ ਸਕਦਾ, ਵਰਨਾ ਜੇਕਰ ਉਸ ਨੂੰ ਪੜ੍ਹਨ ਵਾਲਾ ਕੋਈ ਪੈਮਾਨਾ ਹੋਵੇ ਤਾਂ ਪਤਾ ਲੱਗੇਗਾ ਕਿ ਉਹ ਕਿੰਨਾ ਬੇਚੈਨ ਹੈ, ਪ੍ਰੇਸ਼ਾਨ ਹੈ।

ਆਇਸਾ ਨੂੰ ਦਫਨਾਉਣ ਤੋਂ ਬਾਅਦ ਸਲੀਮ ਘਰ ਪਏ ਉਸ ਪੁਰਾਣੇ ਸੰਦੂਕ ਨੂੰ ਫਰੋਲਦਾ ਹੈ, ਜਿਸ ਵਿੱਚ ਕੁਝ ਪੁਰਾਣੀਆਂ ਤਸਵੀਰਾਂ ਹਨ, ਐਨਕ ਹੈ ਅਤੇ ਸਿੱਖ ਧਰਮ ਦੇ ਧਾਰਮਿਕ ਗੁਟਕੇ ਹਨ, ਜੋ ਆਇਸਾ ਅਥਵਾ ਵੀਰੋ ਨੇ ਹੁਣ ਤੱਕ ਸਾਂਭੇ ਹੋਏ ਸਨ।

ਸੰਦੂਕ 'ਚ ਪਾਈਆਂ ਵਸਤਾਂ ਅਸਲ ਇੱਕ ਇਨਸਾਨ ਦੇ ਧੁਰ ਵਿਚਾਲਿਓਂ ਵੰਡੇ ਜਾਣ ਦੀਆਂ ਪ੍ਰਤੀਕ ਹਨ, ਉਹ ਸ਼ਾਇਦ ਅਪ੍ਰਤੱਖ ਤੌਰ 'ਤੇ ਇਹਨਾਂ ਸਹਾਰੇ ਵਿੱਛੜ ਚੁੱਕੇ ਆਪਣਿਆਂ ਨਾਲ ਜੁੜੀ ਹੋਈ ਸੀ।

ਭਾਵੇਂ ਕਿ ਨਵੀਂ ਜ਼ਿੰਦਗੀ ਦੇ ਮੱਦੇਨਜ਼ਰ ਦੁਨੀਆ ਲਈ ਉਸ ਨੇ ਵੀਰੋ ਨੂੰ ਮਾਰ ਲਿਆ ਸੀ।

ਸਲੀਮ ਸੰਦੂਕ ਨੂੰ ਪਿੰਡ 'ਚ ਨਿਕਲਦੀ ਛੋਟੀ ਜਿਹੀ ਨਦੀ ਵਿੱਚ ਤਾਰ ਦਿੰਦਾ ਹੈ, ਭਾਵੇਂ ਨਿਰਦੇਸ਼ਕ ਉਸ ਦੇ ਅੰਤਰਮਨ ਬਾਰੇ ਕੁਝ ਨਹੀਂ ਦੱਸਦੀ, ਪਰ ਸੰਕੇਤਕ ਰੂਪ ਵਿੱਚ ਇਹ ਸਮਝਿਆ ਜਾ ਸਕਦਾ ਹੈ ਕਿ ਸਲੀਮ ਹੁਣ ਮੁਤਮਇਨ ਹੈ ਕਿ ਉਹ ਆਪਣੇ ਮਜ਼ਹਬ ਵਿੱਚ ਪੱਕਾ ਹੈ, ਉਸ ਦੇ ਸਾਥੀ ਹੁਣ ਉਸ 'ਤੇ ਸਵਾਲ ਨਹੀਂ ਕਰ ਸਕਦੇ।

ਜੇਕਰ ਕੁਝ ਕਚਿਆਈ ਸੀ ਤਾਂ ਉਹ ਨਦੀ ਵਿੱਚ ਵਹਾ ਦਿੱਤੀ ਹੈ।

ਸੰਦੂਕ ਨੂੰ ਨਦੀ ਵਿੱਚ ਵਹਾਏ ਜਾਣ ਦਾ ਦ੍ਰਿਸ਼ ਸਲੀਮ ਦੀ ਮੰਗੇਤਰ ਜੁਬੈਦਾ ਵੀ ਦੇਖਦੀ ਹੈ। ਜੁਬੈਦਾ ਜੋ ਕੱਟੜਤਾ ਦੀ ਹਾਮੀ ਨਹੀਂ, ਜੋ ਇਨਸਾਨੀਅਤ ਦੀ ਹਾਮੀ ਹੈ।

ਸਲੀਮ ਜਾਂਦਾ ਹੋਇਆ ਜੁਬੈਦਾ ਨੂੰ ਆਪਣੀ ਮਾਂ ਦੀ ਉਸ ਦੇ ਬਚਪਨ ਦੀ ਇੱਕ ਨਿਸ਼ਾਨੀ ਦਿੰਦਾ ਹੋਇਆ ਕਹਿ ਦਿੰਦਾ ਹੈ ਕਿ ਇਹ ਫੈਸਲਾ ਉਹ ਕਰ ਲਵੇ ਕਿ ਇਹ ਆਇਸਾ ਦੀ ਸੀ ਜਾਂ ਫਿਰ ਵੀਰੋ ਦੀ।

ਫਿਲਮ ਦੇ ਅੰਤ ਵਿੱਚ ਜੁਬੈਦਾ ਸ਼ਹਿਰ ਵਿੱਚ ਚੱਲ ਰਹੀਆਂ ਤਕਰੀਰਾਂ ਸੁਣ ਰਹੀ ਹੈ, ਜਿਸ ਵਿੱਚ ਕਿਹਾ ਜਾਂਦਾ ਹੈ ਕਿ ਰਾਜਨੀਤੀ ਨੂੰ ਮਜ਼ਹਬ ਤੋਂ ਵੱਖਰਾ ਰੱਖਣਾ ਚਾਹੀਦਾ ਹੈ, ਤਕਰੀਰਾਂ ਦਾ ਜੋਸ਼ ਝੰਜੋੜਨ ਵਾਲਾ ਹੈ, ਪਰ ਜੁਬੈਦਾ ਦੇ ਅੰਤਰ ਮਨ ਵਿੱਚ ਆਇਸਾ ਜੋ ਪਹਿਲਾਂ ਵੀਰੋ ਸੀ, ਦੀ ਕਹਾਣੀ ਚੱਲਦੀ ਰਹਿੰਦੀ ਹੈ। ਉਹ ਹੁਣ ਵੀ ਅਕਸਰ ਉਸ ਦੇ ਸੁਪਨਿਆਂ ਵਿੱਚ ਆਉਂਦੀ ਹੈ, ਅੱਗੇ ਤੁਰ ਜਾਂਦੀ ਹੈ।

ਫਿਲਮ ਖਤਮ ਹੋ ਜਾਂਦੀ ਹੈ, ਪਰ ਉਦੋਂ ਤੱਕ ਆਇਸਾ ਅਰਥਾਤ ਵੀਰੋ ਉਸ ਤਰ੍ਹਾਂ ਤੁਹਾਡੀ ਜ਼ਿਹਨੀਅਤ 'ਚ ਭਾਰੂ ਹੋ ਜਾਂਦੀ ਹੈ, ਜਿਵੇਂ ਫਿਲਮ ਦੇ ਅਖੀਰ 'ਚ ਜੁਬੈਦਾ ਦੀ ਜ਼ਿਹਨੀਅਤ 'ਚ ਭਾਰੂ ਦਰਸਾਈ ਗਈ ਹੈ।

ਅਖੀਰ ਵਿੱਚ ਜੇਕਰ ਤੁਸੀਂ ਇਸ ਕਿਰਦਾਰ ਦੇ ਦੁੱਖ ਨਾਲ ਹੀ ਬੇਚੈਨ ਹੋ ਜਾਂਦੇ ਹੋ ਤਾਂ ਸਮਝ ਸਕਦੇ ਹੋ ਕਿ ਵੰਡ ਦਾ ਦੁੱਖ ਕਿੰਨਾ ਵੱਡਾ ਸੀ।

'ਖਾਮੋਸ਼ ਪਾਣੀ' ਨੂੰ ਅੰਤਰਰਾਸ਼ਟਰੀ ਫਿਲਮ ਉਤਸਵਾਂ ਵਿੱਚ ਕਈ ਪੁਰਸਕਾਰ ਮਿਲੇ ਹਨ। ਇਹ ਹਿੰਦੁਸਤਾਨ ਵਿੱਚ ਵੀ ਰਿਲੀਜ਼ ਹੋਈ ਸੀ। ਮੁੰਬਈ ਦੇ ਕਈ ਸਿਨੇਮਿਆਂ ਵਿੱਚ ਉਥੋਂ ਦੇ ਵੱਡੇ ਲੇਖਕਾਂ, ਨਿਰਦੇਸ਼ਕਾਂ ਨੇ ਇਸ ਫਿਲਮ ਨੂੰ ਦੇਖ ਕੇ ਚੰਗੀ ਫਿਲਮ ਦਾ ਖਿਤਾਬ ਦਿੱਤਾ ਸੀ, ਆਦਰਸ਼ ਸਿਨੇਮਾ ਦੀ ਇੱਕ ਵਧੀਆ ਮਿਸਾਲ ਕਿਹਾ ਗਿਆ ਸੀ।

ਹਿੰਦੁਸਤਾਨ ਅਤੇ ਪਾਕਿਸਤਾਨ ਦੇ ਕਲਾਕਾਰਾਂ ਦੇ ਸਹਿਯੋਗ ਨਾਲ ਬਣੀ ਇਹ ਫਿਲਮ ਬੁੱਧੀਜੀਵੀ ਵਰਗ ਵਿੱਚ ਭਾਵੇਂ ਪਸੰਦ ਕੀਤੀ ਗਈ, ਪਰ ਇਹ ਆਮ ਵਰਗ ਤੱਕ ਨਹੀਂ ਸੀ ਪਹੁੰਚ ਸਕੀ। ਫਿਲਮ ਵਿੱਚ ਪਾਤਰਾਂ ਦੀ ਭਾਸ਼ਾ ਪੰਜਾਬੀ ਹੈ ਤਾਂ ਇਸ ਵਿੱਚ ਗੀਤ-ਸੰਗੀਤ ਵੀ ਪੰਜਾਬੀ ਸੁਣਾਈ ਦਿੰਦਾ ਹੈ। ਕਈ ਵਾਰ ਹਜਰਤ ਬਾਹੂ ਦਾ ਕਲਾਮ ਵੀ ਪਿੱਠ ਵਰਤੀ ਤੌਰ 'ਤੇ ਸੁਣਾਈ ਦਿੰਦਾ ਹੈ।

ਪਤਾ ਨਹੀਂ ਕਿਉਂ, ਫਿਲਮ ਇੰਨੀ ਵੱਡੀ ਵੀ ਨਹੀਂ ਸੀ, ਪਰ ਇਸ ਦਾ ਸੰਪਾਦਨ ਬਹੁਤ ਜ਼ਿਆਦਾ ਚੁਸਤ ਕੀਤਾ ਗਿਆ ਸੀ।

ਘਟਨਾਵਾਂ ਤੁਹਾਡੀ ਉਡੀਕ ਤੋਂ ਪਹਿਲਾਂ ਵਾਪਰ ਜਾਂਦੀਆਂ ਹਨ। ਆਇਸਾ ਦੇ ਖ਼ੂਹ ਦੇ ਵਿੱਚ ਛਾਲ ਮਾਰਨ ਦਾ ਦ੍ਰਿਸ਼ ਪਹਿਲੀ ਵਾਰ ਦੇਖਣ 'ਤੇ ਪ੍ਰਤੀਤ ਹੀ ਨਹੀਂ ਹੁੰਦਾ ਕਿ ਫਿਲਮ ਵਿੱਚ ਇੰਨੀ ਵੱਡੀ ਘਟਨਾ ਵਾਪਰ ਚੁੱਕੀ ਹੈ।

ਖੈਰ ...

ਕਿਰਨ ਖੇਰ ਆਪਣੇ ਜੀਵਨ ਦੀ ਸਭ ਤੋਂ ਵਧੀਆ ਭੂਮਿਕਾ ਵਿੱਚ ਸੀ, ਪਰ ਉਸ ਦੇ ਕਿਰਦਾਰ ਦੀ ਬੋਲੀ ਵਿੱਚ ਚੜ੍ਹਦੇ ਪੰਜਾਬ ਦੀ ਬੋਲੀ ਦੀ ਪੁੱਠ ਹੈ, ਜੇਕਰ ਬੋਲੀ ਉਸੇ ਖਿੱਤੇ ਦੀ ਓਸੇ ਪੰਜਾਬ ਵਾਲੀ ਹੁੰਦੀ ਤਾਂ ਜ਼ਿਆਦਾ ਚੰਗਾ ਹੁੰਦਾ, ਸੁਭਾਵਿਕ ਮਹਿਸੂਸ ਹੁੰਦੀ।

ਖੈਰ..... ਫਿਲਮ ਦੀ ਕਹਾਣੀ ਵਿੱਚ ਬਹੁਤ ਕੁਝ ਫਲੈਸ਼ ਬੈਕ ਵਿੱਚ ਬੀਤਦਾ ਦਿਖਾਇਆ ਗਿਆ ਹੈ, ਉਹ ਸਪੱਸ਼ਟ ਹੈ, ਕਲਾਤਮਿਕ ਚਿਤਰਨ ਹੈ।

ਬਹਰਹਾਲ ਫਿਲਮ ਇੰਨੀ ਸੂਖਮ ਅਤੇ ਸੰਕੇਤਕ ਹੈ ਕਿ ਸ਼ਾਇਦ ਇੱਕ ਵਾਰ ਦੇਖਣ 'ਤੇ ਉਹ ਗੱਲ ਨਾ ਬਣੇ, ਜੋ ਦੂਜੀ ਵਾਰ ਦੇਖਣ 'ਤੇ ਬਣ ਸਕਦੀ ਹੈ। ਬੇਸ਼ੱਕ ਇਹ ਬੁੱਧੀਜੀਵੀ ਵਰਗ ਦੇ ਦੇਖਣ ਵਾਲੀ ਫਿਲਮ ਹੈ, ਜਿਸ ਦਾ ਤਾਲੁਕ ਪਾਕਿਸਤਾਨ ਦੇ ਤਤਕਾਲੀਨ ਹਾਲਾਤ ਵਿੱਚੋਂ ਦੀ ਗੁਜ਼ਰਦਾ ਹੋਇਆ, ਵੰਡ ਤੱਕ ਪਹੁੰਚ ਜਾਂਦਾ ਹੈ, ਅਸਲ 'ਚ ਵੰਡ ਦੇ ਦੁੱਖਾਂ ਤੱਕ ਪਹੁੰਚ ਜਾਂਦਾ ਹੈ।

ਬਹਰਹਾਲ ਦੋਵਾਂ ਚੀਜ਼ਾਂ 'ਤੇ ਖੁਸ਼ ਅਤੇ ਹੈਰਾਨ ਹਾਂ ਇੱਕ ਤਾਂ ਇਹ ਕਿ ਪੰਜਾਬੀ ਭਾਸ਼ਾ ਵਿੱਚ ਅੰਤਰਰਾਸ਼ਟਰੀ ਦਰਜੇ ਦੀ ਅਜਿਹੀ ਫਿਲਮ ਬਣੀ ਹੈ, ਦੂਜੀ ਇਹ ਕਿ ਪਾਕਿਸਤਾਨ ਵਿੱਚ ਅਜਿਹੀ ਮਹਿਲਾ ਨਿਰਦੇਸ਼ਕ ਵੀ ਹੈ, ਜੋ ਅਜਿਹੀਆਂ ਸੱਚਾਈਆਂ ਨੂੰ ਪਰਦੇ 'ਤੇ ਉਤਾਰ ਲੈਂਦੀ ਹੈ, ਜਿਨ੍ਹਾਂ ਨੂੰ ਉੱਥੋਂ ਦੇ ਜੀਵਨ 'ਚ ਰਹਿੰਦਿਆਂ ਪਰਦੇ 'ਤੇ ਉਤਾਰਨਾ ਆਸਾਨ ਕੰਮ ਨਹੀਂ।

ਫਿਲਮ ਵਿੱਚ ਸਲੀਮ ਦਾ ਕਿਰਦਾਰ ਆਮਦ ਅਲੀ ਨੇ ਨਿਭਾਇਆ ਸੀ। ਇੱਕ ਅਜਿਹਾ ਨੌਜਵਾਨ ਜੋ ਰਾਜਨੀਤਕ ਲੋਕਾਂ ਦੇ ਬਹਿਕਾਵੇ ਵਿੱਚ ਆ ਜਾਂਦਾ ਹੈ, ਜਿਸ ਦੀ ਮਨੋ-ਬਿਰਤੀ ਖੰਡਿਤ ਹੈ, ਜੋ ਸ਼ੁਰੂਆਤ ਵਿੱਚ ਭੋਲਾ-ਭਾਲਾ ਤੇ ਮਾਸੂਮ ਹੁੰਦਾ ਹੈ, ਬਾਅਦ ਵਿੱਚ ਇਕ ਕੱਟੜ ਇਨਸਾਨ ਵਜੋਂ ਸਾਹਮਣੇ ਆਉਂਦਾ ਹੈ। ਆਮਿਰ ਅਲੀ ਨੇ ਇਹ ਭੂਮਿਕਾ ਬੜੀ ਸ਼ਿੱਦਤ ਨਾਲ ਨਿਭਾਈ ਸੀ, ਇੱਥੋਂ ਤੱਕ ਕਿ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨਿਰਦੇਸ਼ਕ "ਰੰਗ ਦੇ ਬਸੰਤੀ" ਵਿੱਚ ਫਰਹਾਨ ਅਖਤਰ ਦੀ ਭੂਮਿਕਾ ਲਈ ਉਹਨਾਂ ਤੱਕ ਪਹੁੰਚ ਕੀਤੀ ਗਈ ਸੀ, ਪਰ ਬਦਕਿਸਮਤੀ ਨਾਲ ਇਹ ਜ਼ਹੀਨ ਅਭਿਨੇਤਾ ਸਮੇਂ ਤੋਂ ਬਹੁਤ ਪਹਿਲਾਂ ਦੁਨੀਆ ਤੋਂ ਰੁਖਸਤ ਹੋ ਗਿਆ।

ਫਿਲਮ ਦਾ ਨਾਂਅ 'ਖਾਮੋਸ਼ ਪਾਣੀ' ਹੈ, ਪਰ ਅਸਲ ਵਿੱਚ ਇਹ ਖ਼ੂਹ ਦੇ ਪਾਣੀ ਦੇ ਖਾਮੋਸ਼ ਰਹਿਣ ਦੇ ਦੁੱਖ ਦੀ ਕਥਾ ਵੀ ਹੈ, ਜੋ ਖਾਮੋਸ਼ ਹੈ ...... ਪਰ ਉਸ ਨੇ ਮਨੁੱਖਤਾ ਮਰਦੀ ਦੇਖੀ ਹੈ, ਉਸ 'ਚ ਦਮਾ ਕੇ ਜਿੰਦਾਂ ਖਾਮੋਸ਼ ਹੋਈਆਂ ਨੇ, ਉਹ ਚੀਖਣਾ ਚਾਹੁੰਦਾ ਹੈ, ਕੁਰਲਾਉਣਾ ਚਾਹੁੰਦਾ ਹੈ।

